@Qpatrika
@qaumipatrika punjabi
instagram.com/ qaumipatrika
Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ
Qaumi Patrika NO.1

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Thursday, 23 October 2025

VISIT:
www.qaumipatrika.org
Email: qpatrika@gmail.com

Punjabi National Daily

ਨਵੀਂ ਦਿੱਲੀ: ਵੀਰਵਾਰ 23 ਅਕਤੂਬਰ 2025, 8 ਕੱਤਕ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 43, ਅੰਕ 343, qpatrika@gmail.com ਫੋਨ : 9971359517 www.qaumipatrika.org




## ਬੈਲਜੀਅਮ 'ਚ ਮੁਕੱਦਮਾ ਹਾਰਿਆ ਮੇਹੁਲ ਚੋਕਸੀ, ਭਾਰਤ ਵਾਪਸੀ ਦਾ ਰਾਹ ਹੋਇਆ ਪੱਧਰਾ

ਨਵੀਂ ਦਿੱਲੀ 22 ਅਕਤੂਬਰ। ਬੈਲਜੀਅਮ ਵਿਚ ਐਂਟਵਰਪ ਦੀ ਇਕ ਅਦਾਲਤ ਨੇ ਭਗੌੜੇ ਕਾਰੋਬਾਰੀ ਮੇਹੁਲ ਚੋਕਸੀ ਦੀ ਅਪੀਲ ਰੱਦ ਕਰ ਦਿੱਤੀ ਹੈ ਅਤੇ ਉਸਨੂੰ ਭਾਰਤ ਭੇਜਣ ਦੇ ਫੈਸਲੇ ਨੂੰ ਬਰਕਰਾਰ ਰੱਖਿਆ ਹੈ। ਹੀਰਿਆਂ ਦਾ ਕਾਰੋਬਾਰੀ ਚੋਕਸੀ 13,000 ਕਰੋੜ ਦੇ ਪੰਜਾਬ ਨੈਸ਼ਨਲ ਬੈਂਕ (ਪੀ. ਐੱਨ. ਬੀ.) ਧੋਖਾਦੇਹੀ ਮਾਮਲੇ ਵਿਚ ਇਕ ਮੁੱਖ ਮੁਲਜ਼ਮ ਹੈ। ਅਦਾਲਤ ਨੂੰ ਮਾਮਲੇ ਦੀ ਸਮੀਖਿਆ ਕਰਨ ਤੋਂ ਬਾਅਦ ਪਤਾ ਲੱਗਾ ਕਿ ਉਸਦੀ ਹਵਾਲਗੀ ਲਈ ਸਾਰੀਆਂ ਕਾਨੂੰਨੀ ਸ਼ਰਤਾਂ ਪੂਰੀਆਂ ਹੁੰਦੀਆਂ ਹਨ। ਅਦਾਲਤ ਨੇ 2018 ਅਤੇ 2021 ਦੇ ਭਾਰਤੀ ਗ੍ਰਿਫਤਾਰੀ ਵਾਰੰਟਾਂ ਨੂੰ ਲਾਗੂ ਕਰਨ ਯੋਗ ਦੱਸਿਆ। ਚੋਕਸੀ ਨੇ



ਅਦਾਲਤ ਨੂੰ ਆਪਣੀ ਦਲੀਲ ਵਿਚ ਕਿਹਾ ਸੀ ਕਿ ਭਾਰਤ ਵਿਚ ਉਸਦੀ ਜਾਨ ਅਤੇ ਆਜ਼ਾਦੀ ਨੂੰ ਖ਼ਤਰਾ ਹੋਵੇਗਾ। ਉਸਨੇ ਇਹ ਵੀ ਦਾਅਵਾ ਕੀਤਾ ਕਿ ਉਹ ਸਿਆਸੀ ਤਸ਼ੱਦਦ ਦਾ ਸ਼ਿਕਾਰ ਹੈ ਅਤੇ ਉਸਨੂੰ ਨਿਰਪੱਖ ਸੁਣਵਾਈ ਨਹੀਂ ਮਿਲੇਗੀ। ਇਹੀ ਨਹੀਂ ਉਸਨੇ ਆਪਣੀ ਖਰਾਬ ਸਿਹਤ ਦਾ ਵੀ ਹਵਾਲਾ ਦਿੱਤਾ ਪਰ ਅਦਾਲਤ ਨੇ ਚੋਕਸੀ ਦੀਆਂ ਦਲੀਲਾਂ ਨੂੰ ਅਣਉੱਚਿਤ ਦੱਸਿਆ ਅਤੇ ਕਿਹਾ ਕਿ ਉਹ ਭਾਰਤ ਵਿਚ ਕਿਸੇ ਵੀ ਤਰ੍ਹਾਂ ਦੇ ਅਣਮਨੁੱਖੀ ਵਿਹਾਰ ਦੇ ਖਦਸ਼ੇ ਜਾਂ ਇਨਸਾਫ ਨਾ ਮਿਲਣ ਦੇ 'ਅਸਲ ਜੋਖਮ' ਨੂੰ ਸਾਬਤ ਨਹੀਂ ਕਰ ਸਕਿਆ ਹੈ।

# ਪ੍ਰਦੂਸ਼ਣ ਨੂੰ ਲੈ ਕੇ ਦਿੱਲੀ ਸਰਕਾਰ ਗੰਭੀਰ: ਰੇਖਾ ਗੁਪਤਾ

ਕੌਮੀ ਪਤ੍ਰਿਕਾ
**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ 22 ਅਕਤੂਬਰ। ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਨੇ ਮੰਗਲਵਾਰ ਨੂੰ ਕਿਹਾ ਕਿ ਦਿੱਲੀ ਦੇ ਲੋਕਾਂ ਨੇ ਇਸ ਵਾਰ ਰੌਸ਼ਨੀ, ਸ਼ਾਨ ਅਤੇ ਏਕਤਾ ਦਾ ਤਿਉਹਾਰ ਦੀਵਾਲੀ ਦਿਲੋਂ ਅਤੇ ਬਿਨਾਂ ਕਿਸੇ ਤਣਾਅ ਤੋਂ ਮਨਾਇਆ। ਉਨ੍ਹਾਂ ਕਿਹਾ ਕਿ ਸਾਲਾਂ ਬਾਅਦ ਦੀਵਾਲੀ 'ਤੇ ਇਸ ਵਾਰ ਦਿੱਲੀ ਦੀ ਚਮਕ, ਰੌਣਕ ਅਤੇ ਜਗਮਗਾਹਟ ਵੱਖਰੀ ਹੀ ਦਿਖਾਈ ਦਿੱਤੀ। ਉਨ੍ਹਾਂ ਦੀ ਸਰਕਾਰ ਪ੍ਰਦੂਸ਼ਣ ਪ੍ਰਤੀ ਚਿੰਤਤ ਹੈ ਅਤੇ ਇਸ ਨੂੰ ਰੋਕਣ ਲਈ ਪ੍ਰਭਾਵਸ਼ਾਲੀ ਉਪਾਅ ਕਰ ਰਹੀ ਹੈ। ਉਨ੍ਹਾਂ ਨੇ ਦਿੱਲੀ ਦੇ ਲੋਕਾਂ ਦੀ ਵੀ ਪ੍ਰਸ਼ੰਸਾ ਕੀਤੀ, ਜਿਹਨਾਂ ਨੇ ਇਸ ਤਿਉਹਾਰ 'ਤੇ ਪ੍ਰਦੂਸ਼ਣ ਨਾਲੋਂ ਖ਼ੁਸ਼ੀ ਨੂੰ ਤਰਜੀਹ ਦਿੱਤੀ। ਮੁੱਖ ਮੰਤਰੀ ਦੇ ਅਨੁਸਾਰ ਸਾਲਾਂ ਬਾਅਦ ਦਿੱਲੀ ਵਾਸੀਆਂ ਨੂੰ ਅਜਿਹੀ ਦੀਵਾਲੀ ਮਨਾਉਂਦੇ ਦੇਖ ਕੇ ਉਨ੍ਹਾਂ ਨੂੰ ਸੰਤੁਸ਼ਟੀ ਅਤੇ ਖ਼ੁਸ਼ੀ ਦੀ ਭਾਵਨਾ ਮਹਿਸੂਸ ਹੋਈ। ਦੀਵਾਲੀ ਤੋਂ ਪਹਿਲਾਂ ਅਤੇ ਦੀਵਾਲੀ ਤੱਕ ਪੂਰੀ ਦਿੱਲੀ ਦਾ ਵਾਤਾਵਰਣ ਵੱਖਰੇ ਹੀ ਰੰਗ ਵਿਚ ਦਿਖਾਈ ਦਿੱਤਾ। ਬਾਜ਼ਾਰਾਂ ਵਿਚ ਬਹੁਤ ਰੌਣਕ ਰਹੀ। ਖਰੀਦਦਾਰੀ ਲਈ ਲੋਕ ਬਾਜ਼ਾਰਾਂ ਵਿਚ ਗਏ ਅਤੇ ਲੋਕਾਂ ਨੇ ਆਪਣੇ ਘਰਾਂ ਨੂੰ ਰੌਸ਼ਨ ਅਤੇ ਚਮਕਾਉਣ ਲਈ ਸਖ਼ਤ ਮਿਹਨਤ ਕੀਤੀ।



ਦਿੱਲੀ ਦੇ ਲੋਕਾਂ ਨੂੰ ਪਹਿਲਾਂ ਹੀ ਅਹਿਸਾਸ ਹੋ ਗਿਆ ਸੀ ਕਿ ਇਸ ਵਾਰ ਦਿੱਲੀ ਵਿੱਚ ਇੱਕ ਅਜਿਹੀ ਸਰਕਾਰ ਹੈ, ਜੋ ਸਦੀਵੀ ਪਰੰਪਰਾ ਅਤੇ ਸਮਕਾਲੀ ਜ਼ਰੂਰਤਾਂ ਅਤੇ ਭਾਵਨਾਵਾਂ ਪ੍ਰਤੀ ਵਚਨਬੱਧ ਹੈ। ਲੋਕਾਂ ਨੇ ਦਿੱਲੀ ਸਰਕਾਰ ਵਿੱਚ ਵਿਸ਼ਵਾਸ ਪ੍ਰਗਟ ਕੀਤਾ ਅਤੇ ਪੂਰੇ ਦਿਲ ਨਾਲ ਦੀਵਾਲੀ ਮਨਾਉਣ ਲਈ ਇਕੱਠੇ ਹੋਏ। ਕਈ ਸਾਲਾਂ ਬਾਅਦ ਅਜਿਹਾ ਹੋਇਆ ਹੈ ਕਿ ਦੀਵਾਲੀ ਤੋਂ ਪਹਿਲਾਂ ਦਿੱਲੀ ਦਾ ਪ੍ਰਦੂਸ਼ਣ ਕੰਟਰੋਲ ਵਿੱਚ ਰਿਹਾ। ਇਸ ਦਾ ਕਾਰਨ ਇਹ ਸੀ ਕਿ ਇਸ ਨੂੰ ਕੰਟਰੋਲ ਕਰਨ ਲਈ ਸਾਡੀ ਸਰਕਾਰ ਪ੍ਰਭਾਵਸ਼ਾਲੀ ਉਪਾਅ ਕਰ ਰਹੀ ਸੀ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਦੀਵਾਲੀ 'ਤੇ ਹਰੇ ਪਟਾਕਿਆਂ ਦੀ ਵਰਤੋਂ ਦੀ ਇਜਾਜ਼ਤ ਦੇਣਾ ਚਾਹੁੰਦੀ ਹੈ, ਇਸ ਲਈ ਉਨ੍ਹਾਂ ਸੁਪਰੀਮ ਕੋਰਟ ਨੂੰ ਬੇਨਤੀ ਕੀਤੀ। ਸੁਪਰੀਮ ਕੋਰਟ ਨੇ ਦੇਸ਼ ਦੀਆਂ ਸੱਭਿਆਚਾਰਕ ਸੰਵੇਦਨਾਵਾਂ ਅਤੇ ਜਨਤਕ ਭਾਵਨਾਵਾਂ ਨੂੰ ਸਮਝਦੇ ਹੋਏ ਹਰੇ ਪਟਾਕਿਆਂ ਦੀ ਸੀਮਤ ਵਰਤੋਂ ਲਈ ਸਹਿਮਤੀ ਪ੍ਰਗਟਾਈ। ਦਿੱਲੀ ਵਾਸੀ ਇਸ ਤਿਉਹਾਰ ਨੂੰ ਲੈ ਕੇ ਲਗਭਗ ਸੱਤ ਸਾਲਾਂ ਤੋਂ ਭੰਬਲਭੂਸੇ ਵਿੱਚ ਹਨ। ਪਹਿਲਾਂ ਸੁਪਰੀਮ ਕੋਰਟ ਨੇ ਵਧਦੇ ਪ੍ਰਦੂਸ਼ਣ ਦੇ ਜਵਾਬ ਵਿੱਚ ਪਟਾਕਿਆਂ 'ਤੇ ਸੀਮਤ ਪਾਬੰਦੀ ਲਗਾਈ। ਪਿਛਲੀ ਦਿੱਲੀ ਸਰਕਾਰ ਪ੍ਰਦੂਸ਼ਣ ਨੂੰ ਰੋਕਣ ਲਈ ਕੋਈ ਪ੍ਰਭਾਵਸ਼ਾਲੀ ਉਪਾਅ ਕਰਨ ਵਿੱਚ ਅਸਫਲ ਰਹੀ ਅਤੇ ਦੀਵਾਲੀ 'ਤੇ ਪਟਾਕਿਆਂ 'ਤੇ ਪੂਰੀ ਤਰ੍ਹਾਂ ਪਾਬੰਦੀ ਲਗਾ ਦਿੱਤੀ। ਇਸ ਦੇ ਸਕਾਰਾਤਮਕ ਨਤੀਜੇ ਨਹੀਂ ਨਿਕਲੇ, ਕਿਉਂਕਿ ਗੈਰ-ਕਾਨੂੰਨੀ ਤੌਰ 'ਤੇ ਦਰਾਮਦ ਕੀਤੇ ਪਟਾਕੇ ਦਿੱਲੀ ਵਿੱਚ ਫਟਦੇ ਸਨ, ਜਿਸ ਨਾਲ ਦਿੱਲੀ ਦਾ ਪ੍ਰਦੂਸ਼ਣ ਬਹੁਤ ਜ਼ਿਆਦਾ ਵਿਗੜ ਗਿਆ। ਇਸ ਸਾਲ, ਦੀਵਾਲੀ ਦਾ ਤਿਉਹਾਰ ਦਿੱਲੀ ਵਾਸੀਆਂ ਲਈ ਬਹੁਤ ਖੁਸ਼ੀ ਲੈ ਕੇ ਆਇਆ। ਉਨ੍ਹਾਂ ਨੇ ਦੀਵੇ ਜਗਾਏ, ਰੰਗੋਲੀ ਬਣਾਈ, ਮਠਿਆਈਆਂ ਵੰਡੀਆਂ ਅਤੇ ਹਰੇ ਪਟਾਕਿਆਂ ਦੀ ਵਰਤੋਂ ਨਾਲ ਧਰਤੀ ਅਤੇ ਅਸਮਾਨ ਦੋਵਾਂ ਨੂੰ ਰੌਸ਼ਨ ਕੀਤਾ। ਪ੍ਰਦੂਸ਼ਣ ਨੂੰ ਰੋਕਣ ਅਤੇ ਵਾਤਾਵਰਣ ਨੂੰ ਬਿਹਤਰ ਬਣਾਉਣ ਲਈ ਇਲੈਕਟ੍ਰਿਕ ਵਾਹਨਾਂ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ।

## ਪੰਜਾਬ ਦੇ ਹੜ੍ਹ ਪੀੜਤ ਕਿਸਾਨਾਂ ਲਈ ਮੁੱਖ ਮੰਤਰੀ ਯੋਗੀ ਦਾ ਵੱਡਾ ਕਦਮ

ਨੈਸ਼ਨਲ ਡੈਸਕ 22 ਅਕਤੂਬਰ। ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਮੰਗਲਵਾਰ ਆਪਣੀ ਸਰਕਾਰੀ ਰਿਹਾਇਸ਼ ਤੋਂ ਪੰਜਾਬ ਦੇ ਹੜ੍ਹ ਪੀੜਤ ਕਿਸਾਨਾਂ ਦੀ ਮਦਦ ਲਈ ਕਣਕ ਦੇ ਬੀਜਾਂ ਨਾਲ ਭਰੇ ਟਰੱਕਾਂ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਮੁੱਖ ਮੰਤਰੀ ਨੇ ਕਿਹਾ ਕਿ ਦੀਵਾਲੀ ਦਾ ਤਿਉਹਾਰ ਤਾਂ ਹੀ ਸਾਰਥਕ ਹੁੰਦਾ ਹੈ ਜੇ ਅਸੀਂ ਪੀੜਤਾਂ ਦੀ ਮਦਦ ਲਈ ਅੱਗੇ ਆਈਏ। ਉੱਤਰ ਪ੍ਰਦੇਸ਼ ਸਰਕਾਰ ਇਸ ਮੁਸ਼ਕਲ ਸਮੇਂ ਦੌਰਾਨ ਪੰਜਾਬ ਦੇ ਕਿਸਾਨਾਂ ਨਾਲ ਖੜ੍ਹੀ ਹੈ। ਇਸ ਸਾਲ ਪੰਜਾਬ 'ਚ ਪਏ ਭਾਰੀ ਮੀਂਹ ਨੇ ਜੀਵਨ ਤੇ ਖੇਤੀਬਾੜੀ ਦੋਵਾਂ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਭਿਆਨਕ ਹੜ੍ਹਾਂ ਕਾਰਨ ਕਿਸਾਨਾਂ ਦੇ ਬੀਜ ਭੰਡਾਰ ਵੀ ਤਬਾਹ ਹੋ ਗਏ, ਜਿਸ ਨਾਲ ਭਵਿੱਖ ਦੀਆਂ ਫਸਲਾਂ ਲਈ ਖ਼ਤਰਾ ਪੈਦਾ ਹੋ ਗਿਆ ਹੈ। ਇਸ ਨੂੰ ਧਿਆਨ 'ਚ ਰੱਖਦਿਆਂ ਉੱਤਰ ਪ੍ਰਦੇਸ਼ ਸਰਕਾਰ ਨੇ ਖੇਤੀਬਾੜੀ ਵਿਭਾਗ ਤੇ ਬੀਜ ਵਿਕਾਸ ਨਿਗਮ ਰਾਹੀਂ 2,500 ਥੈਲੇ ਕਣਕ ਦੇ ਬੀਜ ਭੇਜੇ ਹਨ, ਜੋ ਕਿ ਲਗਭਗ 1,000 ਕੁਇੰਟਲ ਬਣਦਾ ਹੈ।

## ਭਾਰਤ ਨੇ ਕਾਬੁਲ ਤਕਨੀਕੀ ਮਿਸ਼ਨ ਨੂੰ ਦਿੱਤਾ ਦੂਤਘਰ ਦਾ ਦਰਜਾ

ਨਵੀਂ ਦਿੱਲੀ 22 ਅਕਤੂਬਰ। ਭਾਰਤ ਨੇ ਮੰਗਲਵਾਰ ਨੂੰ ਅਫਗਾਨਿਸਤਾਨ ਨਾਲ ਆਪਣੇ ਦੁਵੱਲੇ ਸਬੰਧਾਂ ਨੂੰ ਡੂੰਘਾ ਕਰਨ ਦੇ ਵਿਆਪਕ ਯਤਨਾਂ ਦੇ ਤਹਿਤ ਕਾਬੁਲ ਵਿਚ ਆਪਣੇ ਤਕਨੀਕੀ ਮਿਸ਼ਨ ਨੂੰ ਦੂਤਘਰ ਦਾ ਦਰਜਾ ਦੇਣ ਦਾ ਐਲਾਨ ਕੀਤਾ। ਇਹ ਐਲਾਨ ਅਜਿਹੇ ਸਮੇਂ ਕੀਤਾ ਗਿਆ ਹੈ, ਜਦੋਂ ਡੇਢ ਹਫਤੇ ਪਹਿਲਾਂ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਅਫਗਾਨਿਸਤਾਨ ਦੇ ਵਿਦੇਸ਼ ਮੰਤਰੀ ਆਮਿਰ ਖਾਨ ਮੁਤੱਕੀ ਨਾਲ ਮੀਟਿੰਗ ਦੌਰਾਨ ਕਿਹਾ ਸੀ ਕਿ ਭਾਰਤ ਕਾਬੁਲ ਵਿਚ ਆਪਣੀ ਕੂਟਨੀਤਕ ਮੌਜੂਦਗੀ ਨੂੰ ਅਪਗ੍ਰੇਡ ਕਰੇਗਾ।

# ਮੁਅੱਤਲ ਡੀ. ਆਈ. ਜੀ. ਭੁੱਲਰ ਮਾਮਲੇ 'ਚ ਅਕਾਲੀ ਦਲ ਨੇ ਘੇਰੀ ਪੰਜਾਬ ਸਰਕਾਰ: ਸੁਖਬੀਰ ਬਾਦਲ

ਕੌਮੀ ਪਤ੍ਰਿਕਾ
**ਨਵਦੀਪ ਸਿੰਘ ਸਾਹਨੀ**

ਚੰਡੀਗੜ੍ਹ 22 ਅਕਤੂਬਰ। ਰਿਸ਼ਵਤ ਮਾਮਲੇ 'ਚ ਸੀ. ਬੀ. ਆਈ. ਵਲੋਂ ਗ੍ਰਿਫ਼ਤਾਰ ਕੀਤੇ ਗਏ ਮੁਅੱਤਲ ਡੀ. ਆਈ. ਜੀ. ਹਰਚਰਨ ਸਿੰਘ ਭੁੱਲਰ ਦੇ ਮਾਮਲੇ 'ਚ ਅਕਾਲੀ ਦਲ ਵਲੋਂ ਪੰਜਾਬ ਸਰਕਾਰ 'ਤੇ ਨਿਸ਼ਾਨਾ ਵਿੰਨ੍ਹ?ਆ ਗਿਆ ਹੈ। ਇਸ ਬਾਰੇ ਟਵੀਟ ਕਰਦਿਆਂ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਲਿਖਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਦਾ ਇਹ ਟਵੀਟ ਪੰਜਾਬ ਦੇ ਲੋਕਾਂ ਨੂੰ ਗੁੰਮਰਾਹ ਕਰਨ ਅਤੇ ਉਸ ਆਲੋਚਨਾ ਨੂੰ ਦੂਰ ਕਰਨ ਲਈ ਇਕ ਬੇਸ਼ਰਮੀ ਵਾਲੀ ਕੋਸ਼ਿਸ਼ ਹੈ, ਜਿਸ ਦਾ ਸਾਹਮਣਾ ਉਹ ਅਤੇ ਉਨ੍ਹਾਂ ਦੇ ਮੰਤਰੀ ਅਤੇ ਵਿਧਾਇਕ ਆਪਣੀ ਸਰਕਾਰ ਦੇ ਭ੍ਰਿਸ਼ਟਾਚਾਰ 'ਤੇ ਚੁੱਪ ਰਹਿਣ ਅਤੇ ਸ਼ਮੂਲੀਅਤ ਹੋਣ ਕਰਕੇ ਕਰ ਰਹੇ ਹਨ। ਸੁਖਬੀਰ ਬਾਦਲ ਨੇ ਲਿਖਿਆ ਕਿ ਮਾਨ ਸਾਬਹ , ਡੀ. ਆਈ. ਜੀ. ਭੁੱਲਰ ਦੀ ਮੁਅੱਤਲੀ All India Services (Discipline and Appeals) Rules ਦੇ ਨਿਯਮ 3(2) ਦੇ ਅਧੀਨ ਹੋਈ ਹੈ, ਇਹ ਨਿਯਮ "48 ਘੰਟਿਆਂ ਤੋਂ ਵੱਧ ਸਮੇਂ ਲਈ ਸਰਕਾਰੀ ਹਿਰਾਸਤ ਵਿੱਚ ਨਜ਼ਰਬੰਦ ਕੀਤੇ ਗਏ ਕਿਸੇ ਵੀ ਅਧਿਕਾਰੀ"ਨੂੰ ਮੁਅੱਤਲ ਕਰਨ ਦਾ ਹੁਕਮ ਦਿੰਦਾ ਹੈ। ਅਜਿਹੇ ਮਾਮਲਿਆਂ ਵਿੱਚ ਨਾ ਤਾਂ ਤੁਹਾਡੀ ਅਤੇ ਨਾ ਹੀ ਤੁਹਾਡੀ ਸਰਕਾਰ ਦੀ ਕੋਈ ਭੂਮਿਕਾ ਹੈ, ਨਾ ਇਸ ਤੋਂ ਇਲਾਵਾ ਤੁਹਾਡੇ ਕੋਲ ਕੋਈ



ਬਦਲ ਸੀ। ਡੀ. ਆਈ. ਜੀ. ਭੁੱਲਰ ਦਾ ਮੁਅੱਤਲੀ ਹੁਕਮ ਇਸ ਤੱਥ ਨੂੰ ਸਪੱਸ਼ਟ ਤੌਰ 'ਤੇ ਦੱਸਦਾ ਹੈ (ਮੁਅੱਤਲੀ ਦੇ ਆਦੇਸ਼ ਨੀਚੇ ਵੇਖੋ)। ਤੁਹਾਡਾ "ਨਕਲੀ ਇਮਾਨਦਾਰੀ"ਦਾ ਮਖੌਟਾ ਉਤਰ ਗਿਆ ਹੈ, ਕਿਉਂਕਿ ਤੁਹਾਡੇ ਗ੍ਰਹਿ ਵਿਭਾਗ ਵਿੱਚ ਭ੍ਰਿਸ਼ਟਾਚਾਰ ਤੁਹਾਡੇ ਨੱਕ ਹੇਠ ਹੋ ਰਿਹਾ ਸੀ। ਅਸੀਂ ਮੰਗ ਕਰਦੇ ਹਾਂ ਕਿ ਸੀ. ਬੀ. ਆਈ. ਪੂਰੀ ਜਾਂਚ ਕਰੇ ਅਤੇ ਇਹ ਦੱਸੇ ਕਿ ਇਹ ਪੈਸਾ ਅਸਲ ਵਿੱਚ ਕਿਸ ਲਈ ਇਕੱਠਾ ਕੀਤਾ ਗਿਆ ਸੀ ਅਤੇ ਇਹ ਕਿਸਨੂੰ ਦੇਣਾ ਸੀ। ਮੈਂ ਉਹੀ ਦੁਹਰਾਉਂਦਾ ਹਾਂ ਜੋ ਹਰ ਪੰਜਾਬੀ ਕਹਿ ਰਿਹਾ ਹੈ ਕਿ ਜੇਕਰ ਪੂਰੀ ਜਾਂਚ ਕੀਤੀ ਜਾਂਦੀ ਹੈ, ਤਾਂ ਰਸਤਾ ਤੁਹਾਡੇ ਕੱਟੜ ਈਮਾਨਦਾਰ ਬੌਸ ਤੱਕ ਪਹੁੰਚੇਗਾ। ਦੱਸਣਯੋਗ ਹੈ ਕਿ ਮੁੱਖ ਮੰਤਰੀ ਮਾਨ ਨੇ ਟਵੀਟ ਕੀਤਾ ਸੀ ਕਿ ਰਿਸ਼ਵਤਖੋਰੀ ਮਾਮਲੇ 'ਚ ਡੀ. ਆਈ. ਜੀ. ਰੋਪੜ ਹਰਚਰਨ ਸਿੰਘ ਭੁੱਲਰ ਨੂੰ ਮੇਰੇ ਵਲੋਂ ਪੁਲਸ ਮਹਿਕਮੇ ਤੋਂ ਸਸਪੈਂਡ ਕਰਨ ਦੇ ਹੁਕਮ ਜਾਰੀ ਕਰ ਦਿੱਤੇ ਗਏ ਹਨ। ਭ੍ਰਿਸ਼ਟਾਚਾਰ ਦੇ ਮਾਮਲੇ 'ਚ ਨਾਮਜ਼ਦ ਕੋਈ ਵੀ ਵਿਅਕਤੀ ਭਾਵੇਂ ਕਿਸੇ ਵੀ ਅਹੁਦੇ 'ਤੇ ਹੋਵੇ, ਉਸ ਦਾ ਬਿਲਕੁਲ ਸਾਥ ਨਹੀਂ ਦਿੱਤਾ ਜਾਵੇਗਾ।

## ਪੁਰਾਤਨ ਭਾਰਤੀਆਂ ਨੇ ਸੱਭਿਆਚਾਰ ਦਾ ਪ੍ਰਚਾਰ ਕੀਤਾ, ਕਿਸੇ ਤੇ ਕਦੇ ਹਮਲਾ ਨਹੀਂ ਕੀਤਾ : ਭਾਗਵਤ

ਮੁੰਬਈ 22 ਅਕਤੂਬਰ। ਰਾਸ਼ਟਰੀ ਸਵੈਮ ਸੇਵਕ ਸੰਘ (ਆਰ. ਐੱਸ. ਐੱਸ.) ਦੇ ਮੁਖੀ ਮੋਹਨ ਭਾਗਵਤ ਨੇ ਕਿਹਾ ਹੈ ਕਿ ਪੁਰਾਤਨ ਸਮੇਂ 'ਚ ਭਾਰਤੀਆਂ ਨੇ ਸੱਭਿਆਚਾਰ ਤੇ ਵਿਗਿਆਨ ਨੂੰ ਫੈਲਾਉਣ ਲਈ



ਦੁਨੀਆ ਦੀ ਯਾਤਰਾ ਕੀਤੀ ਪਰ ਉਨ੍ਹਾਂ ਕਦੇ ਵੀ ਕਿਸੇ 'ਤੇ ਹਮਲਾ ਨਹੀਂ ਕੀਤਾ ਜਾਂ ਧਰਮ ਤਬਦੀਲੀ 'ਚ ਸ਼ਾਮਲ ਨਹੀਂ ਹੋਏ। ਐਤਵਾਰ ਇੱਥੇ 'ਆਰੀਆ ਯੁਗ ਵਿਸ਼ਾ ਕੋਸ਼' ਦੇ ਉਦਘਾਟਨ ਦੇ ਮੌਕੇ ਭਾਗਵਤ ਨੇ ਕਿਹਾ ਕਿ ਬਹੁਤ ਸਾਰੇ ਹਮਲਾਵਰਾਂ ਨੇ ਭਾਰਤ ਨੂੰ ਲੁੱਟਿਆ ਤੇ ਗੁਲਾਮ ਬਣਾਇਆ। ਆਖਰੀ ਹਮਲਾਵਰ ਨੇ ਭਾਰਤੀਆਂ ਦੇ ਦਿਮਾਗ ਨੂੰ ਲੁੱਟਿਆ। ਸਾਡੇ ਪੁਰਖਿਆਂ ਨੇ ਮੈਕਸੀਕੋ ਤੋਂ ਸਾਇਬੇਰੀਆ ਤਕ ਦੀ ਯਾਤਰਾ ਕੀਤੀ ਤੇ ਦੁਨੀਆ ਨੂੰ ਵਿਗਿਆਨ ਤੇ ਸੱਭਿਆਚਾਰ ਸਿਖਾਇਆ। ਭਾਗਵਤ ਨੇ ਕਿਹਾ ਕਿ ਉਨ੍ਹਾਂ ਨਾ ਤਾਂ ਕਿਸੇ ਦਾ ਧਰਮ ਤਬਦੀਲ ਕੀਤਾ ਤੇ ਨਾ ਹੀ ਕਿਸੇ 'ਤੇ ਹਮਲਾ ਕੀਤਾ। ਅਸੀਂ ਸਦਭਾਵਨਾ ਤੇ ਏਕਤਾ ਦਾ ਸੰਦੇਸ਼ ਲੈ ਕੇ ਗਏ। ਬਹੁਤ ਸਾਰੇ ਹਮਲਾਵਰ ਆਏ। ਉਨ੍ਹਾਂ ਸਾਨੂੰ ਲੁੱਟਿਆ ਤੇ ਗੁਲਾਮ ਬਣਾਇਆ। ਅਸੀਂ ਆਪਣੀ ਤਾਕਤ ਭੁੱਲ ਗਏ ਤੇ ਇਹ ਵੀ ਭੁੱਲ ਗਏ ਕਿ ਅਸੀਂ ਦੁਨੀਆ ਨਾਲ ਕੀ ਸਾਂਝਾ ਕਰ ਸਕਦੇ ਹਾਂ? ਉਨ੍ਹਾਂ ਕਿਹਾ ਕਿ ਅਧਿਆਤਮਿਕ ਗਿਆਨ ਅਜੇ ਵੀ ਵਧ ਰਿਹਾ ਹੈ। ਆਰਿਆਵਰਤ ਦੇ ਵੰਸ਼ 'ਚੋਂ ਹੋਣ ਦੇ ਨਾਤੇ ਸਾਡੇ ਕੋਲ ਵਿਗਿਆਨ ਤੇ ਹਥਿਆਰ, ਸ਼ਕਤੀ, ਤਾਕਤ, ਭਰੋਸਾ ਤੇ ਗਿਆਨ ਹੈ।

## ਇੰਡੀਗੋ ਜਹਾਜ਼ ਦਾ ਹਵਾ 'ਚ ਹੋ ਗਿਆ ਈਂਧਨ ਲੀਕ, ਹਜ਼ਾਰਾਂ ਫੁੱਟ ਉਚਾਈ 'ਤੇ ਯਾਤਰੀਆਂ ਦੇ ਸੁੱਕੇ ਸਾਹ

ਨੈਸ਼ਨਲ ਡੈਸਕ 22 ਅਕਤੂਬਰ। ਕੋਲਕਾਤਾ ਤੋਂ ਸ਼੍ਰੀਨਗਰ ਜਾ ਰਹੀ ਇੰਡੀਗੋ ਫਲਾਈਟ 65-6961 ਨੂੰ ਬੁੱਧਵਾਰ ਸ਼ਾਮ (22 ਅਕਤੂਬਰ, 2025) ਨੂੰ ਤਕਨੀਕੀ ਖਰਾਬੀ ਕਾਰਨ ਵਾਰਾਣਸੀ ਹਵਾਈ ਅੱਡੇ 'ਤੇ ਐਮਰਜੈਂਸੀ ਲੈਂਡਿੰਗ ਕਰਨੀ ਪਈ। ਜਹਾਜ਼ ਵਿੱਚ ਈਂਧਨ ਲੀਕ ਹੋਣ ਕਾਰਨ ਚਾਲਕ ਦਲ ਨੇ ਨੇੜਲੇ ਵਾਰਾਣਸੀ ਹਵਾਈ ਅੱਡੇ ਨੂੰ ਸੂਚਿਤ ਕੀਤਾ ਅਤੇ ਉਤਰਨ ਦੀ ਇਜਾਜ਼ਤ ਮੰਗੀ। ਇੰਡੀਗੋ ਉਡਾਣ ਵਿੱਚ ਕੁੱਲ 166 ਯਾਤਰੀ



ਅਤੇ ਚਾਲਕ ਦਲ ਦੇ ਮੈਂਬਰ ਸਵਾਰ ਸਨ। ਇੰਡੀਗੋ ਉਡਾਣ ਵਿੱਚ ਸਵਾਰ ਸਾਰੇ ਯਾਤਰੀਆਂ ਨੂੰ ਸੁਰੱਖਿਅਤ ਬਾਹਰ ਕੱਢ ਲਿਆ ਗਿਆ ਅਤੇ ਅਰਾਈਵਲ ਏਰੀਆ ਵਿੱਚ ਬਿਠਾ ਦਿੱਤਾ ਗਿਆ। ਹਵਾਈ ਅੱਡਾ ਅਧਿਕਾਰੀ ਘਟਨਾ ਦੀ ਜਾਂਚ ਕਰ ਰਹੇ ਹਨ। ਵਾਰਾਣਸੀ ਪੁਲਸ ਨੇ ਕਿਹਾ, ਹਵਾਈ ਅੱਡੇ ਦੇ ਅਧਿਕਾਰੀ ਘਟਨਾ ਦੀ ਜਾਂਚ ਕਰ ਰਹੇ ਹਨ। ਸਥਿਤੀ ਕਾਬੂ ਹੇਠ ਹੈ, ਅਤੇ ਆਮ ਕੰਮਕਾਜ ਮੁੜ ਸ਼ੁਰੂ ਹੋ ਗਿਆ ਹੈ। ਏਅਰਲਾਈਨ ਨੇ ਕਿਹਾ ਕਿ ਯਾਤਰੀਆਂ ਨੂੰ ਇੱਕ ਹੋਰ ਉਡਾਣ ਰਾਹੀਂ ਸ਼੍ਰੀਨਗਰ ਭੇਜਣ ਦੇ ਪ੍ਰਬੰਧ ਕੀਤੇ ਜਾ ਰਹੇ ਹਨ। ਉਡਾਣ ਦੌਰਾਨ ਜਹਾਜ਼ ਵਿੱਚ ਈਂਧਨ ਲੀਕ ਹੋਣ ਦਾ ਪਤਾ ਲੱਗਾ। ਏਅਰ ਟ?ਰੈਫਿਕ ਕੰਟਰੋਲ (ਏਟੀਸੀ) ਵਾਰਾਣਸੀ ਨਾਲ ਸੰਪਰਕ ਕਰਨ ਤੋਂ ਬਾਅਦ, ਪਾਇਲਟ ਨੇ ਸ਼ਾਮ 4:10 ਵਜੇ ਜਹਾਜ਼ ਨੂੰ ਰਨਵੇਅ 'ਤੇ ਸੁਰੱਖਿਅਤ ਉਤਾਰਿਆ।

## ਐੱਸ-400 ਡਿਫੈਂਸ ਸਿਸਟਮ ਲਈ ਮਿਜ਼ਾਈਲਾਂ ਖਰੀਦੇਗਾ ਭਾਰਤ, 10000 ਕਰੋੜ ਦੀ ਵੱਡੀ ਡੀਲ ਤੈਅ

ਨਵੀਂ ਦਿੱਲੀ 22 ਅਕਤੂਬਰ। ਭਾਰਤ ਜਲਦੀ ਹੀ ਰੂਸ ਤੋਂ ਐੱਸ-400 ਏਅਰ ਡਿਫੈਂਸ ਸਿਸਟਮ ਲਈ ਵੱਡੀ ਗਿਣਤੀ ਵਿਚ ਮਿਜ਼ਾਈਲਾਂ ਖਰੀਦਣ ਦੀ ਤਿਆਰੀ ਕਰ ਰਿਹਾ ਹੈ। ਇਹ ਸੌਦਾ ਕਥਿਤ ਤੌਰ 'ਤੇ ਲੱਗਭਗ 10000 ਕਰੋੜ ਰੁਪਏ ਦਾ ਦੱਸਿਆ ਜਾ ਰਿਹਾ ਹੈ। ਭਾਰਤੀ ਹਵਾਈ ਫੌਜ ਦਾ ਐੱਸ-400 ਸਿਸਟਮ ਪਹਿਲਾਂ ਹੀ ਪਾਕਿਸਤਾਨ ਦੇ ਵਿਰੁੱਧ ਆਪਣੇ ਆਪ ਨੂੰ ਸਾਬਤ ਕਰ ਚੁੱਕਾ ਹੈ। 4 ਦਿਨਾਂ ਤੱਕ ਚੱਲੇ ਸੰਘਰਸ਼ ਦੌਰਾਨ ਇਸ ਸਿਸਟਮ ਨੇ ਪਾਕਿਸਤਾਨ ਦੇ 5 ਤੋਂ 6 ਲੜਾਕੂ ਜਹਾਜ਼ ਅਤੇ ਇਕ ਜਾਸੂਸੀ ਜਹਾਜ਼ ਨੂੰ 300 ਕਿਲੋਮੀਟਰ ਦੀ ਦੂਰੀ ਤੋਂ ਡੇਗ ਦਿੱਤਾ ਸੀ। ਹਵਾਈ ਫੌਜ ਨੇ ਇਸਨੂੰ ਇਕ ਗੇਮ-ਚੇਂਜਰ ਦੱਸਿਆ ਸੀ। ਸੂਤਰਾਂ ਮੁਤਾਬਕ, ਹਵਾਈ ਫੌਜ ਆਪਣੀਆਂ ਹਵਾਈ ਰੱਖਿਆ ਸਮਰੱਥਾਵਾਂ ਨੂੰ ਹੋਰ ਮਜ਼ਬੂਤ ??ਕਰਨ ਲਈ ਇਨ੍ਹਾਂ ਮਿਜ਼ਾਈਲਾਂ ਨੂੰ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਭਾਰਤ ਅਤੇ ਰੂਸ ਇਸ ਸਮੇਂ ਇਸ ਸੌਦੇ ਨੂੰ ਲੈ ਕੇ ਗੱਲਬਾਤ ਕਰ ਰਹੇ ਹਨ। ਭਾਰਤ ਹੁਣ ਆਪਣੀ ਹਵਾਈ ਫੌਜ ਵਿਚ ਹੋਰ ਜ਼ਿਆਦਾ ਐੱਸ-400 ਸਕੁਐਡਰਨ ਜੋੜਨ ਦੀ ਯੋਜਨਾ ਬਣਾ ਰਿਹਾ ਹੈ। ਰੂਸ ਤੋਂ ਪਹਿਲਾਂ ਹੀ ਤਿੰਨ ਸਕੁਐਡਰਨ ਪ੍ਰਾਪਤ ਹੋ ਚੁੱਕੇ ਹਨ, ਜੋ ਕਾਰਜਸ਼ੀਲ ਹਨ। ਭਾਰਤ ਨੇ ਰੂਸ ਨੂੰ ਅਪੀਲ ਕੀਤੀ ਹੈ ਕਿ ਉਹ ਬਾਕੀ 2 ਸਕੁਐਡਰਨ ਜਲਦੀ ਹੀ ਸਪਲਾਈ ਕਰੇ। ਭਾਰਤ ਰੂਸ ਤੋਂ ਨਵੀਂ ਏਅਰ-ਟੂ-ਏਅਰ ਮਿਜ਼ਾਈਲਾਂ ਖਰੀਦਣ ਦੇ ਬਦਲ 'ਤੇ ਵੀ ਵਿਚਾਰ ਕਰ ਰਿਹਾ ਹੈ ਤਾਂ ਜੋ ਉਸਦੀ ਬੀ. ਵੀ. ਆਰ. (ਬਿਓਂਡ ਵਿਜ਼ੂਅਲ ਰੇਂਜ) ਸਮਰੱਥਾ ਹੋਰ ਵਧ ਸਕੇ। ਭਾਰਤ ਅਤੇ ਰੂਸ ਵਿਚਾਲੇ ਐੱਸ-500 ਏਅਰ ਡਿਫੈਂਸ ਸਿਸਟਮ 'ਤੇ ਵੀ ਗੱਲਬਾਤ ਚਲ ਰਹੀ ਹੈ। ਬ੍ਰਹਮੋਸ ਸੁਪਰਸੋਨਿਕ ਕਰੂਜ਼ ਮਿਜ਼ਾਈਲ ਦੀਆਂ ਸਮਰੱਥਾਵਾਂ ਨੂੰ ਵਧਾਉਣ 'ਤੇ ਵੀ ਚਰਚਾ ਹੋਈ ਹੈ। ਦੋਵਾਂ ਦੇਸ਼ਾਂ ਵਿਚਕਾਰ ਫੌਜੀ ਸਬੰਧ ਮਜ਼ਬੂਤ ??ਹਨ ਅਤੇ ਭਾਰਤੀ ਹਵਾਈ ਫੌਜ ਦੀ ਹਮਲਾ ਸਮਰੱਥਾ ਦਾ ਇਕ ਮਹੱਤਵਪੂਰਨ ਹਿੱਸਾ ਰੂਸੀ ਤਕਨਾਲੋਜੀ 'ਤੇ ਅਧਾਰਤ ਹੈ।

# ਕੀ ਰਾਹੁਲ ਦਾ ਸਿਆਸੀ ਹਾਈਡਰੋਜਨ ਬੰਬ ਫਟੇਗਾ ?

ਕੌਮੀ ਪਤ੍ਰਿਕਾ
**ਤੇਜਿੰਦਰ ਕੌਰ ਬੱਬਰ**

ਨਵੀਂ ਦਿੱਲੀ 22 ਅਕਤੂਬਰ। ਬਿਹਾਰ 'ਚ ਮੋਦੀ-ਰਾਹੁਲ ਮੁਕਾਬਲਾ ਹੋ ਸਕਦਾ ਹੈ ਪਰ ਰਾਹੁਲ ਗਾਂਧੀ ਨੇ 'ਸਿਆਸੀ ਹਾਈਡਰੋਜਨ ਬੰਬ' ਦੇ ਫਟਣ ਦਾ ਜੋ ਦਾਅਵਾ ਕੀਤਾ ਸੀ, ਉਹ ਕਿਤੇ ਵਿਖਾਈ ਨਹੀਂ ਦੇ ਰਿਹਾ। ਰਾਹੁਲ ਨੇ ਕਿਹਾ ਸੀ ਕਿ ਉਸ ਦੇ ਫਟਣ ਨਾਲ ਖੇਡ ਖਤਮ ਹੋ ਜਾਏਗੀ। ਕਾਂਗਰਸ ਨੇਤਾ ਦਾ ਤਬਾਹਕੁੰਨ ਬੰਬ ਇਕ ਮਹੀਨੇ ਤੋਂ ਵੱਧ ਸਮੇਂ ਤੋਂ ਚੁੱਪ ਹੈ ਜਾਂ ਸ਼ਾਇਦ ਚੁੱਪ-ਚਾਪ ਭੁਲਾ ਦਿੱਤਾ ਗਿਆ ਹੈ। ਪਹਿਲਾਂ ਕਰਨਾਟਕ ਦੇ ਮਹਾਦੇਵਪੁਰਾ ਹਲਕੇ 'ਚ ਕਥਿਤ ਵੋਟਰ ਧੋਖਾਦੇਹੀ 'ਤੇ ਰਾਹੁਲ ਦਾ 22 ਪੰਨਿਆਂ ਦਾ ਪਾਵਰ ਪੁਆਇੰਟ ਵਾਲਾ ਐਟਮ ਬੰਬ ਡਰਾਮਾ ਸੀ। ਬਹੁਤਾ ਧਮਾਕਾ ਨਹੀਂ ਹੋਇਆ ਸੀ। ਉਨ੍ਹਾਂ ਦਾਅਵਾ ਕੀਤਾ ਸੀ ਕਿ 100,000 ਤੋਂ ਵੱਧ ਵੋਟਾਂ ਚੋਰੀ ਕੀਤੀਆਂ ਗਈਆਂ, ਇਸ ਦੇ 5 ਤਰੀਕੇ ਗਿਣਾਏ। ਫਿਰ... ਕੁਝ ਵੀ ਨਹੀਂ ਹੋਇਆ। ਕੋਈ ਵਿਰੋਧ ਪ੍ਰਦਰਸ਼ਨ ਨਹੀਂ, ਕੋਈ ਅਦਾਲਤੀ ਕੇਸ ਨਹੀਂ, ਕੋਈ ਫਾਲੋ-ਅੱਪ ਕਾਰਵਾਈ ਨਹੀਂ। ਕਰਨਾਟਕ 'ਚ ਸੱਤਾ 'ਚ ਹੋਣ ਦੇ ਬਾਵਜੂਦ ਕਾਂਗਰਸ ਗੁੱਸੇ ਤੇ ਸਬੂਤ ਦੋਵਾਂ ਨੂੰ ਗੁੰਮ ਕਰਨ 'ਚ ਕਾਮਯਾਬ ਰਹੀ ਹੈ। ਹੁਣ ਭੇਦ ਰਾਹੁਲ ਦੇ ਸਿਆਸੀ ਹਾਈਡ?ਰੋਜਨ ਬੰਬ ਦੇ ਕੀਤੇ ਹੋਏ ਦਾਅਵੇ 'ਤੇ ਕੇਂਦਰਿਤ ਹੈ ਜਿਸ ਬਾਰੇ ਮੰਨਿਆ ਜਾਂਦਾ ਹੈ ਕਿ ਹੋ ਉਹ ਹੋਰ ਵੀ ਤਬਾਹਕੁੰਨ ਹੈ। ਚਰਚਾ ਹੈ ਕਿ ਰਾਹੁਲ ਦਾ ਅਗਲਾ 'ਪਰਦਾਫਾਸ਼' ਵਾਰਾਣਸੀ 'ਤੇ ਕੇਂਦ੍ਰਿਤ ਹੋ ਸਕਦਾ ਹੈ, ਜਿੱਥੇ ਕਾਂਗਰਸ ਦੇ ਅਜੇ ਰਾਏ ਜ਼ੋਰ ਦੇ ਕੇ ਕਹਿੰਦੇ ਹਨ ਕਿ ਉਹ ਜਿੱਤ ਰਹੇ ਸਨ ਪਰ 'ਵੋਟਾਂ ਦੀ ਚੋਰੀ' ਨੇ ਪ੍ਰਧਾਨ ਮੰਤਰੀ ਮੋਦੀ ਦੇ ਹੱਕ 'ਚ ਸਕ੍ਰਿਪਟ ਪਲਟ ਦਿੱਤੀ। ਕੁਝ ਕਹਿੰਦੇ ਹਨ ਕਿ ਰਾਹੁਲ ਬਿਹਾਰ ਚੋਣਾਂ ਲਈ ਆਪਣਾ ਜ਼ੋਰ ਬਚਾਅ ਕੇ ਰੱਖ ਰਹੇ ਹਨ, ਜਿੱਥੇ ਉਹ ਤੇ ਤੇਜਸਵੀ ਯਾਦਵ ਵੋਟਰ ਸੂਚੀ ਸੋਧ 'ਤੇ ਲਗਾਤਾਰ ਰੌਲਾ ਪਾ ਰਹੇ ਹਨ ਪਰ ਸੁਪਰੀਮ ਕੋਰਟ ਵੱਲੋਂ ਕੁਝ ਦਿਨ ਪਹਿਲਾਂ ਸਬੂਤਾਂ ਦੀ ਘਾਟ ਕਾਰਨ 'ਵੋਟ



ਚੋਰੀ' ਦਾ ਦੋਸ਼ ਲਾਉਣ ਵਾਲੀਆਂ ਪਟੀਸ਼ਨਾਂ ਨੂੰ ਰੱਦ ਕਰਨ ਤੋਂ ਬਾਅਦ ਇਹ ਪਲੇਟਫਾਰਮ ਲਾਂਚਪੈਡ ਘੱਟ ਤੇ ਕ੍ਰੈਸ਼ ਸਾਈਟ ਵੱਧ ਜਾਪਦਾ ਹੈ। ਕਾਂਗਰਸ ਦੇ ਅੰਦਰੂਨੀ ਸੂਤਰ ਵੀ ਚੌਕਸ ਹਨ । ਉਨ੍ਹਾਂ ਧੂੰਦ 'ਚ ਬਹੁਤ ਸਾਰੇ ਪਟਾਕੇ ਬੁਝਦੇ ਦੇਖੇ ਹਨ। ਇਹ ਕਾਂਗਰਸ ਦਾ ਪੁਰਾਣਾ ਸਰਾਪ ਹੈ : ਲੰਬੇ ਦਾਅਵੇ, ਸੁਸਤ ਕਾਰਵਾਈ। ਪਾਰਟੀ ਪ੍ਰੈਸ 'ਚ ਜੰਗ ਦਾ ਐਲਾਨ ਕਰਦੀ ਹੈ, ਪਰ ਜ਼ਮੀਨ 'ਤੇ ਸ਼ਾਇਦ ਹੀ ਕਦੇ ਲੜਦੀ ਹੈ। ਕੀ ਰਾਹੁਲ ਦਾ ਸਿਆਸੀ ਹਾਈਡ?ਰੋਜਨ ਬੰਬ ਆਖਰ ਫਟੇਗਾ ਜਾਂ ਕੀ ਇਹ ਕਾਂਗਰਸ ਦੇ ਬੇਕਾਰ ਧਮਾਕਿਆਂ ਦੀ ਲੰਬੀ ਸੂਚੀ 'ਚ ਸ਼ਾਮਲ ਹੋ ਜਾਵੇਗਾ? ਹੁਣ 'ਇੰਡੀਆ' ਹੱਥ 'ਚ ਪੌਪਕਾਰਨ ਫੜ ਕੇ ਇਹ ਵੇਖ ਰਿਹਾ ਹੈ ਕਿ ਇਹ ਬੰਬ ਫਟੇਗਾ ਜਾਂ ਫਿਰ ਠੁੱਸ ਹੋ ਜਾਏਗਾ?

# ਜ਼ੁਲਮ ਦੀ ਹੱਦ ! ਰੋਟੀ ਮੰਗਣ 'ਤੇ ਹੈਵਾਨ ਬਣੀ ਨੂੰਹ, ਤਸਵੀਰਾਂ 'ਚ ਦੇਖੋ ਕੀ ਕਰ ਦਿੱਤਾ 95 ਸਾਲਾ ਸੱਸ ਦਾ ਹਾਲ

ਫਿਲੌਰ 22 ਅਕਤੂਬਰ। ਕਲਯੁਗੀ ਨੂੰਹ ਦੀ ਬੇਹੱਦ ਸ਼ਰਮਨਾਕ ਕਰਤੂਤ, ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਰਹੀ ਹੈ, ਜਿਸ ਵਿਚ ਖਾਣਾ ਮੰਗਣ 'ਤੇ 95 ਸਾਲਾ ਬਜ਼ੁਰਗ ਸੱਸ ਨੂੰ ਉਸ ਦੀ ਨੂੰਹ ਜ਼ਮੀਨ 'ਤੇ ਸੁੱਟ ਕੇ ਉਸ ਦੇ ਉੱਪਰ ਬੈਠ ਕੇ ਬੁਰੀ ਤਰ੍ਹਾਂ ਕੁੱਟ ਰਹੀ ਹੈ। ਬੀਤੇ ਦਿਨ ਜਦੋਂ ਉਸ ਨੇ ਆਪਣੀ ਸੱਸ ਦੀ ਕੁੱਟਮਾਰ ਕੀਤੀ ਤਾਂ ਉਸ ਦੀ ਹਾਲਤ ਇੰਨੀ ਜ਼ਿਆਦਾ ਖਰਾਬ ਹੋ ਗਈ ਕਿ ਉਸ ਨੂੰ ਇਲਾਜ ਲਈ ਉਸ ਦੇ ਬੇਟੇ ਨੇ ਸਥਾਨਕ ਸਿਵਲ ਹਸਪਤਾਲ 'ਚ ਦਾਖਲ ਕਰਵਾਇਆ। ਆਪਣੀ ਸ਼ਰਮਨਾਕ ਕਰਤੂਤ ਦੇ ਵਾਇਰਲ ਹੋਣ ਤੋਂ ਬਾਅਦ ਮੁਲਜ਼ਮ ਨੂੰਹ ਜੋ 2 ਬੱਚਿਆਂ ਦੀ ਮਾਂ ਹੈ, ਘਰੋਂ ਫਰਾਰ ਦੱਸੀ ਦਾ ਰਹੀ ਹੈ। ਸੂਚਨਾ ਮੁਤਾਬਕ ਸ਼ਹਿਰ ਦੇ ਵਾਰਡ ਨੰ. 8 ਸਬਜ਼ੀ ਮੁਹੱਲਾ ਦੇ ਸੈਂਦਾ ਮੁਹੱਲੇ ਦੀ ਰਹਿਣ ਵਾਲੀ ਬਜ਼ੁਰਗ ਔਰਤ ਸ਼ੀਲਾ ਦੇਵੀ (95) ਜੋ ਆਪਣੀ ਹੀ ਨੂੰਹ ਵੱਲੋਂ ਬੁਰੀ ਤਰ੍ਹਾਂ ਕੁੱਟਮਾਰ ਕਰਨ ਕਰ ਕੇ ਜ਼ਖਮੀ ਹਾਲਤ 'ਚ ਸਥਾਨਕ ਹਸਪਤਾਲ 'ਚ ਜ਼ੇਰੇ ਇਲਾਜ ਪਈ ਹੈ, ਨੇ ਦੱਸਿਆ ਕਿ ਉਸ ਦੇ ਪਤੀ ਦਾ ਦਿਹਾਂਤ ਹੋ ਚੁੱਕਾ ਹੈ। ਉਸ ਦੀ ਇਕ ਬੇਟੀ ਅਤੇ ਇਕ ਬੇਟਾ ਮਨਜੀਤ ਕੁਮਾਰ ਹੈ। ਦੋਵੇਂ ਵਿਆਹੇ ਹੋਏ ਹਨ। ਉਹ ਆਪਣੇ ਬੇਟੇ ਨਾਲ ਹੀ ਉਹ ਘਰ 'ਚ ਰਹਿ ਰਹੀ ਹੈ। ਉਸ ਨੇ ਦੱਸਿਆ ਕਿ ਉਸ ਦੀ ਨੂੰਹ ਨਾ ਤਾਂ ਉਸ ਦਾ ਕਹਿਣਾ ਮੰਨਦੀ ਹੈ ਤੇ ਨਾ ਹੀ ਆਪਣੇ ਪਤੀ ਦਾ। ਉਸ ਨੇ ਰੋਂਦੇ ਹੋਏ ਦੱਸਿਆ ਕਿ ਜਿਉਂ ਹੀ ਉਸ ਦਾ ਬੇਟਾ ਰੋਜਾਨਾ ਸਵੇਰੇ ਘਰੋਂ ਕੰਮ 'ਤੇ ਚਲਾ ਜਾਂਦਾ ਹੈ ਤਾਂ ਉਸ ਦੀ ਨੂੰਹ ਦਾ ਉਸ 'ਤੇ ਜ਼ੁਲਮ ਸ਼ੁਰੂ ਹੋ ਜਾਂਦਾ ਹੈ। ਉਹ ਉਸ ਨੂੰ ਧੋਤੇ ਹੋਏ ਕੱਪੜੇ ਵੀ ਨਹੀਂ ਦਿੰਦੀ ਹੈ। ਇਸ ਉਮਰ 'ਚ ਵੀ ਉਹ ਆਪਣੇ ਕੱਪੜੇ ਖੁਦ ਹੀ ਧੋਂਦੀ ਹੈ, ਉਸ ਨੂੰ ਪੂਰਾ ਦਿਨ ਖਾਣਾ ਨਹੀਂ ਦਿੱਤਾ ਜਾਂਦਾ ਹੈ। ਸਿਰਫ ਇਕ ਵੇਲੇ ਰਾਤ ਨੂੰ ਖਾਣਾ ਦਿੰਦੀ ਹੈ, ਜਦੋਂ ਉਸ ਦਾ ਬੇਟਾ ਘਰ ਆਉਣ ਵਾਲਾ ਹੁੰਦਾ ਹੈ। ਜੇਕਰ ਦਿਨ ਸਮੇਂ ਉਹ ਭੁੱਖ ਲੱਗਣ 'ਤੇ ਖਾਣਾ ਮੰਗਦੀ ਹੈ ਤਾਂ ਬਦਲੇ 'ਚ ਉਹ ਉਸ ਦੇ ਮੂੰਹ 'ਤੇ 2-3 ਥੱਪੜ ਮਾਰ ਦਿੰਦੀ ਹੈ। ਉਸ ਦੀ ਨੂੰਹ ਦੇ ਜ਼ੁਲਮ ਦਿਨ-ਬ-ਦਿਨ ਵਧਦੇ ਜਾ ਰਹੇ ਹਨ ਅਤੇ ਉਹ ਉਸ ਨੂੰ ਪਹਿਲਾਂ ਪਟਕ ਕੇ ਜ਼ਮੀਨ 'ਤੇ ਸੁੱਟਦੀ ਹੈ, ਉਸ ਤੋਂ ਬਾਅਦ ਉੱਪਰ ਬੈਠ ਕੇ ਬੁਰੀ ਤਰ੍ਹਾਂ ਕੁੱਟਮਾਰ ਕਰਦੀ ਹੈ। ਸੂਰਜ ਢਲਦੇ ਹੀ ਉਸ ਦੇ ਬੇਟੇ ਦੇ ਆਉਣ ਤੋਂ ਪਹਿਲਾਂ ਜਾਨਵਰਾਂ ਵਾਂਗ ਉਸ ਦੇ ਅੱਗੇ ਖਾਣਾ ਸੁੱਟ ਕੇ ਚਲੀ ਜਾਂਦੀ ਹੈ। ਬਜ਼ੁਰਗ ਔਰਤ 'ਤੇ ਰੋਜਾਨਾ ਉਸ ਦੀ ਨੂੰਹ ਵੱਲੋਂ ਕੀਤੇ ਜਾਣ ਵਾਲੇ ਜ਼ੁਲਮ 'ਤੇ ਕਿਸੇ ਹੋਰ ਤੀਜੇ ਦੀ ਵੀ ਨਜ਼ਰ ਸੀ। ਬੀਤੇ ਦਿਨ ਜਦੋਂ ਬਜ਼ੁਰਗ ਔਰਤ ਨੇ ਘਰ ਦੇ ਬਰਾਂਡੇ 'ਚ ਬੈਠ ਕੇ ਆਪਣੀ ਨੂੰਹ ਨੂੰ ਆਵਾਜ਼ਾਂ ਮਾਰ ਕੇ ਖਾਣਾ ਮੰਗਿਆ ਤਾਂ ਉਹ ਕਮਰੇ 'ਚੋਂ ਭੜਕੀ ਹੋਈ ਬਾਹਰ ਆਈ। ਪਹਿਲਾਂ ਉਸ ਨੇ ਪੀੜਤ ਨੂੰ ਜ਼ਮੀਨ 'ਤੇ ਪਟਕਿਆ। ਉਸ ਤੋਂ ਬਾਅਦ ਉਸ ਦੇ ਉੱਪਰ ਬੈਠ ਕੇ ਬੁਰੀ ਤਰ੍ਹਾਂ ਕੁੱਟਮਾਰ ਕਰਨ ਲੱਗ ਪਈ। ਇਸ ਵਾਰ ਉਸ ਦੇ ਜ਼ੁਲਮ ਦੀ ਪੂਰੀ ਵੀਡੀਓ ਕਿਸੇ ਤੀਜੇ ਨੇ ਬਣਾ ਕੇ ਸੋਸ਼ਲ ਮੀਡੀਆ 'ਤੇ ਵਾਇਰਲ ਕਰ ਦਿੱਤੀ। ਆਪਣਾ ਪਰਦਾਫਾਸ਼ ਹੁੰਦਾ ਦੇਖ ਕੇ ਕਲਯੁਗੀ ਬਹੂ ਘਰੋਂ ਫਰਾਰ ਦੱਸੀ ਜਾਂਦੀ ਹੈ। ਬੇਟੇ ਨੇ ਘਰ ਪੁੱਜ ਕੇ ਆਪਣੀ ਮਾਤਾ ਨੂੰ ਇਲਾਜ ਲਈ ਸਥਾਨਕ ਸਿਵਲ ਹਸਪਤਾਲ 'ਚ ਦਾਖਲ ਕਰਵਾਇਆ। ਬਜ਼ੁਰਗ ਮਾਤਾ ਨੇ ਕਿਹਾ ਕਿ ਨੂੰਹ ਉਸ ਨੂੰ ਮਾਰ ਕੇ ਉਸ ਤੋਂ ਛੁਟਕਾਰਾ ਪਾਉਣਾ ਚਾਹੁੰਦੀ ਹੈ। ਉਹ ਤਾਂ ਖੁਦ ਰੱਬ ਅੱਗੇ ਫਰਿਆਦ ਕਰਦੀ ਹੈ ਕਿ ਜੇਕਰ ਉਸ ਨੂੰ ਜਿਉਂਦਾ ਰੱਖਣਾ ਹੈ ਤਾਂ ਉਸ ਨੂੰ ਨਿਆਂ ਦਿਵਾ ਦੇਵੇ ਜਾਂ ਫਿਰ ਉਸ ਦੀ ਜਾਨ ਕੱਢ ਲਵੇ। ਉਸ ਨੇ ਪ੍ਰਸ਼ਾਸਨ ਤੋਂ ਵੀ ਮੰਗ ਕੀਤੀ ਹੈ ਕਿ ਉਸ ਦੀ ਨੂੰਹ ਖਿਲਾਫ ਸਖਤ ਕਾਰਵਾਈ ਕੀਤੀ ਜਾਵੇ।



## ਲੋਕ ਸਭਾ ਚੋਣਾਂ ਦੇ ਮੱਦੇਨਜਰ ਨਾਕਿਆਂ 'ਤੇ ਤਾਇਨਾਤ ਪੁਲਸ ਮੁਲਾਜਮਾਂ ਲਈ ਅਹਿਮ ਹੁਕਮ ਜਾਰੀ

ਚੰਡੀਗੜ੍ਹ, 22 ਅਕਤੂਬਰ। ਗਰਮੀ ਦੇ ਮੌਸਮ 'ਚ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਸ਼ਹਿਰ ਦੇ ਐਂਟਰੀ ਪੁਆਇੰਟਾਂ 'ਤੇ ਤਾਇਨਾਤ ਪੁਲਸ ਮੁਲਾਜ਼ਮਾਂ ਨੂੰ ਹੁਣ ਜੂਸ, ਲੱਸੀ, ਪਾਣੀ ਤੇ ਹੋਰ ਤਰਲ ਪਦਾਰਥ ਦਿਨ ਵਿਚ ਤਿੰਨ ਵਾਰ ਮੁਹੱਈਆ ਕਰਵਾਏ ਜਾਣਗੇ। ਐੱਸ. ਐੱਸ. ਪੀ. ਕੰਵਰਦੀਪ ਕੌਰ ਨੇ ਗਰਮੀ ਦੇ ਮੱਦੇਨਜ਼ਰ ਆਪਣੇ ਪੁਲਸ ਮੁਲਾਜ਼ਮਾਂ ਲਈ ਇਹ ਹੁਕਮ ਜਾਰੀ ਕੀਤੇ ਹਨ। ਪੁਲਸ ਵਿਭਾਗ ਵੱਲੋਂ ਸ਼ਹਿਰ ਦੇ ਸਾਰੇ ਐਂਟਰੀ ਪੁਆਇੰਟਾਂ 'ਤੇ ਚੈਕਿੰਗ ਲਈ 38 ਨਾਕੇ ਲਾਏ ਗਏ ਹਨ। ਪੁਲਸ ਤੇ ਰਿਜ਼ਰਵ ਫੋਰਸ ਦੇ ਜਵਾਨ ਇਨ੍ਹਾਂ ਨਾਕਿਆਂ 'ਤੇ ਦਿਨ-ਰਾਤ ਤਾਇਨਾਤ ਰਹਿੰਦੇ ਹਨ। ਪੁਲਸ ਮੁਲਾਜ਼ਮ ਨਾਕੇ ਨੂੰ ਛੱਡ ਕੇ ਹੋਰ ਕਿਤੇ ਨਹੀਂ ਜਾ ਸਕਦੇ। ਇਸੇ ਲਈ ਐੱਸ. ਐੱਸ. ਪੀ ਨੇ ਪੁਲਸ ਮੁਲਾਜ਼ਮਾ ਨੂੰ ਗਰਮੀ 'ਚ ਲੱਸੀ, ਜੂਸ ਅਤੇ ਪਾਣੀ ਦੇ ਇੰਤਜ਼ਾਮ ਕਰਨ ਦੀ ਜ਼ਿੰਮੇਵਾਰੀ ਲਈ ਆਈ. ਟੀ. ਪਾਰਕ, ਮਨੀਮਾਜਰਾ, ਸਾਰੰਗਪੁਰ, ਮਲੋਆ, ਮੌਲੀਜਾਗਰਾਂ, ਸੈਕਟਰ 31, ਸੈਕਟਰ 36, ਸੈਕਟਰ 39 ਤੇ ਸੈਕਟਰ 49 ਦੇ ਥਾਣਾ ਇੰਚਾਰਜਾਂ ਨੂੰ ਹੁਕਮ ਜਾਰੀ ਕੀਤੇ ਹਨ। ਇਸ ਦੇ ਨਾਲ ਹੀ ਐੱਸ. ਐੱਸ. ਪੀ. ਨੇ ਲੱਸੀ, ਜੂਸ ਤੇ ਪਾਣੀ ਦੇ ਬਿੱਲ ਹਰ ਰੋਜ਼ ਚੋਣ ਸੈੱਲ 'ਚ ਜਮ੍ਹਾਂ ਕਰਵਾਉਣ ਦੇ ਹੁਕਮ ਜਾਰੀ ਕੀਤੇ ਹਨ।

## ਦੀਨਾਨਗਰ ਪੁਲਸ ਵੱਲੋਂ ਸੂਗਰ ਮਿੱਲ ਪਨਿਆੜ ਨਾਕੇ ਦੌਰਾਨ 2 ਨੌਜਵਾਨਾਂ ਨੂੰ ਚਰਸ ਸਮੇਤ ਕੀਤਾ ਗ੍ਰਿਫਤਾਰ

ਦੀਨਾਨਗਰ 22 ਅਕਤੂਬਰ। ਦੀਨਾਨਗਰ ਪੁਲਸ ਵੱਲੋਂ ਸੂਗਰ ਮਿੱਲ ਪਨਿਆੜ ਨਾਕੇ ਦੌਰਾਨ 2 ਨੌਜਵਾਨਾਂ ਨੂੰ ਚਰਸ ਸਮੇਤ ਕੀਤਾ ਗ੍ਰਿਫਤਾਰ ਕਰਨ ਵਿੱਚ ਸਫਲਤਾ ਪ੍ਰਾਪਤ ਕੀਤੀ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡੀ. ਐੱਸ. ਪੀ. ਦੀਨਾਨਗਰ ਸੁਖਵਿੰਦਰ ਪਾਲ ਸਿੰਘ ਨੇ ਦੱਸਿਆ ਕਿ ਸਬ ਇੰਸਪੈਕਟਰ ਬਲਕਾਰ ਸਿੰਘ ਨੇ ਪੁਲਸ ਪਾਰਟੀ ਵਹੀਕਲਾ ਦੀ ਚੈਕਿੰਗ ਦੇ ਸਬੰਧ ਵਿੱਚ ਸ਼ੂਗਰ ਮਿੱਲ ਪਨਿਆੜ ਦੇ ਸਾਹਮਣੇ ਨੈਸ਼ਨਲ ਹਾਈਵੇ 'ਤੇ ਪਠਾਨਕੋਟ ਸਾਇਡ ਵਲੋਂ ਆਉਂਦੇ ਵਹੀਕਲਾਂ ਦੀ ਚੈਕਿੰਗ ਕਰਨ ਲਈ ਨਾਕਾ ਲਗਾਇਆ ਹੋਇਆ ਸੀ। ਇਸ ਦੌਰਾਨ ਪਠਾਨਕੋਟ ਸਾਇਡ ਤੋਂ ਇੱਕ ਕਾਰ ਮਾਰਕਾ ਗਰੈਂਡ ਆਈ 10 ਆਈ ਜਿਸ ਕਾਰ ਦੀ ਤਲਾਸੀ ਕੀਤੀ ਗਈ। ਤਲਾਸ਼ੀ ਦੌਰਾਨ ਕਾਰ ਦੇ ਡੈਸ਼ ਬੋਰਡ 'ਚੋਂ 290 ਗ੍ਰਾਮ ਚਰਸ ਬਰਾਮਦ ਹੋਈ ਹੈ। ਕਾਰ ਵਿਚ ਸਵਾਰ ਨੌਜਵਾਨਾਂ ਦੀ ਪੁਲਸ ਮੁਤਾਬਕ ਪਛਾਣ ਪ੍ਰਦੀਪ ਸ਼ਰਮਾ ਉਰਫ ਮਨੀ ਪੁੱਤਰ ਸੁਰੇਸ਼ ਕੁਮਾਰ ਵਾਸੀ ਅਰਾਈਆ ਗਲੀ ਗੀਤਾ ਭਵਨ ਰੋਡ ਗੁਰਦਾਸਪੁਰ, ਅਹਿਤ ਕੁਮਾਰ ਉਰਫ ਹੈਪੀ ਪੁੱਤਰ ਸੁਭਾਸ ਕੁਮਾਰ ਵਾਸੀ ਡੁਮਨਾ ਗਲੀ ਬਾਟਾ ਚੌਕ ਗੁਰਦਾਸਪੁਰ ਵਜੋਂ ਦੱਸੀ ਗਈ ਹੈ। ਪੁਲਸ ਨੇ ਦੋਵਾਂ ਨੂੰ ਮੌਕੇ 'ਤੇ ਗ੍ਰਿਫਤਾਰ ਕਰ ਕੇ ਅਗਲੀ ਕਾਰਵਾਈ ਸੁਰੂ ਕਰ ਦਿੱਤੀ ਗਈ ਹੈ ।

## ਸੰਗਤਾਂ ਬਾਣੀ ਅਤੇ ਬਾਣੇ ਦੇ ਧਾਰਨੀ ਹੋ ਕੇ ਗੁਰੂ ਘਰ ਨਾਲ ਜੁੜਨ- ਭਾਈ ਕਾਰਜ ਸਿੰਘ

ਲੁਧਿਆਣਾ 22 ਅਕਤੂਬਰ। ਸਿੱਖ ਸ਼ਹੀਦਾਂ ਦਾ ਯਾਦਗਾਰੀ ਅਸਥਾਨ ਗੁਰਦੁਆਰਾ ਸ਼ਹੀਦਾਂ ਫੇਰੂਮਾਨ ਢੋਲੇਵਾਲ ਚੌਂਕ ਵਿਖੇ ਬੀਤੀ ਸ਼ਾਮ ਹਫਤਾਵਾਰੀ ਧਾਰਮਿਕ ਗੁਰਮਤਿ ਸਮਾਗਮ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ਼ਰਧਾ ਭਾਵਨਾ ਅਤੇ ਸਤਿਕਾਰ ਨਾਲ ਕਰਵਾਇਆ ਗਿਆ। ਇਸ ਮੌਕੇ ਵਿਸ਼ੇਸ਼ ਤੌਰ ਤੇ ਸ਼ਾਮ ਦੇ ਸਮਾਗਮਾਂ ਵਿੱਚ ਭਾਈ ਕਾਰਜ ਸਿੰਘ ਹਜ਼ੂਰੀ ਰਾਗੀ ਸੱਚਖੰਡ ਸ਼੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਾਲਿਆਂ ਨੇ ਸੰਗਤਾਂ ਨੂੰ ਨਾਮ ਬਾਣੀ ਨਾਲ ਜੋੜਦਿਆਂ ਕਿਹਾ ਕਿ ਸੰਗਤਾਂ ਬਾਣੇ ਅਤੇ ਬਾਣੀ ਦੇ ਧਾਰਨੀ ਹੋ ਗੁਰੂ ਘਰ ਨਾਲ ਜੁੜ ਕੇ ਆਪਣਾ ਜੀਵਨ ਸਫਲਾ ਕਰਨ। ਅੰਮ੍ਰਿਤ ਵੇਲੇ ਤੋਂ ਗੁਰਦੁਆਰਾ ਸਾਹਿਬ ਦੇ ਹਜ਼ੂਰੀ ਜੱਥਿਆਂ ਭਾਈ ਗੁਰਦੀਪ ਸਿੰਘ ਜੈਪੁਰ ਵਾਲੇ, ਭਾਈ ਗੁਰਸ਼ਰਨ ਸਿੰਘ, ਭਾਈ ਹਰਪ੍ਰੀਤ ਸਿੰਘ ਖਾਲਸਾ, ਭਾਈ ਪਰਮਵੀਰ ਸਿੰਘ ਨੇ ਗੁਰਬਾਣੀ ਕੀਰਤਨ ਦੀ ਸੇਵਾ ਨਿਭਾਈ। ਗੁਰਦੁਆਰਾ ਸਾਹਿਬ ਦੇ ਮੁੱਖ ਕਥਾ ਵਾਚਕ ਗਿਆਨੀ ਮਨਪ੍ਰੀਤ ਸਿੰਘ ਨੇ ਗੁਰੂ ਘਰ ਨਤਮਸਤਕ ਹੋਈਆਂ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ ਗਈ। ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਐਡਵੋਕੇਟ ਬਲਵਿੰਦਰ ਸਿੰਘ ਲਾਇਲਪੁਰੀ ਨੇ ਗੁਰੂ ਘਰ ਨਤਮਸਤਕ ਹੋਈਆਂ ਸੰਗਤਾਂ ਦਾ ਧੰਨਵਾਦ ਕਰਦੇ ਹੋਏ ਰਾਗੀ ਜਥਿਆਂ ਨੂੰ ਸਿਰੋਪਾਓ ਭੇਟ ਕੀਤੇ। ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਗੁਰਦੁਆਰਾ ਸਾਹਿਬ ਦੇ ਜਨਰਲ ਸਕੱਤਰ ਤੇਜਿੰਦਰ ਸਿੰਘ ਡੰਗ, ਤਰਲੋਚਨ ਸਿੰਘ ਬੱਬਰ, ਇੰਦਰਜੀਤ ਸਿੰਘ ਗੋਲਾ, ਜਗਦੇਵ ਸਿੰਘ ਗੋਹਲਵੜੀਆ, ਬਲਜੀਤ ਸਿੰਘ ਦੁਖੀਆ, ਜਤਿੰਦਰਪਾਲ ਸਿੰਘ ਸਲੂਜਾ, ਸੁਰਿੰਦਰਜੀਤ ਸਿੰਘ ਮੱਕੜ, ਮੋਹਨ ਸਿੰਘ ਚੌਹਾਨ, ਅਰਜਨ ਸਿੰਘ ਚੀਮਾ, ਇੰਦਰਜੀਤ ਸਿੰਘ ਮੱਕੜ, ਲਖਵਿੰਦਰ ਸਿੰਘ ਲੱਖਾ, ਦਵਿੰਦਰ ਸਿੰਘ ਸਿੱਬਲ, ਅਵਤਾਰ ਸਿੰਘ ਪਨੇਸਰ, ਪ੍ਰੀਤਮ ਸਿੰਘ ਮਣਕੂ, ਸੁਰਿੰਦਰ ਸਿੰਘ ਨਾਰੰਗ, ਗੁਰਦੇਵ ਸਿੰਘ ਖੁੱਲਰ, ਪ੍ਰਿੰਸ, ਤਨਵੀਰ ਕੌਰ, ਭੁਪਿੰਦਰ ਸਿੰਘ ਐਨ ਐਸ, ਪਰਮਿੰਦਰ ਸਿੰਘ, ਸੁਰਜੀਤ ਸਿੰਘ ਮਠਾੜੂ, ਸਵਰਨ ਸਿੰਘ ਮਹੌਲੀ, ਸੁਨੀਲ ਕੁਮਾਰ ਵੀ ਗੁਰੂ ਘਰ ਨਤਮਸਤਕ ਹੋਏ।

## ਕੋਰਟ ਕੰਪਲੈਕਸ ਦੀ ਪਾਰਕਿੰਗ 'ਚੋਂ ਪੁਲਸ ਕਰਮਚਾਰੀ ਨੂੰ ਧੱਕਾ ਦੇ ਕੇ ਹੱਥਕੜੀ ਸਮੇਤ ਭੱਜਿਆ ਚੋਰ

ਜਲੰਧਰ 19 ਅਕਤੂਬਰ। ਕੋਰਟ ਕੰਪਲੈਕਸ ਦੀ ਪਾਰਕਿੰਗ ਵਿਚੋਂ ਇਕ ਚੋਰ ਪੁਲਸ ਕਰਮਚਾਰੀ ਨੂੰ ਧੱਕਾ ਦੇ ਕੇ ਹੱਥਕੜੀ ਸਮੇਤ ਫਰਾਰ ਹੋ ਗਿਆ। ਥਾਣਾ ਨਵੀਂ ਬਾਰਾਦਰੀ ਦੀ ਪੁਲਸ ਨੇ ਚੋਰ ਖ਼ਿਲਾਫ ਕੇਸ ਦਰਜ ਕਰ ਲਿਆ ਹੈ। ਚੌਂਕੀ ਫੋਕਲ ਪੁਆਇੰਟ ਦੇ ਏ. ਐੱਸ. ਆਈ. ਰਾਜਪਾਲ ਨੇ ਦੱਸਿਆ ਕਿ ਉਨ੍ਹਾਂ ਨੇ ਚੋਰੀ ਦੀ ਬਾਈਕ ਨਾਲ ਨਵਪ੍ਰੀਤ ਸਿੰਘ ਪੁੱਤਰ ਸੁਰਜੀਤ ਸਿੰਘ ਨਿਵਾਸੀ ਕਰਤਾਰਪੁਰ ਨੂੰ ਗ੍ਰਿਫਤਾਰ ਕੀਤਾ ਸੀ। ਮੁਲਜਮ ਪੇਸ਼ੇਵਰ ਚੋਰ ਸੀ, ਜਿਸ ਖ਼ਿਲਾਫ



ਪਹਿਲਾਂ ਵੀ ਕੇਸ ਦਰਜ ਸੀ। ਮੁਲਜਮ ਨੂੰ ਲੈ ਕੇ ਉਹ ਸਿਪਾਹੀ ਬਿਕਰਮਜੀਤ ਸਿੰਘ ਨਾਲ ਉਸ ਨੂੰ ਕੋਰਟ ਵਿਚ ਪੇਸ਼ ਕਰਨ ਲਈ ਆਪਣੇ ਨਿੱਜੀ ਵਾਹਨ 'ਤੇ ਗਿਆ ਸੀ। ਕੋਰਟ ਵਿਚ ਪੇਸ਼ ਕਰਕੇ ਉਹ ਮੁਲਜਮ ਨੂੰ ਲੈ ਕੇ ਬਾਹਰ ਪਾਰਕਿੰਗ ਵਿਚ ਆ ਗਏ ਅਤੇ ਜਿਵੇਂ ਹੀ ਆਪਣੀ ਬਾਈਕ ਵੱਲ ਜਾਣ ਲੱਗੇ ਤਾਂ ਨਵਪ੍ਰੀਤ ਸਿੰਘ ਸਿਪਾਹੀ ਬਿਕਰਮਜੀਤ ਸਿੰਘ ਨੂੰ ਧੱਕਾ ਦੇ ਕੇ ਫਰਾਰ ਹੋ ਗਿਆ ਅਤੇ ਹੱਥਕੜੀ ਵੀ ਆਪਣੇ ਨਾਲ ਲੈ ਗਿਆ। ਪੁਲਸ ਨੇ ਮੁਲਜਮ ਦਾ ਪਿੱਛਾ ਵੀ ਕੀਤਾ ਪਰ ਉਸਦਾ ਕੋਈ ਸੁਰਾਗ ਨਹੀਂ ਲੱਗਾ ਅਤੇ ਉਹ ਗਾਇਬ ਹੋ ਗਿਆ। ਓਧਰ ਏ. ਐੱਸ. ਆਈ. ਰਾਜਪਾਲ ਸਿੰਘ ਨੇ ਕਿਹਾ ਕਿ ਮੁਲਜਮ ਨਵਪ੍ਰੀਤ ਸਿੰਘ ਦੀ ਭਾਲ ਵਿਚ ਉਨ੍ਹਾਂ 2 ਥਾਵਾਂ 'ਤੇ ਰੇਡ ਕੀਤੀ ਪਰ ਉਸ ਦਾ ਕੋਈ ਸੁਰਾਗ ਨਹੀਂ ਲੱਗਾ। ਉਨ੍ਹਾਂ ਕਿਹਾ ਕਿ ਜਲਦ ਮੁਲਜਮ ਨੂੰ ਗ੍ਰਿਫਤਾਰ ਕਰ ਲਿਆ ਜਾਵੇਗਾ।

## ਵਸੀਕਾ ਨਵੀਸ ਤੇ ਉਸ ਦਾ ਸਹਾਇਕ 2,25,000 ਰੁਪਏ ਦੀ ਰਿਸਵਤ ਲੈਣ ਦੇ ਦੋਸ਼ ਹੇਠ ਗ੍ਰਿਫਤਾਰ

ਚੰਡੀਗੜ੍ਹ 22 ਅਕਤੂਬਰ। ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ 'ਚ ਭ੍ਰਿਸਟਾਚਾਰ ਵਿਰੁੱਧ ਚਲਾਈ ਮੁਹਿੰਮ ਦੌਰਾਨ ਸਬ ਡਵੀਜਨ ਕਾਦੀਆਂ, ਜ਼ਿਲ੍ਹਾ ਗੁਰਦਾਸਪੁਰ ਵਿਖੇ ਕੰਮ ਕਰਦੇ ਕੰਵਰਪਾਲ ਸਿੰਘ (ਕੇ.ਪੀ.) ਵਸੀਕਾ ਨਵੀਸ (ਡੀਡ ਰਾਈਟਰ) ਅਤੇ ਉਸਦੇ ਸਹਾਇਕ ਨੂੰ 225000 ਰੁਪਏ ਰਿਸਵਤ ਦੀ ਮੰਗ ਕਰਨ ਅਤੇ ਲੈਣ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਕਤ ਵਸੀਕਾ ਨਵੀਸ ਅਤੇ ਉਸ ਦੇ ਨਿੱਜੀ ਸਹਾਇਕ ਨੂੰ ਕੁਲਵੰਤ ਸਿੰਘ ਵਾਸੀ ਪਿੰਡ ਸੇਰਪੁਰ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਦਾਸਪੁਰ (ਮੌਜੂਦਾ ਸਮੇਂ ਬਰਤਾਨੀਆ ਨਿਵਾਸੀ) ਵੱਲੋਂ ਮੁੱਖ ਮੰਤਰੀ ਭ੍ਰਿਸਟਾਚਾਰ ਵਿਰੋਧੀ ਐਕਸਨ ਲਾਈਨ ਪੋਰਟਲ 'ਤੇ ਦਰਜ ਕਰਵਾਈ ਗਈ ਆਨਲਾਈਨ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫਤਾਰ ਕੀਤਾ ਗਿਆ ਹੈ। ਉਨ੍ਹਾਂ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਆਪਣੀ ਸ਼ਿਕਾਇਤ 'ਚ ਦੋਸ ਲਾਇਆ ਹੈ ਕਿ ਉਕਤ ਵਸੀਕਾ ਨਵੀਸ ਨੇ ਉਸਦੀ ਜੱਦੀ ਜਮੀਨ ਦੀ ਮਲਕੀਅਤ (ਇੰਤਕਾਲ) ਉਸਦੇ ਨਾਂ ਕਰਵਾਉਣ ਬਦਲੇ ਉਸ ਕੋਲੋਂ 225000 ਰੁਪਏ ਦੀ ਰਿਸਵਤ ਲਈ ਸੀ। ਇਸ ਤੋਂ ਇਲਾਵਾ ਉਸ ਦੇ ਦਫਤਰ 'ਚ ਕੰਮ ਕਰਦੇ ਟਾਈਪਿਸਟ ਸੰਨੀ ਨੇ ਵੀ ਉਕਤ ਇੰਤਕਾਲ ਦਰਜ ਕਰਵਾਉਣ ਲਈ ਉਸ ਤੋਂ 70,000 ਰੁਪਏ ਦੀ ਮੰਗ ਕੀਤੀ ਸੀ। ਬੁਲਾਰੇ ਨੇ ਦੱਸਿਆ ਕਿ ਇਸ ਸ਼ਿਕਾਇਤ ਦੀ ਜਾਂਚ ਦੌਰਾਨ ਇਹ ਪਾਇਆ ਗਿਆ ਕਿ ਉਕਤ ਵਸੀਕਾ ਨਵੀਸ ਨੇ ਉਕਤ ਸ਼ਿਕਾਇਤਕਰਤਾ ਤੋਂ ਤਿੰਨ ਕਿਸਤਾਂ 'ਚ 225000 ਰੁਪਏ ਦੀ ਰਿਸਵਤ ਲਈ ਹੈ। ਇਸ ਤੋਂ ਇਲਾਵਾ ਉਸ ਦੇ ਨਿੱਜੀ ਸਹਾਇਕ ਸੰਨੀ ਨੇ ਸ਼ਿਕਾਇਤਕਰਤਾ ਤੋਂ 70,000 ਰੁਪਏ ਦੀ ਮੰਗ ਕੀਤੀ ਸੀ। ਜਾਂਚ ਤੋਂ ਬਾਅਦ ਦੋਵਾਂ ਮੁਲਜਮਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਅਤੇ ਇਸ ਮੁਕੱਦਮੇ 'ਚ ਸਬੰਧਤ ਹਲਕਾ ਪਟਵਾਰੀ ਅਤੇ ਨਾਇਬ ਤਹਿਸੀਲਦਾਰ ਦੀ ਭੂਮਿਕਾ ਦੀ ਜਾਂਚ ਵੀ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਵਿਜੀਲੈਂਸ ਬਿਊਰੋ ਥਾਣਾ ਅੰਮ੍ਰਿਤਸਰ ਰੇਂਜ ਵਿਖੇ ਭ੍ਰਿਸਟਾਚਾਰ ਰੋਕੂ ਕਾਨੂੰਨ ਅਧੀਨ ਕੇਸ ਦਰਜ ਕੀਤਾ ਗਿਆ ਹੈ ਅਤੇ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।




## ਰਾਮਲੱਲਾ ਦੇ ਦਰਸ਼ਨਾਂ ਲਈ ਗਏ ਬੱਚੇ ਹੋਏ ਲਾਪਤਾ, ਨਦੀ ਕੰਢਿਓਂ ਮਿਲੇ ਕੱਪੜੇ ਦੇਖ ਮਾਂ ਦਾ ਰੋ-ਰੋ ਹੋਇਆ ਬੁਰਾ ਹਾਲ

ਪਟਿਆਲਾ 22 ਅਕਤੂਬਰ। ਪਟਿਆਲਾ ਦੀ ਤੇਜਬਾਗ ਕਾਲੋਨੀ ਤੋਂ ਇਕ ਹੈਰਾਨ ਕਰਨ ਵਾਲੀ ਖਬਰ ਸਾਹਮਣੇ ਆ ਰਹੀ ਹੈ, ਜਿੱਥੋਂ ਦੇ ਰਹਿਣ ਵਾਲੇ 2 ਬੱਚੇ ਭੇਤਭਰੀ ਹਾਲਤ 'ਚ ਲਾਪਤਾ ਹੋ ਗਏ ਹਨ। ਜਾਣਕਾਰੀ ਮੁਤਾਬਕ ਇਹ ਬੱਚੇ ਸੰਗਤਾਂ ਨਾਲ ਇਕ ਬੱਸ 'ਚ ਸਵਾਰ ਹੋ ਕੇ ਸ਼੍ਰੀ ਰਾਮ ਲੱਲਾ ਦੇ ਦਰਸ਼ਨਾਂ ਲਈ ਅਯੁੱਧਿਆ ਗਏ ਹੋਏ ਸਨ, ਜਿਸ ਤੋਂ ਬਾਅਦ ਉਹ ਅਚਾਨਕ ਲਾਪਤਾ ਹੋ ਗਏ ਹਨ। ਗੁੰਮਸ਼ੁਦਾ ਬੱਚੇ ਤੇਜਬਾਗ ਕਾਲੋਨੀ ਦੇ ਰਹਿਣ ਵਾਲੇ ਕਾਰਤਿਕ ਅਤੇ ਪ੍ਰਿੰਸ ਹਨ, ਜਿਨ੍ਹਾਂ ਦੇ ਲਾਪਤਾ ਹੋਣ 'ਤੇ ਪਰਿਵਾਰ ਵਾਲਿਆਂ ਦਾ ਰੋ-ਰੋ ਦੇ ਬੁਰਾ ਹਾਲ ਹੋ ਗਿਆ ਹੈ। ਜ਼ਿਕਰਯੋਗ ਹੈ ਕਿ ਸ਼ਹਿਰ ਦੀ ਤੇਜਬਾਗ ਕਾਲੋਨੀ ਤੋਂ 17 ਮਈ ਨੂੰ ਸ਼੍ਰੀ ਅਯੁੱਧਿਆ ਧਾਮ ਵਿਖੇ ਸ਼੍ਰੀ ਰਾਮ ਲੱਲਾ ਜੀ ਦੇ ਦਰਸ਼ਨਾਂ ਲਈ ਇਕ ਬੱਸ ਗਈ ਸੀ। ਇਸ ਬੱਸ 'ਚ ਸੰਗਤਾਂ ਨਾਲ ਪ੍ਰਿੰਸ ਅਤੇ ਕਾਰਤਿਕ ਵੀ ਸ਼ਾਮਲ ਸਨ ਤੇ 18 ਮਈ ਨੂੰ ਬੱਚੇ ਲਾਪਤਾ ਹੋ ਗਏ। ਇਸ ਤੋਂ ਬਾਅਦ ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਪਰਿਵਾਰ ਵਾਲਿਆਂ ਨੂੰ ਦੋਵਾਂ ਬੱਚਿਆਂ ਦੇ ਕੱਪੜੇ ਨਦੀ ਦੇ ਕਿਨਾਰੇ ਤੋਂ ਮਿਲੇ ਹਨ। ਇਸ ਘਟਨਾ ਤੋਂ ਬਾਅਦ ਪਰਿਵਾਰਕ ਮੈਂਬਰਾਂ ਨੂੰ ਇਸ ਗੱਲ ਦੀ ਚਿੰਤਾ ਹੈ ਕਿ ਆਖਿਰ ਬੱਚੇ ਕਿੱਧਰ ਗਏ ? ਕਿਤੇ ਉਨ੍ਹਾਂ ਨਾਲ ਕੋਈ ਹਾਦਸਾ ਨਾ ਵਾਪਰ ਗਿਆ ਹੋਵੇ। ਪਰਿਵਾਰ ਵਾਲਿਆਂ ਵੱਲੋਂ ਬੱਚਿਆਂ ਦੀ ਭਾਲ ਕੀਤੀ ਜਾ ਰਹੀ ਹੈ ਤੇ ਉਨ੍ਹਾਂ ਵੱਲੋਂ ਪ੍ਰਸ਼ਾਸਨ ਅੱਗੇ ਵੀ ਬੱਚਿਆਂ ਦਾ ਪਤਾ ਲਗਾਉਣ ਦੀ ਗੁਹਾਰ ਲਗਾਈ ਜਾ ਰਹੀ ਹੈ।

## ਰੇਲ ਯਾਤਰੀ ਹੋ ਜਾਓ ਸਾਵਧਾਨ ! ਇਹ ਗਲਤੀ ਕਰਨ 'ਤੇ ਹੁਣ ਲੱਗੇਗਾ ਜੁਰਮਾਨਾ

ਜੈਤੋ 22 ਅਕਤੂਬਰ। ਉੱਤਰੀ ਰੇਲਵੇ ਦੇ ਫ਼ਿਰੋਜ਼ਪੁਰ ਰੇਲਵੇ ਡਵੀਜਨ ਦੇ ਸੀਨੀਅਰ ਕਮਰਸੀਅਲ ਮੈਨੇਜਰ ਪਰਮਦੀਪ ਸਿੰਘ ਸੈਣੀ ਨੇ ਸੁੱਕਰਵਾਰ ਨੂੰ ਕਿਹਾ ਕਿ ਜੇਕਰ ਕੋਈ ਯਾਤਰੀ ਰੇਲਵੇ ਕਾਊਂਟਰ ਤੋਂ ਯਾਤਰਾ ਟਿਕਟ ਲੈ ਕੇ ਟਿਕਟ ਕੈਂਸਲ ਕਰਵਾ ਲੈਂਦਾ ਹੈ ਤਾਂ ਉਸ ਨੂੰ ਤੁਰੰਤ ਰਿਫੰਡ ਮਿਲ ਜਾਂਦਾ ਹੈ। ਪਰ ਜੇਕਰ ਯਾਤਰੀ ਨੇ ਆਈਆਰਸੀਟੀਸੀ ਦੀ ਵੈੱਬਸਾਈਟ ਜਾਂ ਆਨਲਾਈਨ ਰਾਹੀਂ ਟਿਕਟ ਬੁੱਕ ਕੀਤੀ ਹੈ, ਤਾਂ ਰੱਦ ਹੋਣ 'ਤੇ ਪੈਸੇ ਵਾਪਸ ਲੈਣ ਵਿੱਚ ਸਮਾਂ ਲੱਗਦਾ ਹੈ। ਇਸ ਦੇ ਲਈ ਯਾਤਰੀ ਨੂੰ ਟਿਕਟ ਡਿਪਾਜ਼ਿਟ ਰਸੀਦ (ਟੀਡੀਆਰ) ਫਾਈਲ ਕਰਨੀ ਹੋਵੇਗੀ। ਇਸ ਤੋਂ ਇਲਾਵਾ, ਜੇਕਰ ਰੇਲਗੱਡੀ ਰੱਦ ਹੋ ਜਾਂਦੀ ਹੈ ਜਾਂ ਇਸਦਾ ਰੂਟ ਬਦਲਿਆ ਜਾਂਦਾ ਹੈ, ਤਾਂ ਯਾਤਰੀ ਨੂੰ ਟਿਕਟ ਰੱਦ ਕਰਨ ਲਈ ਟੀਡੀਆਰ ਫਾਈਲ ਕਰਨਾ ਪੈਂਦਾ ਹੈ। ਦਾ ਮਤਲਬ ਹੈ ਟਿਕਟ ਡਿਪਾਜ਼ਿਟ ਰਸੀਦ ਜਿਸਦੀ ਵਰਤੋਂ ਯਾਤਰੀ ਦੁਆਰਾ ਯਾਤਰਾ ਟਿਕਟ ਰੱਦ ਕਰਨ ਤੋਂ ਬਾਅਦ ਰਿਫੰਡ ਪ੍ਰਾਪਤ ਕਰਨ ਲਈ ਕੀਤੀ ਜਾਂਦੀ ਹੈ। ਕਈ ਯਾਤਰੀਆਂ ਨੇ ਆਨਲਾਈਨ ਟਿਕਟਾਂ ਦੀ ਦੁਰਵਰਤੋਂ ਕੀਤੀ। ਆਨਲਾਈਨ ਟਿਕਟਾਂ ਦੇ ਮਾਮਲੇ 'ਚ ਯਾਤਰੀ ਟੀਡੀਆਰ ਫਾਈਲ ਕਰਦੇ ਸਨ ਅਤੇ ਟਰੇਨ 'ਚ ਸਫਰ ਵੀ ਕਰਦੇ ਸਨ, ਜਿਸ ਕਾਰਨ ਰੇਲਵੇ ਨੂੰ ਰਿਫੰਡ ਦੇ ਰੂਪ 'ਚ ਨੁਕਸਾਨ ਉਠਾਉਣਾ ਪੈ ਰਿਹਾ ਸੀ। ਹੁਣ ਰੇਲਵੇ ਬੋਰਡ ਦੇ ਨਵੇਂ ਨਿਯਮ ਮੁਤਾਬਕ ਜੇਕਰ ਕੋਈ ਯਾਤਰੀ ਟੀਡੀਆਰ ਭਰਨ ਤੋਂ ਬਾਅਦ ਰਿਜਰਵ ਸੀਟ 'ਤੇ ਸਫਰ ਕਰਦਾ ਪਾਇਆ ਜਾਂਦਾ ਹੈ ਤਾਂ ਉਸ ਨੂੰ ਬਿਨਾਂ ਟਿਕਟ ਦੇ ਮੰਨਿਆ ਜਾਵੇਗਾ ਅਤੇ ਰੇਲਵੇ ਨਿਯਮਾਂ ਦੇ ਮੁਤਾਬਕ ਚਾਰਜ ਕੀਤਾ ਜਾਵੇਗਾ। ਹੁਣ, ਟਿਕਟ ਚੈਕਿੰਗ ਸਟਾਫ ਐਚਐਚਟੀ (ਹੈਂਡ ਹੈਲਡ ਟਰਮੀਨਲ) ਮਸੀਨਾਂ ਨਾਲ ਲੈਸ ਹੈ, ਜਿਸ ਰਾਹੀਂ ਸੀਟ ਦੀ ਉਪਲਬਧਤਾ, ਉਡੀਕ ਟਿਕਟਾਂ ਅਤੇ ਹੋਰ ਜਾਣਕਾਰੀ ਅਸਲ ਸਮੇਂ ਵਿੱਚ ਉਪਲਬਧ ਹੋ ਜਾਂਦੀ ਹੈ। ਐਚਐਚਟੀ ਦੇ ਜਰੀਏ, ਟਿਕਟ ਚੈਕਿੰਗ ਸਟਾਫ ਟੀਡੀਆਰ ਦੀ ਦੁਰਵਰਤੋਂ ਕਰਨ ਵਾਲੇ ਯਾਤਰੀ ਦਾ ਆਸਾਨੀ ਨਾਲ ਪਤਾ ਲਗਾ ਸਕੇਗਾ।



## ਫ਼ਰੀਦਕੋਟ ਜੇਲ ਦੇ ਹਵਾਲਾਤੀ ਦੀ ਇਕ ਹੋਰ ਵੀਡੀਓ ਵਾਇਰਲ

ਫ਼ਰੀਦਕੋਟ 22 ਅਕਤੂਬਰ। ਸਥਾਨਕ ਜੇਲ ਵਿੱਚੋਂ ਲਗਭਗ ਤੀਸਰੀ ਵਾਰ ਸੋਸ਼ਲ ਮੀਡੀਆ 'ਤੇ ਵੀਡੀਓ ਵਾਇਰਲ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ ਜਿਸ'ਤੇ ਪੁਲਸ ਵੱਲੋਂ ਜੇਲ ਅਧਿਕਾਰੀਆਂ ਨਾਲ ਮਿਲ ਕੇ ਇਸਦੀ ਜਾਂਚ ਪੜਤਾਲ ਕੀਤੀ ਜਾ ਰਹੀ ਹੈ। ਇਸ ਸਬੰਧ ਵਿੱਚ ਡੀ.ਐੱਸ.ਪੀ ਇਕਬਾਲ ਸਿੰਘ ਸੰਧੂ ਨੇ ਦੱਸਿਆ ਕਿ ਮੁੱਢਲੀ ਜਾਂਚ ਅਨੁਸਾਰ ਇਹ ਵੀਡੀਓ ਹਵਾਲਾਤੀ ਰਾਜਨ ਭੰਡਾਰੀ ਵਾਸੀ ਫਿਰੋਜ਼ਪੁਰ ਜਿਸ'ਤੇ 302, ਐੱਨ.ਡੀ.ਪੀ.ਐੱਸ ਅਤੇ ਹੋਰ ਸੰਗੀਨ ਮਾਮਲੇ ਦਰਜ ਹਨ ਦੀ ਹੈ। ਉਨ੍ਹਾਂ ਕਿਹਾ ਕਿ ਇਸ ਸਬੰਧੀ ਜਦ ਪੁਸ਼ਟੀ ਲੈਣ ਲਈ ਜੇਲ ਅਧਿਕਾਰੀਆਂ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਦੱਸਿਆ ਕਿ ਹਵਾਲਾਤੀ ਤੋਂ ਪੁੱਛ-ਗਿੱਛ ਕੀਤੀ ਗਈ ਤਾਂ ਇਸਨੇ ਦੱਸਿਆ ਕਿ ਇਹ ਵੀਡੀਓ ਉਸਨੇ ਉਸ ਵੇਲੇ ਬਣਾਈ ਸੀ ਜਦੋਂ ਉਹ ਗੋਇੰਦਵਾਲ ਜੇਲ ਵਿਚ ਬੰਦ ਸੀ ਅਤੇ ਹਵਾਲਾਤੀ ਦੇ ਕਹਿਣ ਅਨੁਸਾਰ ਉਸਦੀ ਇਹ ਵੀਡੀਓ ਇਸਦੇ ਕਿਸੇ ਰਿਸ਼ਤੇਦਾਰ ਨੇ ਸ਼ੋਸ਼ਲ ਮੀਡੀਆ 'ਤੇ ਪਾਈ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿਚ ਜੇਲ ਅਧਿਕਾਰੀਆਂ ਵੱਲੋਂ ਲਿਖਤੀ ਕਾਰਵਾਈ ਕਰਨ ਉਪਰੰਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

## ਵਕੀਲ ਅਤੇ ਟਾਈਪਿਸਟ ਨੂੰ 5 ਹਥਿਆਰਬੰਦਾਂ ਨੇ ਬਣਾਇਆ ਨਿਸ਼ਾਨਾ, ਨਕਦੀ ਤੇ ਮੋਬਾਇਲ ਲੈ ਕੇ ਹੋਏ ਫਰਾਰ

ਤਰਨਤਾਰਨ 22 ਅਕਤੂਬਰ। ਅਦਾਲਤ ਜਾ ਰਹੇ ਵਕੀਲ ਅਤੇ ਉਸਦੇ ਟਾਈਪਿਸਟ ਨੂੰ ਪੰਜ ਹਥਿਆਰਬੰਦ ਲੁਟੇਰਿਆਂ ਵੱਲੋਂ ਨਿਸ਼ਾਨਾ ਬਣਾਉਣ ਦਾ ਮਾਮਲਾ ਸਾਹਮਣੇ ਆਇਆ ਹੈ, ਜੋ 6500 ਰੁਪਏ ਦੀ ਨਕਦੀ ਅਤੇ ਮੋਬਾਈਲ ਫੋਨ ਖੋਹ ਮੌਕੇ ਤੋਂ ਫਰਾਰ ਹੋ ਗਏ। ਇਸ ਸਬੰਧੀ ਥਾਣਾ ਸ੍ਰੀ ਗੋਇੰਦਵਾਲ ਸਾਹਿਬ ਦੀ ਪੁਲਸ ਨੇ ਪੰਜ ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕਰ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ। ਨਵਨ ਕੁਮਾਰ ਪੁੱਤਰ ਓਮ ਪ੍ਰਕਾਸ਼ ਵਾਸੀ ਬਾਬਾ ਬਸਤਾ ਸਿੰਘ ਐਨਕਲੇਵ ਸਾਹਮਣੇ ਟੱਕਰ ਸਾਹਿਬ ਗੁਰਦੁਆਰਾ ਤਰਨਤਾਰਨ ਨੇ ਪੁਲਸ ਨੂੰ ਦਿੱਤੇ ਬਿਆਨਾਂ ਵਿਚ ਦੱਸਿਆ ਕਿ ਉਹ ਖਡੂਰ ਸਾਹਿਬ ਕਚਹਿਰੀ ਵਿਚ ਬਤੌਰ ਵਕੀਲ ਕੰਮ ਕਰ ਰਿਹਾ ਹੈ। ਬੀਤੇ ਕੱਲ ਉਹ ਆਪਣੇ ਟਾਈਪਿਸਟ ਗੁਰਜੀਤ ਸਿੰਘ ਸਮੇਤ ਆਪਣੀ ਸਕੂਟਰੀ 'ਤੇ ਸਵਾਰ ਹੋ ਖਡੂਰ ਸਾਹਿਬ ਜਾ ਰਹੇ ਸਨ। ਜਦੋਂ ਉਹ ਪਿੰਡ ਕੱਲਾ ਵਿਖੇ ਪੁਰਾਣੇ ਸ਼ੈਲਰ ਸਾਹਮਣੇ ਪੁੱਜੇ ਤਾਂ ਸਾਹਮਣੇ ਪਾਸਿਓਂ ਦੋ




ਮੋਟਰਸਾਈਕਲ ਉਪਰ ਸਵਾਰ ਕੁੱਲ ਪੰਜ ਨਕਾਬ ਪੋਸ਼ ਵਿਅਕਤੀਆਂ ਨੇ ਉਸਦੀ ਸਕੂਟਰੀ ਰੋਕ ਲਈ ਜਿਨ੍ਹਾਂ ਵਿਚੋਂ ਇਕ ਨੇ ਹੱਥ ਵਿਚ ਫੜਿਆ ਪਿਸਤੌਲ ਉਸ ਤੋਂ ਉਪਰ ਤਾਣ ਦਿੱਤਾ। ਇਸ ਦੌਰਾਨ ਲੁਟੇਰਿਆਂ ਨੇ ਉਸਦੇ ਪਰਸ ਵਿਚੋਂ 3000 ਰੁਪਏ, ਮੋਬਾਈਲ ਫੋਨ ਅਤੇ ਟਾਈਪਿਸਟ ਗੁਰਜੀਤ ਸਿੰਘ ਦੇ ਪਰਸ ਵਿਚੋਂ 3500 ਦੀ ਨਕਦੀ ਅਤੇ ਸਕੂਟਰੀ ਦੀ ਚਾਬੀ ਖੋਹ ਮੌਕੇ ਤੋਂ ਫਰਾਰ ਹੋ ਗਏ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਸ੍ਰੀ ਗੋਇੰਦਵਾਲ ਸਾਹਿਬ ਦੇ ਏ. ਐੱਸ. ਆਈ. ਜਸਬੀਰ ਸਿੰਘ ਨੇ ਦੱਸਿਆ ਕਿ ਇਸ ਮਾਮਲੇ ਵਿਚ ਪੁਲਸ ਵੱਲੋਂ ਪੰਜ ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕਰ ਉਨ੍ਹਾਂ ਦੀ ਭਾਲ ਸ਼ੁਰੂ ਕਰ ਦਿੱਤੀ ਗਈ ਹੈ।

## ਕਾਰ ਸਵਾਰ ਵਿਅਕਤੀ ਨੂੰ ਮਾਰ ਦੇਣ ਦੀ ਨੀਯਤ ਨਾਲ ਕੀਤੇ ਫਾਇਰ

ਫਿਰੋਜ਼ਪੁਰ 22 ਅਕਤੂਬਰ। ਫਿਰੋਜ਼ਪੁਰ ਵਿਖੇ ਕਾਰ ਸਵਾਰ ਨੂੰ ਮਾਰ ਦੇਣ ਦੀ ਨੀਯਤ ਨਾਲ ਪਿਸਤੌਲ ਨਾਲ ਫਾਇਰ ਕਰਕੇ ਇਕ ਵਿਅਕਤੀ ਨੂੰ ਜ਼ਖਮੀ ਕਰਨ ਦੀ ਖਬਰ ਮਿਲੀ ਹੈ। ਇਸ ਸਬੰਧ ਵਿਚ ਥਾਣਾ ਸਿਟੀ ਫਿਰੋਜ਼ਪੁਰ ਦੀ ਪੁਲਸ ਨੇ 2 ਬਾਏ ਨੇਮ ਵਿਅਕਤੀਆਂ ਅਤੇ 5-6 ਅਣਪਛਾਤੇ ਵਿਅਕਤੀਆਂ ਖ਼ਿਲਾਫ 307, 148, 149 ਆਈਪੀਸੀ ਅਤੇ ਆਰਮਜ਼ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਇਸ ਮਾਮਲੇ ਦੀ ਜਾਣਕਾਰੀ ਦਿੰਦੇ ਹੋਏ ਜਸਪਾਲ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ ਬਾਗ ਵਾਲੀ ਅਲੀ ਕੇ ਰੋਡ ਸਿਟੀ ਫਿਰੋਜ਼ਪੁਰ ਨੇ ਦੱਸਿਆ ਕਿ ਉਹ ਆਪਣੇ ਚਾਚੇ ਦੇ ਮੁੰਡੇ ਸਾਗਰ ਉਰਫ ਬੱਗੀ ਪੁੱਤਰ ਜੱਸਾ ਸਿੰਘ ਵਾਸੀ ਬਸਤੀ ਬਾਗ ਵਾਲੀ ਅਲੀਕੇ ਰੋਡ ਸਿਟੀ ਫਿਰੋਜ਼ਪੁਰ ਨਾਲ ਆਪਣੀ ਕਾਰ ਆਈ-20 'ਤੇ ਸਵਾਰ ਹੋ ਕੇ ਬਾਬਾ ਖੇਤਰਪਾਲ ਦੇ ਮੱਥਾ ਟੇਕਣ ਜਾ ਰਿਹਾ ਸੀ। ਜਦ ਉਹ ਅਲੀ ਕੇ ਰੋਡ ਆਟਾ ਚੱਕੀ ਪਾਸ ਪੁੱਜੇ ਤਾਂ ਪਿੱਛੇ ਮੋਟਰਸਾਈਕਲ 'ਤੇ ਰਾਜਬੀਰ ਸਿੰਘ ਉਰਫ ਦਲੇਰ ਪੁੱਤਰ ਮਹਿੰਦਰ ਸਿੰਘ ਤੇ ਸੁੱਖੂ ਪੁੱਤਰ ਕਰਨੈਲ ਸਿੰਘ ਵਾਸੀਅਨ ਬਸਤੀ ਬਾਗ ਵਾਲੀ ਸਿਟੀ ਫਿਰੋਜ਼ਪੁਰ ਆ ਰਹੇ ਸੀ। ਨਾਲ ਹੀ 5-6 ਅਣਪਛਾਤੇ ਮੁੰਡੇ ਵੀ ਮੋਟਰਸਾਈਕਲਾਂ 'ਤੇ ਆ ਰਹੇ ਸੀ। ਜਸਪਾਲ ਸਿੰਘ ਨੇ ਦੱਸਿਆ ਕਿ ਰਾਜਬੀਰ ਸਿੰਘ ਦੇ ਹੱਥ ਪਿਸਤੌਲ ਫੜਿਆ ਹੋਇਆ ਸੀ। ਸੁੱਖੂ ਨੇ ਕਾਰ ਦੇ ਬਰਾਬਰ ਕਾਰ ਕਰਕੇ ਪਿਸਤੌਲ ਕੱਢ ਲਿਆ ਤੇ ਮਾਰ ਦੇਣ ਦੀ ਨੀਯਤ ਨਾਲ ਉਨ੍ਹਾਂ 'ਤੇ ਫਾਇਰ ਕੀਤੇ, ਜਿਨ੍ਹਾਂ ਵਿਚੋਂ ਇਕ ਫਾਇਰ ਸਾਗਰ ਉਰਫ ਬੱਗੀ ਦੇ ਸਿਰ ਵਿਚ ਲੱਗਾ। ਇਸ ਫਾਇਰਿੰਗ ਦੀ ਵਜ੍ਹਾ ਰੰਜਿਸ਼ ਹੈ। ਉਹ ਇਸ ਕਰਕੇ ਕਿਉਂਕਿ ਸਾਗਰ ਉਰਫ ਬੱਗੀ ਕਿਸੇ ਮੁਕੱਦਮੇ ਵਿਚ ਜੇਲ੍ਹ ਵਿਚ ਬੰਦ ਸੀ, ਜਿਥੇ ਇਸ ਦਾ ਰਾਜਬੀਰ ਸਿੰਘ ਨਾਲ ਝਗੜਾ ਹੋ ਗਿਆ ਸੀ। ਜਸਪਾਲ ਸਿੰਘ ਨੇ ਦੱਸਿਆ ਕਿ ਸਾਗਰ ਦਾ ਇਲਾਜ ਅਨਿਲ ਬਾਗੀ ਹਸਪਤਾਲ ਵਿਚ ਚੱਲ ਰਿਹਾ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਸ਼ਰਮਾ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਅਨ ਖ਼ਿਲਾਫ ਮਾਮਲਾ ਦਰਜ ਕਰ ਲਿਆ ਹੈ।

## ਪੁਲਸ ਮੁਲਾਜ਼ਮਾਂ ਲਈ ਵੱਡੇ ਖ਼ਤਰੇ ਦੀ ਘੰਟੀ ! ਹੈਰਾਨ ਕਰ ਦੇਵੇਗੀ ਇਹ ਰਿਪੋਰਟ

ਚੰਡੀਗੜ੍ਹ 22 ਅਕਤੂਬਰ। ਟਰੈਫਿਕ ਜਾਮ, ਹਾਰਨ ਦਾ ਸ਼ੋਰ ਅਤੇ ਲਗਾਤਾਰ ਵੱਧ ਰਹੀ ਵਾਹਨਾਂ ਦੀ ਗਿਣਤੀ ਨਾ ਸਿਰਫ਼ ਆਮ ਨਾਗਰਿਕਾਂ ਲਈ ਪਰੇਸ਼ਾਨੀ ਦਾ ਕਾਰਨ ਹੈ, ਸਗੋਂ ਸ਼ਹਿਰ ਦੀ ਟ੍ਰੈਫਿਕ ਪੁਲਸ ਦੀ ਸਿਹਤ 'ਤੇ ਵੀ ਇਸਦਾ ਡੂੰਘਾ ਅਸਰ ਪੈ ਰਿਹਾ ਹੈ। ਪੀ. ਜੀ. ਆਈ. ਦੇ ਸਕੂਲ ਆਫ਼ ਪਬਲਿਕ ਹੈਲਥ ਵਲੋਂ ਹਾਲ ਹੀ 'ਚ ਕੀਤੀ ਗਈ ਖੋਜ 'ਚ ਇਹ ਖ਼ੁਲਾਸਾ ਹੋਇਆ ਹੈ ਕਿ ਚੰਡੀਗੜ੍ਹ ਦੇ ਟ੍ਰੈਫਿਕ ਪੁਲਸ ਮੁਲਾਜ਼ਮ ਲਗਾਤਾਰ ਸ਼ੋਰ ਪ੍ਰਦੂਸ਼ਣ ਦੇ ਸ਼ਿਕਾਰ ਹੋ ਰਹੇ ਹਨ, ਜਿਸ ਨਾਲ ਉਨ੍ਹਾਂ ਨੂੰ ਮਾਨਸਿਕ ਤਣਾਅ, ਚਿੜਚਿੜਾਪਨ, ਸਿਰਦਰਦ, ਨੀਂਦ ਦੀ ਘਾਟ, ਹਾਈ ਬਲੱਡ ਪ੍ਰੈਸ਼ਰ ਅਤੇ ਇੱਥੋਂ ਤੱਕ ਕਿ ਦਿਲ ਦੀਆਂ ਬਿਮਾਰੀਆਂ ਦਾ ਖ਼ਤਰਾ ਵੀ ਵੱਧ ਰਿਹਾ ਹੈ। ਇਸ ਅਧਿਐਨ ਦੀ ਅਗਵਾਈ ਪ੍ਰੋ. ਰਵਿੰਦਰ ਖੈਵਾਲ ਨੇ ਕੀਤੀ, ਉਨ੍ਹਾਂ ਦੇ ਨਾਲ ਡਾ. ਅਵਿਨਾਸ਼ ਸ਼ਰੋਫ ਅਤੇ ਡਾ. ਸੁਮਨ ਮੋਰ ਵੀ ਸ਼ਾਮਲ ਸਨ। ਇਹ ਅਧਿਐਨ ਇੰਡੀਅਨ ਜਰਨਲ ਆਫ਼ ਪਬਲਿਕ ਹੈਲਥ 'ਚ ਪ੍ਰਕਾਸ਼ਿਤ ਹੋਇਆ ਹੈ। ਇਸ 'ਚ 422 ਟ੍ਰੈਫਿਕ ਪੁਲਸ ਮੁਲਾਜ਼ਮਾਂ ਨੂੰ ਸ਼ਾਮਲ ਕੀਤਾ ਗਿਆ, ਜਿਨ੍ਹਾਂ 'ਚੋਂ 100 ਪੁਲਸ ਮੁਲਾਜ਼ਮਾਂ ਨੂੰ ਟ੍ਰੈਫਿਕ ਡਿਊਟੀ ਤੋਂ ਅਤੇ 100 ਨੂੰ ਦਫ਼ਤਰ ਡਿਊਟੀ ਤੋਂ ਚੁਣਿਆ ਗਿਆ। ਤੁਲਨਾ ਕਰਨ 'ਤੇ ਸਾਹਮਣੇ ਆਇਆ ਕਿ 96 ਫ਼ੀਸਦੀ ਟ੍ਰੈਫਿਕ ਪੁਲਸ ਮੁਲਾਜ਼ਮ ਰੋਜ਼ਾਨਾ 10 ਘੰਟੇ ਤੋਂ ਵੱਧ ਸਮਾਂ ਸ਼ੋਰ ਵਾਲੇ ਮਾਹੌਲ 'ਚ ਬਿਤਾਉਂਦੇ ਹਨ, ਜਦੋਂ ਕਿ ਦਫ਼ਤਰ ਡਿਊਟੀ ਵਾਲੇ ਪੁਲਸ ਮੁਲਾਜ਼ਮ 'ਚ ਇਹ ਅੰਕੜਾ 69 ਫ਼ੀਸਦੀ ਸੀ। ਅਧਿਐਨ 'ਚ ਪਾਇਆ ਗਿਆ ਕਿ 56 ਫ਼ੀਸਦੀ ਟ੍ਰੈਫਿਕ ਪੁਲਸ ਮੁਲਾਜ਼ਮਾਂ ਨੂੰ ਕੰਨਾਂ 'ਚ ਲਗਾਤਾਰ ਆਵਾਜ਼ (ਟਿਨਿਟਸ) ਦੀ ਸਮੱਸਿਆ ਹੈ, ਜਦੋਂ ਕਿ ਦਫ਼ਤਰ ਡਿਊਟੀ ਵਾਲੇ ਪੁਲਸ ਮੁਲਾਜ਼ਮਾਂ 'ਚ ਇਹ ਸਮੱਸਿਆ ਸਿਰਫ 29 ਫ਼ੀਸਦੀ ਨੂੰ ਹੀ ਸੀ। ਇਸ ਤੋਂ ਇਲਾਵਾ ਤਣਾਅ ਅਤੇ ਚਿੜਚਿੜੇਪਨ ਵਰਗੀ ਮਾਨਸਿਕ ਸਮੱਸਿਆਵਾਂ ਟ੍ਰੈਫਿਕ ਡਿਊਟੀ ਵਾਲੇ ਪੁਲਸ ਮੁਲਾਜ਼ਮਾਂ 'ਚ ਕਾਫ਼ੀ ਜ਼ਿਆਦਾ ਦੇਖੀ ਗਈ। ਡਾ. ਖੈਵਾਲ ਦੱਸਦੇ ਹਨ ਕਿ ਅਧਿਐਨ 'ਚ ਇਹ ਸਪੱਸ਼ਟ ਹੋਇਆ ਕਿ ਸ਼ੋਰ ਪ੍ਰਦੂਸ਼ਣ ਸਿਰਫ਼ ਸੁਣਨ ਦੀ ਸਮਰੱਥਾ ਨੂੰ ਹੀ ਪ੍ਰਭਾਵਿਤ ਨਹੀਂ ਕਰਦਾ, ਸਗੋਂ ਨੀਂਦ ਦੀ ਸਮੱਸਿਆ, ਤਣਾਅ, ਹਾਈਪਰਟੈਨਸ਼ਨ ਅਤੇ ਦਿਲ ਦੀ ਬਿਮਾਰੀ ਵਰਗੀਆਂ ਗੰਭੀਰ ਪਰੇਸ਼ਾਨੀਆਂ ਦਾ ਕਾਰਨ ਵੀ ਬਣ ਰਿਹਾ ਹੈ। 80 ਫ਼ੀਸਦੀ ਤੋਂ ਵੱਧ ਟ੍ਰੈਫਿਕ ਪੁਲਸ ਮੁਲਾਜ਼ਮ ਤਣਾਅ ਤੋਂ ਪੀੜਤ ਹਨ। ਚੰਡੀਗੜ੍ਹ ਦੇ 11 ਪ੍ਰਮੁੱਖ ਟ੍ਰੈਫਿਕ ਪੁਆਇੰਟਾਂ 'ਤੇ ਸ਼ੋਰ ਪੱਧਰ ਮਾਪਿਆ ਗਿਆ। ਨਤੀਜਿਆਂ 'ਚ ਸਾਹਮਣੇ ਆਇਆ ਕਿ ਸਭ ਤੋਂ ਵੱਧ ਸ਼ੋਰ ਏਅਰਪੋਰਟ ਲਾਈਟ ਪੁਆਇੰਟ ਜੰਕਸ਼ਨ 'ਤੇ ਪਾਇਆ ਗਿਆ, ਜਿੱਥੇ ਸ਼ੋਰ ਦਾ ਪੱਧਰ 79.9-78.8 ਡੈਸੀਬਲ ਤੱਕ ਪਹੁੰਚ ਗਿਆ। ਜਦੋਂਕਿ ਸਭ ਤੋਂ ਘੱਟ ਸ਼ੋਰ ਸੁਖਨਾ ਝੀਲ ਦੇ ਐਂਟਰੀ ਪੁਆਇੰਟ 'ਤੇ ਦਰਜ ਹੋਇਆ, ਜੋ 72.0-69.89 ਡੈਸੀਬਲ ਸੀ। ਔਸਤਨ ਸ਼ਹਿਰ ਦੇ ਸਾਰੇ ਟ੍ਰੈਫਿਕ ਪੁਆਇੰਟਾਂ 'ਤੇ ਸ਼ੋਰ ਦਾ ਪੱਧਰ 76 ਡੈਸੀਬਲ ਤੋਂ ਵੱਧ ਰਿਹਾ, ਜੋ ਕਿ ਵਿਸ਼ਵ ਸਿਹਤ ਸੰਗਠਨ ਵੱਲੋਂ ਤੈਅ ਕੀਤੀ ਗਈ 65 ਡੈਸੀਬਲ ਦੀ ਸੁਰੱਖਿਅਤ ਸੀਮਾ ਤੋਂ ਕਾਫ਼ੀ ਜ਼ਿਆਦਾ ਹੈ। ਅਧਿਐਨ 'ਚ ਦੱਸਿਆ ਗਿਆ ਕਿ ਚੰਡੀਗੜ੍ਹ 'ਚ ਵਾਹਨ ਘਣਤਾ 4400 ਵਾਹਨ ਪ੍ਰਤੀ ਕਿਲੋਮੀਟਰ ਹੈ, ਜੋ ਕਿ ਦਿੱਲੀ ਨਾਲੋਂ ਲਗਭਗ ਦੁੱਗਣਾ ਹੈ। ਵਾਹਨਾਂ ਦਾ ਬਹੁਤ ਜ਼ਿਆਦਾ ਹੋਣ ਕਾਰਨ ਟ੍ਰੈਫਿਕ ਜਾਮ ਅਤੇ ਸ਼ੋਰ ਦੋਵੇਂ ਵੱਧ ਰਹੇ ਹਨ। ਡਾ. ਖੈਵਾਲ ਕਹਿੰਦੇ ਹਨ ਕਿ ਟਰੈਫਿਕ ਪੁਲਸ ਮੁਲਾਜ਼ਮ ਲਗਾਤਾਰ ਸ਼ੋਰ ਦੇ ਵਿਚਕਾਰ ਕੰਮ ਕਰਦੇ ਹਨ ਅਤੇ ਉਨ੍ਹਾਂ ਨੂੰ ਇਹ ਇੱਕ ਗੰਭੀਰ ਕਿੱਤਾਮੁਖੀ ਖ਼ਤਰਾ ਮੰਨਣਾ ਚਾਹੀਦਾ। ਦੁੱਖ ਦੀ ਗੱਲ ਹੈ ਕਿ ਜ਼ਿਆਦਾਤਰ ਪੁਲਸ ਮੁਲਾਜ਼ਮ ਇਸ ਨੂੰ ਖ਼ਤਰਾ ਨਹੀਂ ਮੰਨਦੇ ਅਤੇ ਕੰਨ ਢੱਕਣ ਵਾਲੇ ਈਅਰਪਲੱਗ ਜਾਂ ਈਅਰਮਫਸ ਵਰਗੇ ਸੁਰੱਖਿਆ ਉਪਕਰਣਾਂ ਦੀ ਵਰਤੋਂ ਨਹੀਂ ਕਰਦੇ।

### ਮੋਬਾਇਲ ਲੁੱਟ ਕੇ ਗੰਦੇ ਨਾਲੇ 'ਚ ਮਾਰੀ ਛਾਲ

ਲੁਧਿਆਣਾ 22 ਅਕਤੂਬਰ। ਸ਼ਹਿਰ 'ਚ ਇਕ ਅਜੀਬ ਘਟਨਾ ਵਾਪਰੀ ਹੈ। ਥਾਣਾ ਡਿਵੀਜ਼ਨ ਨੰਬਰ 4 ਦੇ ਅਧੀਨ ਆਉਂਦੇ ਘੋਰੀ ਵਾਲੀ ਸਰਕਾਰ ਦਰਗਾਹ ਦੇ ਨੇੜੇ ਉਸ ਸਮੇਂ ਦਹਿਸ਼ਤ ਫੈਲ ਗਈ ਜਦੋਂ ਇਕ ਨੌਜਵਾਨ ਨੇ ਇਕ ਪੈਦਲ ਯਾਤਰੀ ਤੋਂ ਮੋਬਾਈਲ ਫੋਨ ਖੋਹ ਲਿਆ ਅਤੇ ਭੱਜ ਗਿਆ। ਜਦੋਂ ਪਿੱਛਾ ਕੀਤਾ ਗਿਆ ਤਾਂ ਮੁਲਜ਼ਮ ਆਪਣੇ ਆਪ ਨੂੰ ਬਚਾਉਣ ਲਈ ਇਕ ਗੰਦੇ ਨਾਲੇ 'ਚ ਛਾਲ ਮਾਰ ਗਿਆ। ਰਾਹਗੀਰ ਨਾਲੇ ਦੇ ਕਿਨਾਰੇ ਖੜ੍ਹੇ ਤਮਾਸ਼ਾ ਦੇਖਦੇ ਰਹੇ ਪਰ ਕਿਸੇ ਨੇ ਵੀ ਬਦਬੂਦਾਰ ਪਾਣੀ 'ਚ ਵੜਨ ਦੀ ਹਿੰਮਤ ਨਹੀਂ ਕੀਤੀ। ਮੁਲਜ਼ਮ ਕਈ ਮਿੰਟਾਂ ਤੱਕ ਲੁਕਿਆ ਰਿਹਾ, ਮੋਬਾਈਲ ਫੋਨ ਨੂੰ ਦੇਖਦਾ ਰਿਹਾ। ਇਸ ਦੌਰਾਨ ਲੋਕਾਂ ਨੇ ਪੁਲਸ ਨੂੰ ਬੁਲਾਇਆ ਪਰ ਵਰਦੀ ਵਾਲੇ ਪਹੁੰਚਣ 'ਚ ਦੇਰੀ ਕਰ ਗਏ। ਮੌਕਾ ਦੇਖ ਕੇ, ਮੁਲਜ਼ਮ ਨਾਲੇ ਦੇ ਦੂਜੇ ਸਿਰੇ ਤੋਂ ਬਾਹਰ ਆਇਆ, ਉਸਦਾ ਪੂਰਾ ਸਰੀਰ ਗੰਦਗੀ ਨਾਲ ਢੱਕਿਆ ਹੋਇਆ ਸੀ। ਲੋਕ ਉਸਨੂੰ ਦੂਰੋਂ ਦੇਖਦੇ ਰਹੇ, ਕਿਸੇ ਨੇ ਵੀ ਨੇੜੇ ਆਉਣ ਦੀ ਹਿੰਮਤ ਨਹੀਂ ਕੀਤੀ। ਇਸ ਦਾ ਫਾਇਦਾ ਉਠਾਉਂਦੇ ਹੋਏ ਉਹ ਮੋਬਾਈਲ ਲੈ ਕੇ ਫਰਾਰ ਹੋ ਗਿਆ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜ਼ਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਦੁਨੀਆ ਦੇ ਨਕਸ਼ੇ ਤੋਂ ਗਾਇਬ ਹੋ ਜਾਏਗਾ ਇਹ ਦੇਸ਼ ! ਬਾਬਾ ਵੇਂਗਾ ਦੀ ਭਵਿੱਖਬਾਣੀ ਨੇ ਮਚਾਇਆ ਤਹਿਲਕਾ

ਕੌਮੀ ਪਤ੍ਰਿਕਾ

ਨਵੀਂ ਦਿੱਲੀ 22 ਅਕਤੂਬਰ। 2044 ਤੱਕ, ਯੂਰਪ ਦਾ ਨਕਸ਼ਾ ਬਦਲ ਸਕਦਾ ਹੈ ਅਤੇ ਇੱਕ ਖਲੀਫ਼ਾ ਰੋਮ ਦੇ ਦਿਲ ਵਿੱਚ ਰਾਜ ਕਰ ਸਕਦਾ ਹੈ - ਇਹ ਹੈਰਾਨ ਕਰਨ ਵਾਲੀ ਭਵਿੱਖਬਾਣੀ ਵਿਸ਼ਵ-ਪ੍ਰਸਿੱਧ ਰਹੱਸਵਾਦੀ ਬਾਬਾ ਵੇਂਗਾ ਦੁਆਰਾ ਕੀਤੀ ਗਈ ਹੈ। ਇਸਲਾਮਿਕ ਸਟੇਟ ਦਹਿਸ਼ਤ ਦੇ ਸੰਦਰਭ ਵਿੱਚ ਉਨ੍ਹਾਂ ਨੇ ਇੱਕ ਵੱਡੇ ਟਕਰਾਅ ਦੀ ਗੱਲ ਕੀਤੀ ਹੈ ਜੋ ਯੂਰਪ ਦੇ ਸਮਾਜਿਕ ਅਤੇ ਰਾਜਨੀਤਿਕ ਦ੍ਰਿਸ਼ ਨੂੰ ਤਬਾਹ ਕਰ ਸਕਦਾ ਹੈ। ਬਾਬਾ ਵੇਂਗਾ ਦੀ ਚੇਤਾਵਨੀ ਉਸ ਸਮੇਂ ਵੱਲ ਇਸ਼ਾਰਾ ਕਰਦੀ ਹੈ ਜਦੋਂ ਯੂਰਪ ਲਗਭਗ ਖਾਲੀ ਹੋ ਜਾਵੇਗਾ ਅਤੇ ਇਸਦੀ ਸੰਸਕ੍ਰਿਤੀ ਇੱਕ ਨਵੇਂ ਯੁੱਗ ਦੀਆਂ ਚੁਣੌਤੀਆਂ ਦਾ ਸਾਹਮਣਾ ਕਰ ਸਕਦੀ ਹੈ। ਵੈਟੀਕਨ ਸਿਟੀ, ਜਿੱਥੇ ਪੋਪ ਸੱਤਾ ਸੰਭਾਲਦਾ ਹੈ, ਜਲਦੀ ਹੀ 18 ਸਾਲਾਂ ਬਾਅਦ ਇੱਕ ਖਲੀਫ਼ਾ ਦੁਆਰਾ ਸ਼ਾਸਨ ਕੀਤਾ ਜਾਵੇਗਾ। ਕੀ 2044 ਤੱਕ ਯੂਰਪ ਦਾ ਚਿਹਰਾ ਪੂਰੀ ਤਰ੍ਹਾਂ ਬਦਲ ਜਾਵੇਗਾ ਅਤੇ ਮਹਾਂਦੀਪ ਲਗਭਗ ਉਜੜ ਜਾਵੇਗਾ? ਇਹ ਚੇਤਾਵਨੀ ਬਾਬਾ ਵੇਂਗਾ ਦੁਆਰਾ ਦਿੱਤੀ ਗਈ ਹੈ, ਜੋ ਕਿ ਭਾਰਤ ਸਮੇਤ ਦੁਨੀਆ ਭਰ ਦੇ ਕਈ ਦੇਸ਼ਾਂ ਵਿੱਚ ਇੱਕ ਮਸ਼ਹੂਰ ਰਹੱਸਵਾਦੀ ਹੈ। ਬਾਬਾ ਵੇਂਗਾ ਦੀਆਂ ਭਵਿੱਖਬਾਣੀਆਂ ਨੇ ਸਾਲਾਂ ਤੋਂ ਲੋਕਾਂ ਦੇ ਦਿਲਾਂ ਵਿੱਚ ਡਰ ਅਤੇ ਹੈਰਾਨੀ ਦੋਵਾਂ ਨੂੰ ਪੈਦਾ ਕੀਤੀ ਹੈ। ਇਹ ਰਹੱਸਮਈ ਬੁਲਗਾਰੀਆਈ ਔਰਤ ਜਿਸਦਾ ਅਸਲ ਨਾਮ ਵੈਂਜੇਲੀਆ ਪਾਂਡੇਵਾ ਦਿਮਿਤਰੋਵਾ ਸੀ, 1911 ਵਿੱਚ ਪੈਦਾ ਹੋਈ ਸੀ ਅਤੇ ਬਚਪਨ ਵਿੱਚ ਹੀ ਆਪਣੀ ਨਜ਼ਰ ਗੁਆ ਬੈਠੀ ਸੀ। ਇਹ ਮੰਨਿਆ ਜਾਂਦਾ ਹੈ ਕਿ ਇਸਨੇ ਉਸਨੂੰ ਭਵਿੱਖ ਦੀ ਭਵਿੱਖਬਾਣੀ ਕਰਨ ਦਾ ਵਿਲੱਖਣ ਤੋਹਫ਼ਾ ਦਿੱਤਾ। ਉਨ੍ਹਾਂ ਦੇ ਸ਼ਬਦ ਇੰਨੇ ਸ਼ਕਤੀਸ਼ਾਲੀ ਸਨ ਕਿ ਬੁਲਗਾਰੀਆ ਦੇ ਰਾਜੇ ਤੋਂ ਲੈ ਕੇ ਸੋਵੀਅਤ ਯੂਨੀਅਨ ਦੇ ਨੇਤਾ ਤੱਕ ਲੋਕ ਉਨ੍ਹਾਂ ਦੀ ਸਲਾਹ ਲੈਣ ਆਉਂਦੇ ਸਨ। ਹੁਣ ਉਨ੍ਹਾਂ ਦੀ ਇੱਕ ਹੋਰ ਭਵਿੱਖਬਾਣੀ ਨੇ ਦੁਨੀਆ ਨੂੰ ਹਿਲਾ ਕੇ ਰੱਖ ਦਿੱਤਾ ਹੈ। ਨਿਊਯਾਰਕ ਪੋਸਟ ਦੀ ਇੱਕ ਰਿਪੋਰਟ ਦੇ ਅਨੁਸਾਰ ਬਾਬਾ ਵੇਂਗਾ ਨੇ ਇੱਕ ਮਹਾਨ ਮੁਸਲਿਮ ਯੁੱਧ ਦੀ ਗੱਲ ਕੀਤੀ ਸੀ, ਜੋ 2010 ਵਿੱਚ ਅਰਬ ਬਸੰਤ ਦੇ ਸੰਘਰਸ਼ਾਂ ਨਾਲ ਸ਼ੁਰੂ ਹੋਈ ਸੀ। ਉਨ੍ਹਾਂ ਨੇ ਕਿਹਾ ਕਿ ਮੁਸਲਿਮ ਕੱਟੜਪੰਥੀ ਯੂਰਪ ਵਿੱਚ ਰਸਾਇਣਕ ਹਥਿਆਰਾਂ ਦੀ ਵਰਤੋਂ ਕਰਨਗੇ ਅਤੇ 2043 ਤੱਕ ਰੋਮ ਦੇ ਦਿਲ ਵਿੱਚ ਇੱਕ ਖਲੀਫ਼ਾ ਸਥਾਪਤ ਹੋ ਜਾਵੇਗਾ। ਇਹ ਇਸਲਾਮਿਕ ਸਟੇਟ ਅੱਤਵਾਦ ਦਾ ਸਪੱਸ਼ਟ ਹਵਾਲਾ ਸੀ। ਵੇਂਗਾ ਨੇ ਭਵਿੱਖਬਾਣੀ ਕੀਤੀ ਸੀ ਕਿ 2044 ਤੱਕ, ਯੂਰਪ ਦਾ ਚਿਹਰਾ ਪੂਰੀ ਤਰ੍ਹਾਂ ਬਦਲ ਜਾਵੇਗਾ। ਮਹਾਂਦੀਪ ਦੀ ਆਬਾਦੀ ਬਹੁਤ ਘੱਟ ਜਾਵੇਗੀ, ਅਤੇ ਇਸਦੀ ਜ਼ਮੀਨ ਬੰਜਰ ਅਤੇ ਖਾਲੀ ਹੋ ਜਾਵੇਗੀ, ਜੋ ਕਿ ਉਸ ਸਮੇਂ ਤੱਕ ਮੌਜੂਦ ਸਭਿਅਤਾ ਅਤੇ ਸੱਭਿਆਚਾਰ ਲਈ ਇੱਕ ਵੱਡੇ ਖ਼ਤਰੇ ਦਾ ਸੰਕੇਤ ਹੈ। ਇਹ ਭਵਿੱਖਬਾਣੀ ਇਹ ਸਵਾਲ ਉਠਾਉਂਦੀ ਹੈ: ਕੀ ਵਿਸ਼ਵ ਰਾਜਨੀਤੀ, ਧਰਮ ਅਤੇ ਸੰਘਰਸ਼ ਦੀ ਦਿਸ਼ਾ ਵਿੱਚ ਇੱਕ ਵੱਡੀ ਤਬਦੀਲੀ ਆਉਣ ਵਾਲੀ ਹੈ? ਕੀ ਅਸੀਂ ਸੱਚਮੁੱਚ ਉਸ ਸਮੇਂ ਦੇ ਨੇੜੇ ਹਾਂ ਜਦੋਂ ਯੂਰਪ ਦੀ ਪਰਿਭਾਸ਼ਾ ਬਦਲ ਜਾਵੇਗੀ? ਇਸ ਰਹੱਸਮਈ ਭਵਿੱਖਬਾਣੀ ਨੇ ਦੁਨੀਆ ਭਰ ਦੇ ਖੋਜਕਰਤਾਵਾਂ, ਰਾਜਨੀਤਿਕ ਵਿਸ਼ਲੇਸ਼ਕਾਂ ਅਤੇ ਆਮ ਜਨਤਾ ਦੇ ਮਨਾਂ ਵਿੱਚ ਕਈ ਸਵਾਲ ਖੜ੍ਹੇ ਕੀਤੇ ਹਨ। ਕੀ ਇਤਿਹਾਸ ਸੱਚਮੁੱਚ ਇਸ ਤਰੀਕੇ ਨਾਲ ਲਿਖਿਆ ਜਾਵੇਗਾ ਜੋ ਯੂਰਪ ਦੇ ਸਮਾਜਿਕ-ਰਾਜਨੀਤਿਕ ਤਾਣੇ-ਬਾਣੇ ਨੂੰ ਇਸਦੇ ਮੂਲ ਤੱਕ ਹਿਲਾ ਦੇਵੇਗਾ? ਬਾਬਾ ਵੇਂਗਾ ਦੀ ਇਹ ਚੇਤਾਵਨੀ ਨਿਸ਼ਚਤ ਤੌਰ 'ਤੇ ਇੱਕ ਨਵੇਂ ਯੁੱਗ ਵੱਲ ਇਸ਼ਾਰਾ ਕਰਦੀ ਹੈ, ਜਿੱਥੇ ਸਾਨੂੰ ਨਾ ਸਿਰਫ਼ ਮੌਜੂਦਾ ਸੰਕਟਾਂ ਦਾ ਸਾਹਮਣਾ ਕਰਨਾ ਪਵੇਗਾ, ਸਗੋਂ ਆਉਣ ਵਾਲੀਆਂ ਪੀੜ੍ਹੀਆਂ ਲਈ ਇੱਕ ਸੁਰੱਖਿਅਤ ਅਤੇ ਸਥਿਰ ਸੰਸਾਰ ਬਣਾਉਣ ਦੀ ਚੁਣੌਤੀ ਦਾ ਵੀ ਸਾਹਮਣਾ ਕਰਨਾ ਪਵੇਗਾ।

## ਮਾਂ ਨੇ ਸ਼ਰਾਬ ਪੀਣ ਤੋਂ ਝਿੜਕਿਆ ! ਗੁੱਸੇ 'ਚ ਅੱਗ ਬਬੂਲਾ ਹੋਇਆ ਪੁੱਤ, ਕਰ 'ਤਾ ਬੇਰਹਿਮੀ ਨਾਲ ਕਤਲ

ਨੈਸ਼ਨਲ ਡੈਸਕ 19 ਅਕਤੂਬਰ। ਰੌਸ਼ਨੀਆਂ ਦੇ ਤਿਉਹਾਰ ਦੀਵਾਲੀ ਦੀਆਂ ਤਿਆਰੀਆਂ ਦੌਰਾਨ ਜਬਲਪੁਰ ਤੋਂ ਇੱਕ ਦਿਲ ਦਹਿਲਾ ਦੇਣ ਵਾਲੀ ਖ਼ਬਰ ਸਾਹਮਣੇ ਆਈ ਹੈ। ਇੱਕ ਪੁੱਤਰ ਨੇ ਆਪਣੀ ਹੀ ਮਾਂ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ। ਮੌਤ ਦਾ ਕਾਰਨ ਬੱਸ ਇਹੀ ਸੀ ਕਿ ਸ਼ਰਾਬ ਪੀਣ ਲਈ ਉਸਦੀ ਝਿੜਕ ਸੀ। ਇਹ ਦਿਲ ਦਹਿਲਾ ਦੇਣ ਵਾਲੀ ਘਟਨਾ ਸਿਹੋੜਾ ਥਾਣਾ ਖੇਤਰ ਦੇ ਅਧੀਨ ਆਉਂਦੇ ਪਿੰਡ ਰੌਸਰੀ ਵਿੱਚ ਵਾਪਰੀ। ਪੁਲਸ ਦੇ ਅਨੁਸਾਰ 60 ਸਾਲਾ ਕੁਸੁਮ ਬਾਈ ਚੌਧਰੀ ਆਪਣੇ ਘਰ ਵਿੱਚ ਮ੍ਰਿਤਕ ਪਾਈ ਗਈ, ਉਸਦੇ ਮੱਥੇ ਅਤੇ ਨੱਕ ਵਿੱਚੋਂ ਖੂਨ ਵਹਿ ਰਿਹਾ ਸੀ। ਜਾਂਚ ਤੋਂ ਬਾਅਦ ਪੁਲਸ ਨੇ ਕਤਲ ਦਾ ਪਤਾ ਲਗਾਇਆ ਤੇ ਦੋਸ਼ੀ ਰਾਮਕੁਮਾਰ ਚੌਧਰੀ (33) ਨੂੰ ਗ੍ਰਿਫ਼ਤਾਰ ਕਰ ਲਿਆ। ਰਾਮਕੁਮਾਰ ਸ਼ਰਾਬੀ ਸੀ। ਉਹ ਨਿਯਮਿਤ ਤੌਰ 'ਤੇ ਸ਼ਰਾਬ ਪੀਂਦਾ ਸੀ, ਉਸਨੂੰ ਗਾਲੀ-ਗਲੋਚ ਕਰਦਾ ਸੀ ਅਤੇ ਘਰ ਵਿੱਚ ਹੰਗਾਮਾ ਕਰਦਾ ਸੀ। ਇਸ ਕਾਰਨ ਉਸਦੀ ਪਹਿਲੀ ਪਤਨੀ ਸੀਮਾ ਚੌਧਰੀ ਉਸਨੂੰ ਛੱਡ ਗਈ। ਉਸਨੇ ਬਾਅਦ ਵਿੱਚ ਦੁਬਾਰਾ ਵਿਆਹ ਕਰਵਾ ਲਿਆ ਪਰ ਉਸਦੀ ਦੂਜੀ ਪਤਨੀ, ਉਸਦੀ ਸ਼ਰਾਬ ਤੋਂ ਤੰਗ ਆ ਕੇ ਉਸਨੂੰ ਵੀ ਛੱਡ ਗਈ। ਉਸਦੀਆਂ ਦੋਵੇਂ ਪਤਨੀਆਂ ਉਸਨੂੰ ਛੱਡਣ ਤੋਂ ਬਾਅਦ, ਉਹ ਆਪਣੀ ਮਾਂ ਨਾਲ ਰਹਿਣ ਲੱਗ ਪਿਆ। 12 ਅਕਤੂਬਰ ਦੀ ਰਾਤ ਨੂੰ, ਉਹ ਸ਼ਰਾਬ ਪੀ ਕੇ ਘਰ ਆਇਆ ਅਤੇ ਆਪਣੀ ਮਾਂ ਨਾਲ ਬਦਸਲੂਕੀ ਕਰਨ ਲੱਗ ਪਿਆ। ਜਦੋਂ ਉਸਦੀ ਮਾਂ ਨੇ ਉਸਨੂੰ ਰੋਕਿਆ ਅਤੇ ਝਿੜਕਿਆ, ਤਾਂ ਉਹ ਗੁੱਸੇ ਵਿੱਚ ਆ ਗਿਆ। ਦੋਸ਼ੀ ਪੁੱਤਰ ਨੇ ਆਪਣੀ ਮਾਂ ਦੇ ਵਾਲ ਫੜ ਲਏ ਅਤੇ ਉਸਨੂੰ ਬੇਰਹਿਮੀ ਨਾਲ ਕੁੱਟਣਾ ਸ਼ੁਰੂ ਕਰ ਦਿੱਤਾ, ਜਿਸ ਕਾਰਨ ਉਸਦੀ ਮੌਕੇ 'ਤੇ ਹੀ ਮੌਤ ਹੋ ਗਈ। ਪੁਲਸ ਨੇ ਦੋਸ਼ੀ ਪੁੱਤਰ ਵਿਰੁੱਧ ਕਤਲ ਦੇ ਦੋਸ਼ ਹੇਠ ਬੀਐਨਐਸ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਹੈ। ਦੋਸ਼ੀ ਨੂੰ ਗ੍ਰਿਫਤਾਰ ਕਰਕੇ ਵੀਰਵਾਰ ਨੂੰ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ। ਮ੍ਰਿਤਕ ਔਰਤ ਦਾ ਪੋਸਟਮਾਰਟਮ ਕਰਵਾਇਆ ਗਿਆ ਅਤੇ ਉਸਦੀ ਲਾਸ਼ ਉਸਦੇ ਪਰਿਵਾਰ ਨੂੰ ਸੌਂਪ ਦਿੱਤੀ ਗਈ।

## ਜੇਲ੍ਹ 'ਚ ਬੰਦ ਨਸ਼ੇ ਦੇ ਸੋਦਾਗਰਾਂ ਦੇ ਘਰਾਂ 'ਤੇ ਚੱਲਿਆ ਸਰਕਾਰ ਦਾ ਪੀਲਾ ਪੰਜਾ

ਬੰਗਾ 22 ਅਕਤੂਬਰ। ਪੰਜਾਬ ਸਰਕਾਰ ਦੀ ਨਸ਼ਿਆਂ ਵਿਰੁੱਧ ਚਲਾਈ ਮੁਹਿੰਮ ਤਹਿਤ ਸਿਵਲ ਪ੍ਰਸ਼ਾਸਨ ਵੱਲੋਂ ਪੁਲਸ ਪ੍ਰਸ਼ਾਸਨ ਦੇ ਸਹਿਯੋਗ ਨਾਲ ਬੰਗਾ ਦੇ ਮੁੱਹਲਾ ਮੁਕਤਪੁਰਾ ਦੇ ਦੋ ਜੇਲ੍ਹ ਵਿੱਚ ਬੰਦ ਨਸ਼ੇ ਦੇ ਸੋਦਾਗਰਾਂ ਦੇ ਘਰਾਂ 'ਤੇ ਪੀਲਾ ਪੰਜਾ ਚਲਾ ਕੇ ਘਰਾਂ ਨੂੰ ਇਕ ਮਿੰਟ ਵਿੱਚ ਮਲਬੇ ਵਿੱਚ ਤਬਦੀਲ ਕਰ ਦਿੱਤਾ ਗਿਆ। ਇਸ ਸਬੰਧੀ ਜਾਣਕਾਰੀ ਮੌਕੇ 'ਤੇ ਪੁੱਜੇ ਸੀਨੀਅਰ ਪੁਲਸ ਕਪਤਾਨ ਸ਼ਹੀਦ ਭਗਤ ਸਿੰਘ ਨਗਰ ਡਾ. ਮਹਿਤਾਬ ਸਿੰਘ ਨੇ ਦੱਸਿਆ ਕਿ ਕੁਲਦੀਪ ਕੁਮਾਰ ਉਰਫ਼ ਦੀਪਾ ਪੁੱਤਰ ਸਲਿੰਦਰ ਕੁਮਾਰ ਨਸ਼ੇ ਦਾ ਕਾਰੋਬਾਰ ਕਰਦਾ ਹੈ। ਇਸ 'ਤੇ 12 ਐਨ. ਡੀ. ਪੀ. ਐੱਸ. ਅਧੀਨ ਮਾਮਲੇ ਦਰਜ਼ ਹਨ, ਜਦਕਿ ਇਸ ਦੇ ਹੋਰ ਪਰਿਵਾਰ ਮੈਂਬਰਾਂ 'ਤੇ ਵੀ ਐਨ. ਡੀ. ਪੀ. ਐੱਸ. ਅਧੀਨ ਮਾਮਲੇ ਦਰਜ ਹਨ। ਉਨ੍ਹਾਂ ਦੱਸਿਆ ਇਸ ਦੇ ਪਿਤਾ ਸੁਲੰਦਿਰ ਕੁਮਾਰ ਉਰਫ਼ ਛਿੰਦਾ ਪੁੱਤਰ ਗਵਰਧਨ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਪੁਲਸ ਵੱਲੋਂ 1 ਹਜ਼ਾਰ ਤੋਂ ਵੱਧ ਐਨ. ਡੀ. ਪੀ. ਐੱਸ. ਮਾਮਲੇ ਦਰਜ ਕਰ 1200 ਤੋਂ ਵੱਧ ਨਸ਼ੇ ਦੇ ਸੋਦਾਗਰਾਂ ਨੂੰ ਜੇਲ੍ਹ ਭੇਜਿਆ ਜਾ ਚੁੱਕਾ ਹੈ, ਜਿਨ੍ਹਾਂ ਵਿੱਚੋਂ 13 ਡੱਰਗ ਦੇ ਸੋਦਾਗਰਾਂ ਦੀ 1 ਕਰੋੜ ਤੋਂ ਵੱਧ ਦੀ ਜਾਇਦਾਦ ਵੀ ਸੀਲ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਨਸ਼ੇ ਵਿਰੁੱਧ ਉਨ੍ਹਾਂ ਦੀ ਪੂਰੀ ਟੀਮ ਵੱਲੋਂ ਆਉਣ ਵਾਲੇ ਸਮੇਂ ਅੰਦਰ ਵੀ ਨਸ਼ਿਆ ਵਿਰੁੱਧ ਇਸੇ ਤਰਾਂ ਹੀ ਨਕੇਲ ਕੱਸ ਕੇ ਰੱਖੀ ਜਾਵੇਗੀ ਅਤੇ ਕਿਸੇ ਵੀ ਨਸ਼ੇ ਦੇ ਸੋਦਾਗਰ ਨੂੰ ਕਿਸੇ ਵੀ ਕੀਮਤ 'ਤੇ ਬਖ਼ਸ਼ਿਆ ਨਹੀਂ ਜਾਵੇਗਾ। ਇਸ ਮੌਕੇ 'ਤੇ ਉਨਾਂ ਨਾਲ ਵਿਸ਼ੇਸ ਤੌਰ 'ਤੇ ਉੱਪ ਪੁਲਸ ਕਤਪਾਨ ਬੰਗਾ ਹਰਜੀਤ ਸਿੰਘ ਰੰਧਾਵਾ, ਐੱਸ. ਐੱਚ. ਓ. ਸਿਟੀ ਚੋਧਰੀ ਵਰਿੰਦਰ ਕੁਮਾਰ, ਕਾਰਜ਼ ਸਾਧਕ ਅਧਿਕਾਰੀ ਰਾਜੀਵ ਸਰੀਨ, ਐੱਸ. ਆਈ. ਨਗਰ ਕੌਂਸਲ ਭਾਰਤ ਭੂਸ਼ਣ, ਏ. ਐੱਸ. ਆਈ. ਹਰਪ੍ਰੀਤ ਸਿੰਘ, ਐੱਸ. ਓ. ਦਿਨੇਸ਼ ਕੁਮਾਰ ਅਤੇ ਵੱਡੀ ਗਿਣਤੀ ਵਿੱਚ ਨਗਰ ਕੌਂਸਲ ਅਤੇ ਪੁਲਸ ਵਿਭਾਗ ਦੇ ਕਰਮਚਾਰੀ ਅਤੇ ਅਧਿਕਾਰੀ ਹਾਜ਼ਰ ਸਨ।


**NAME CHANGE**

I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

**NAME CHANGE**

I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

**NAME CHANGE**

I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

**NAME CHANGE**

I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

**NAME CHANGE**

I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

**NAME CHANGE**

I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

**NAME CHANGE**

I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**PUBLIC NOTICE**

It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

**PUBLIC NOTICE**

It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR - 2211-005020356. The actual name of mine is INDU CHAUHAN which may be amended accordingly

**PUBLIC NOTICE**

It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

**NAME CHANGE**

I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

**NAME CHANGE**

It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

**PUBLIC NOTICE**

It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**

I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

**NAME CHANGE**

I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

**NAME CHANGE**

I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

**NAME CHANGE**

I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

**NAME CHANGE**

I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

**NAME CHANGE**

I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

**NAME CHANGE**

I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

**NAME CHANGE**

It is for general information that I, DINDAYAL KAPIL S/o BANWAR LAL KAPIL, R/o RZ-12 G, Gali No. 3, Gandhi Market, New Delhi, West Sagar Pur, South West Delhi, Delhi - 110046, declare that name of mine has been wrongly written as DINDAYAL in my PPO No. 08/14/8/05982/1994. The actual name of mine is DINDAYAL KAPIL, which may be amended accordingly.

**PUBLIC NOTICE**

It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

**NAME CHANGE**

I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**NAME CHANGE**

I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

**NAME CHANGE**

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**

I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**

I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**

I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**

I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**NAME CHANGE**

I Suvita Rana(d/o.Shri Omvir Singh) wife of Vikram Singh Rana was Suvita Rani before Marriage. After marriage I am also known as Suvita Rana and as such in my daughter's educational certificate my name (as her mother) is endorsed as Suvita Rana. Thus I affirm and confirm that Suvita Rani (my maiden name) and Suvita Rana (my name having surname of my husband Vikram Singh Rana) is the same person.

**NAME CHANGE**

I, HASINA BEGAM KHAN W/O SALIM IQBAL KHAN R/O TAURU ROAD, MARIA MANJIL SCHOOL ,ARAVALY COLONY, NUH, MEWAT, HARYANA-122107 HAVE CHANGED MY NAME TO HASINA BEGAM FOR ALL PURPOSE.

**NAME CHANGE**

I, Sudama Sharma S/O Devi Ram Sharma,R/O A - 3/106 - 107 , Sector-16 Rohini, Rohini Sector 15, North West Delhi, Delhi - 110089, have changed the name of my minor son namely Yash Sharma aged 15 years and he shall hereafter be known as Aayush Sharma.

**NAME CHANGE**

I, S VANITHA W/o No. 14838283N Rank-HAV/MT Name-RAMESH P R/o VILL-SEDRAMPUTTU, PO-SEDRAMPUTTU, TEH-POLUR, DIST-THRUVANNAMALAI, TAMIL NADU-632315, have changed my name from S VANITHA to VANITHA R for all future purposes vide Affidavit dated 15/07/2025 before Notary Public, Kupwara.

**NAME CHANGE**

I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**

I, SANJAY KUMAR CHOUDHARY S/o LATE SH. LAXMAN CHAUDHARY Permanent R/o Parsauni Khirodhar, Sitamarhi, Bihar-843325 and Presently Residing at Plot No. B-20, Second Floor, Dass Garden, Baprola Vihar, Najafgarh, New Delhi-110043. declare that name of mine has been wrongly written as SANJAY CHOUDHARY in my minor daughter namely SHIWANGI CHOUDHARY aged 17 years in her 10th class Marksheet. The actual name of mine is SANJAY KUMAR CHOUDHARY, which may be amended accordingly.

**NAME CHANGE**

I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**NAME CHANGE**

I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**PUBLIC NOTICE**

Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**PUBLIC NOTICE**

My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

**ARJUN BIDHURI Advocate**
CH. NO.536, Saket Courts
New Delhi-110017.

**NAME CHANGE**

I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**PUBLIC NOTICE**

Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**NAME CHANGE**

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**PUBLIC NOTICE**

It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**

I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.

**NAME CHANGE**

I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**NAME CHANGE**

I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**

I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**NAME CHANGE**

I hitherto known as JAGANATH KAPUR alias JAYANTI KAPUR W/o RAJ KUMAR KAPUR, R/o Near Dhingra Park, House No. 26, Road No. 14, East Punjabi Bagh, West Delhi, Delhi-110026, have changed my name and shall hereafter be known as JAYANTI KAPUR.

**NAME CHANGE**

It is for general information that I, VISHAL SONI S/o SUGHAR SINGH R/o 1338A/8, Gali No.-8, Nearby SK Depot, Govindpuri Kalkaji, Kalkaji, South Delhi, Delhi-110019, declare that name of mine has been wrongly written as VISHAL in my Driving Licence No. DL03 20090024443. The actual name of mine is VISHAL SONI, which may be amended accordingly.

**PUBLIC NOTICE**

Public notice is hereby given that my clients Mr. Sushil Kumar and Mr. Rajendra Kumar Tyagi both S/o Mr. Ved Prakash Tyagi, both R/o House No. 312, Saddiq Nagar, Near Auto Stand Sihani, Ghaziabad, Uttar Pradesh 201003, are owner of Residential Plot No. 43 & 44, area measuring 200 Square Yards i.e. 167.22 Square Meters out of Khasra No. 459, situated in the village Saddiq Nagar, Pargana Loni, Tehsil & District Ghaziabad, Uttar Pradesh, vide Khatauni Fasli Year 1427-1432 Calendar Year 2019-2024, it is pertinent to mention here that after the death of their father Mr. Ved Prakash Tyagi, they became the owner of the said property. My client is absolute owner of the said property which is free from encumbrance. The said property neither falls under acquisition nor falls under any litigation in any court of law. On date, being the absolute owner of the said property, my clients are going to sell the said property to Mrs. Deepika Singh W/o Mr. Krishna Kumar Singh. The same is going to be financed by PNB Housing Finance Ltd., branch Sahibabad, Ghaziabad, Uttar Pradesh. If any person(s) has/have any objection regarding the above said property, then kindly may submit his/her objection within 7 days from the date of the Notice in writing to undersigned or the said Bank/FI. The said objection may be kindly sent to the undersigned/bank by way of the Registered Post on the address given below and by E-mail. Failing which, the claim as per aforesaid shall be treated as null and void in respect of the subject property.

**[RUPESH KUMAR ROUSHAN]**
Advocate
D-803, Nandgram,
Ghaziabad,
Uttar Pradesh 201003
roushan.rupesh@gmail.com

**NAME CHANGE**

I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**

I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.

**NAME CHANGE**

I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**

I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

**NAME CHANGE**

I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

**NAME CHANGE**

I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.

**NAME CHANGE**

I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**NAME CHANGE**

I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose

**NAME CHANGE**

I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**PUBLIC NOTICE**

My client Gokul Chand S/o Prabhu Ram and his Wife Maya, H.No- 83, 84, F-4 Block, Sultanpuri, New Delhi- 86, has severed all his relations & connections from his Son Rajesh Kumar & disowned his from her all movable and immovable properties. My client shall not be responsible for his any acts.

**Shyam Sharma (Adv)**

**PUBLIC NOTICE**

I, IMRAJ S/o SHAKIL, R/o B-29, Nanda Road Adarsh Nagar North West Delhi-110033, do hereby solemnly affirm and declare that I have embraced HINDUISM RELIGION and renounced ISLAM RELIGION with effect from 07.06.2025

**NAME CHANGE**

I, IMRAJ S/o SHAKIL, R/o B-29, Nanda Road Adarsh Nagar North West Delhi-110033 have changed my name to RINKU THAKUR

**NAME CHANGE**

I, VANDANA is legally spouse of No. 15671777K Rank-HAV Name AMIT KUMAR AWASTHI, R/O H NO.-920, KESOOR, PO- KESOOR, DIST-DHAR, MADHYA PRADESH-454001 have changed my name from VANDANA to VANDANA AWASTHI for all future purposes. Vide Affidavit Dated 16/07/2025, Before Notary Public New Delhi.

**NAME CHANGE**

I, SALMA KHATUN is legally spouse of No. 15692253W Rank-HAV Name MURTUJA ALI, R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my name from SALMA KHATUN to SALMA KHATOON for all future purposes. Vide Affidavit Dated 16/07/2025 Before Notary Public New Delhi.

**NAME CHANGE**

I, No. 15692253W Rank-HAV Name MURTUJA ALI, S/o LATE ZABBER ANSARI R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my minor son name from MOHAMAD ALI to MOHAMMAD ALI for all future purposes. Vide Affidavit Dated 16/07/2025 Before Notary Public New Delhi.

**NAME CHANGE**

I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

**NAME CHANGE**

I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHONNAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

**NAME CHANGE**

I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

**NAME CHANGE**

I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

**NAME CHANGE**

I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

**NAME CHANGE**

I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

**NAME CHANGE**

I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.

**PUBLIC NOTICE**

My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

**ARJUN BIDHURI Advocate**
CH. NO.536, Saket Courts
New Delhi-110017.

**NAME CHANGE**

I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**NAME CHANGE**

I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**NAME CHANGE**

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**

I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**

I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**

I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**

I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

**NAME CHANGE**

I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

**NAME CHANGE**

I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

**NAME CHANGE**

I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

**PUBLIC NOTICE**

MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES

**PINKI LAMBA MANN**
ADVOCATE
OFF. A-205A, NORTH
EX.MALL, SECTOR-9,
ROHINI, NEW DELHI

## ਸਤਿਆਵਤੀ ਹਿਮਾਂਸ਼ੂ ਸ਼ਰਮਾ ਮੈਮੋਰੀਅਲ ਫਾਊਂਡੇਸ਼ਨ ਵੱਲੋਂ ਪ੍ਰਧਾਨ ਵਿਨੇ ਸ਼ਰਮਾ ਦੀ ਅਗਵਾਈ ਹੇਠ ਲੋੜਵੰਦ ਔਰਤਾਂ ਅਤੇ ਲੜਕੀਆਂ ਦੀ ਮਦਦ ਲਈ ਫਰੀ ਸਿਲਾਈ ਕਢਾਈ ਸੈਂਟਰ ਖੋਲਣਾ ਸ਼ਲਾਘਾਯੋਗ ਉਪਰਾਲਾ



ਪਟਿਆਲਾ, 22 ਅਕਤੂਬਰ
-ਅਮਰਜੀਤ ਸਿੰਘ-
-ਕੌਮੀ ਪੱਤ੍ਰਿਕਾ ਬਿਊਰੋ-

ਸਤਿਆਵਤੀ ਹਿਮਾਂਸ਼ੂ ਸ਼ਰਮਾ ਮੈਮੋਰੀਅਲ ਫਾਊਂਡੇਸ਼ਨ ਵੱਲੋਂ ਯੂਥ ਫੈਡਰੇਸ਼ਨ ਆਫ ਇੰਡੀਆ,ਪਾਵਰ ਹਾਊਸ ਯੂਥ ਕਲੱਬ,ਯੁਵਕ ਸੇਵਾਵਾਂ ਕਲੱਬ ਦੀਪ ਨਗਰ ਦੇ ਸਹਿਯੋਗ ਨਾਲ ਲੋੜਵੰਦ ਔਰਤਾਂ ਅਤੇ ਲੜਕੀਆਂ ਲਈ ਰਣਬੀਰਪੁਰਾ ਵਿਖੇ ਫਰੀ ਸਿਲਾਈ ਕਢਾਈ ਸੈਂਟਰ ਖੋਲਿਆ ਗਿਆ ਸੀ। ਇਸ ਸਿਖਲਾਈ ਸੈਂਟਰ ਵਿਚ ਸਿਖਲਾਈ ਦੇ ਰਹੀ ਟੀਚਰ ਕਰਮਜੀਤ ਕੌਰ ਅਤੇ ਹੋਰ ਲੜਕੀਆਂ ਨੂੰ ਆਰਥਿਕ ਸਹਾਇਤਾ ਦੇਣ ਲਈ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ।ਜਿਸ ਵਿਚ ਮੁੱਖ ਮਹਿਮਾਨ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ , ਮੈਂਬਰ ਜ਼ਿਲ੍ਹਾ ਸਾਂਝ ਕੇਂਦਰ, ਮੈਂਬਰ ਜ਼ਿਲ੍ਹਾ ਯੁਵਾ ਸਾਂਝ ਕਮੇਟੀ, ਮੈਂਬਰ ਵੂਮੈਨ ਕੌਸਲਿੰਗ ਸੈਲ ਨੇ ਸ਼ਿਰਕਤ ਕੀਤੀ। ਪ੍ਰੋਗਰਾਮ ਦੀ ਪ੍ਰਧਾਨਗੀ ਸਮਾਜ ਸੇਵਿਕਾ ਭੁਪਿੰਦਰ ਕੌਰ ਕਰੋਜੀਵਾਲਾ ਅਤੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਕੀਤੀ।ਪ੍ਰੋਗਰਾਮ ਦਾ ਉਦਘਾਟਨ ਰਿਟਾਇਰ ਐਸ ਡੀ ਓ ਬਿਜਲੀ ਬੋਰਡ ਵਿਨੇ ਸ਼ਰਮਾ ਪ੍ਰਧਾਨ ਸਤਿਆਵਤੀ ਹਿਮਾਂਸ਼ੂ ਸ਼ਰਮਾ ਮੈਮੋਰੀਅਲ ਫਾਊਂਡੇਸ਼ਨ ਨੇ ਕੀਤਾ।

ਇਸ ਮੌਕੇ ਵਿਸ਼ੇਸ਼ ਤੌਰ ਤੇ ਉਪਕਾਰ ਸਿੰਘ,ਰੁਦਰਪ੍ਰਤਾਪ ਸਿੰਘ ,ਗੁਰਜੀਤ ਸਿੰਘ ਲੱਕੀ ਹਰਦਾਸਪੁਰ, ਹਰਮਨਜੀਤ ਸਿੰਘ ਰੰਧਾਵਾ, ਭਿੰਦਰ ਜਲਵੇੜਾ ਨੇ ਵੀ ਸ਼ਮੂਲੀਅਤ ਕੀਤੀ।ਇਸ ਮੌਕੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਨੇ ਕਿਹਾ ਕਿ ਅਜੋਕੇ ਸਮੇਂ ਵਿੱਚ ਔਰਤਾਂ ਅਤੇ ਲੜਕੀਆਂ ਨੂੰ ਆਤਮ ਨਿਰਭਰ ਹੋਣਾ ਸਮੇਂ ਦੀ ਮੁੱਖ ਲੋੜ ਹੈ। ਉਹਨਾਂ ਕਿਹਾ ਕਿ ਔਰਤਾਂ ਅਤੇ ਲੜਕੀਆਂ ਹੱਥੀਂ ਕੰਮ ਸਿੱਖ ਕੇ ਆਪਣੇ ਪਰਿਵਾਰ ਦਾ ਪਾਲਣ ਪੋਸ਼ਣ ਬਹੁਤ ਵਧੀਆ ਢੰਗ ਨਾਲ ਕਰ ਸਕਦੀਆਂ ਹਨ ਕਿਉਂਕਿ ਹਰ ਰੋਜ਼ ਘਰੇਲੂ ਜ਼ਰੂਰਤ ਦੀਆਂ ਚੀਜ਼ਾਂ ਵਿੱਚ ਦੇ ਰੇਟ ਵੱਧ ਰਹੇ ਹਨ ਜਿਸ ਕਾਰਨ ਕਈ ਪਰਿਵਾਰਾਂ ਨੂੰ ਬਹੁਤ ਦਿੱਕਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ ।ਇਸ ਲਈ ਲੋੜਵੰਦ ਔਰਤਾਂ ਅਤੇ ਲੜਕੀਆਂ ਲਈ ਫਰੀ ਸਿਲਾਈ ਕਢਾਈ ਸੈਂਟਰ ਖੋਲਣਾ ਸ਼ਲਾਘਾਯੋਗ ਉਪਰਾਲਾ ਹੈ। ਉਹਨਾਂ ਕਿਹਾ ਕਿ ਔਰਤਾਂ ਅਤੇ ਲੜਕੀਆਂ ਇਸ ਸਿਲਾਈ ਕਢਾਈ ਸੈਂਟਰ ਵਿਚੋਂ ਸਿਖਲਾਈ ਲੈ ਕੇ ਆਪਣਾ ਸਵੈਰੋਜ਼ਗਾਰ ਚਲਾ ਸਕਦੀਆਂ ਹਨ । ਇਸ ਮੌਕੇ ਵਿਨੇ ਸ਼ਰਮਾ ਨੇ ਕਿਹਾ ਕਿ ਉਹਨਾਂ ਦੀ ਸੰਸਥਾ ਸਤਿਆਵਤੀ ਹਿਮਾਂਸ਼ੂ ਸ਼ਰਮਾ ਮੈਮੋਰੀਅਲ ਫਾਊਂਡੇਸ਼ਨ ਵਲੋਂ ਅੱਗੇ ਤੋਂ ਵੀ ਹਮੇਸ਼ਾ ਲੋਕ ਭਲਾਈ ਦੇ ਕੰਮਾਂ ਲਈ ਹਰ ਸੰਭਵ ਮਦਦ ਕੀਤੀ ਜਾਂਦੀ ਰਹੇਗੀ ਅਤੇ ਸਿਲਾਈ ਕਢਾਈ ਸੈਂਟਰ ਦਾ ਕੋਰਸ ਪੂਰਾ ਹੋਣ ਤੇ ਸਿਖਿਆਰਥੀਆਂ ਨੂੰ ਸਰਟੀਫਿਕੇਟ ਵੀ ਦਿੱਤੇ ਜਾਣਗੇ। ਇਸ ਮੌਕੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਵੱਲੋਂ ਸਿਲਾਈ ਕਢਾਈ ਸੈਂਟਰ ਦੀਆਂ ਔਰਤਾਂ ਅਤੇ ਲੜਕੀਆਂ ਨੂੰ ਰਿਫਰੈਸ਼ਮੈਂਟ ਵੀ ਦਿੱਤੀ ਗਈ ਅਤੇ ਕਿਹਾ ਕਿ ਉਹਨਾਂ ਵੱਲੋ ਸਿਲਾਈ ਕਢਾਈ ਸੈਂਟਰ ਦੌਰਾਨ ਸਿਖਲਾਈ ਲੈ ਰਹੀਆਂ ਸਿਖਿਆਰਥੀਆਂ ਦੀ ਹਰ ਸੰਭਵ ਮਦਦ ਕੀਤੀ ਜਾਵੇਗੀ।

## ਜਾਗਰੂਕਤਾ ਤੋਂ ਪ੍ਰਭਾਵਿਤ ਹੋ ਪਿਛਲੇ 3 ਸਾਲਾਂ ਤੋਂ ਨਹੀਂ ਲਗਾ ਰਿਹਾ ਪਰਾਲੀ ਨੂੰ ਅੱਗ

ਫਾਜ਼ਿਲਕਾ,22 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਦੇ ਦਿਸ਼ਾ-ਨਿਰਦੇਸ਼ਾਂ ਹੇਠ ਜ਼ਿਲ੍ਹਾ ਪ੍ਰਸ਼ਾਸਨ ਤੇ ਖੇਤੀਬਾੜੀ ਵਿਭਾਗ ਵਾਤਾਵਰਣ ਦੀ ਸਾਂਭ-ਸੰਭਾਲ ਰੱਖਣ ਲਈ ਲਗਾਤਾਰ ਕਿਸਾਨ ਵੀਰਾਂ ਨੂੰ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਗਾਉਣ ਬਾਰੇ ਪ੍ਰੇਰਿਤ ਕਰ ਰਿਹਾ ਹੈ।

ਇਸ ਤੋਂ ਪ੍ਰਭਾਵਿਤ ਹੋ ਕੇ ਅਨੇਕਾ ਕਿਸਾਨ ਆਪਣੀ ਨੈਤਿਕ ਜਿੰਮੇਵਾਰੀ ਸਮਝਦਿਆਂ ਪਰਾਲੀ ਨੂੰ ਅੱਗ ਨਹੀਂ ਲਗਾ ਰਹੇ। ਇਸੇ ਤਰ੍ਹਾਂ ਹੀ ਪਿੰਡ ਪੀਰੇ ਕੇ ਉਤਾਰ ਦਾ ਕਿਸਾਨ ਮੰਗਲ ਸਿੰਘ ਲਗਾਤਾਰ ਪਿਛਲੇ ਤਿੰਨ ਸਾਲ ਤੋਂ ਪਰਾਲੀ ਨੂੰ ਅੱਗ ਨਾ ਲਗਾ ਕੇ ਖੇਤ ਵਿੱਚ ਹੀ ਜਜਬ ਕਰ ਰਿਹਾ ਹੈ। ਉਹ ਆਖਦਾ ਹੈ ਕਿ ਖੇਤੀਬਾੜੀ ਵਿਭਾਗ ਵੱਲੋਂ ਸਬਸਿਡੀ *ਤੇ ਮੁਹੱਈਆ ਕਰਵਾਏ ਖੇਤੀਬਾੜੀ ਸੰਦਾ ਰਾਹੀਂ ਉਹ ਪਰਾਲੀ ਨੂੰ ਜਮੀਨ ਵਿਚ ਵਾਹ ਕੇ ਫਸਲ ਦੀ ਬਿਜਾਈ ਕਰ ਰਿਹਾ ਹੈ ਜਿਸ ਨਾਲ ਜਰੂਰੀ ਖੁਰਾਕੀ ਤੱਤ ਨਸ਼ਟ ਨਹੀਂ ਹੁੰਦੇ ਤੇ ਫਸਲ ਦਾ ਝਾੜ ਵੀ ਜਿਆਦਾ ਨਿਕਲਦਾ ਹੈ।ਕਿਸਾਨ ਮੰਗਲ ਸਿੰਘ ਦੱਸਦਾ ਹੈ ਕਿ ਇਸ ਨਾਲ ਮਿੱਟੀ ਦੀ



ਉਪਜਾਊ ਸ਼ਕਤੀ ਬਣੀ ਰਹਿੰਦੀ ਹੈ ਤੇ ਵਾਤਾਵਰਨ ਨੂੰ ਸਾਫ ਸੁਥਰਾ ਰੱਖਣ ਵਿੱਚ ਵੀ ਆਪਦਾ ਬਣਦਾ ਯੋਗਦਾਨ ਪਾ ਰਿਹਾ ਹੈ। ਉਹ ਹੋਰਨਾਂ ਕਿਸਾਨਾਂ ਲਈ ਜਿਥੇ ਪ੍ਰੇਰਣਾ ਸਰੋਤ ਬਣਿਆ ਹੈ ਉਥੇ ਕਿਸਾਨ ਵੀਰਾਂ ਨੂੰ ਪਰਾਲੀ ਨਾ ਸਾੜ ਕੇ ਇਸਦਾ ਸੁਯੋਗ ਪ੍ਰਬੰਧਨ ਕਰਨ ਬਾਰੇ ਜਾਗਰੂਕ ਕਰ ਰਿਹਾ ਹੈ। ਉਹ ਕਹਿੰਦਾ ਹੈ ਕਿ ਕਿਸਾਨ ਵੀਰਾਂ ਨੂੰ ਪਰਾਲੀ ਸਾੜਨ ਦੇ ਰੁਝਾਨ ਨੂੰ ਬੰਦ ਕਰਨਾ ਚਾਹੀਦਾ ਹੈ ਤੇ ਰਹਿੰਦ-ਖੂਹੰਦ ਨੂੰ ਨਾ ਸਾੜ ਕੇ ਆਪਣੇ ਆਲੇ-ਦੁਆਲੇ ਤੇ ਵਾਤਾਵਰਣ ਨੂੰ ਸ਼ੁੱਧ ਰੱਖਣ ਵਿਚ ਸਹਾਈ ਬਣਨਾ ਚਾਹੀਦਾ ਹੈ।

## ਤਰਨ ਤਾਰਨ ਉਪ ਚੋਣ ਲਈ ਅੱਜ ਚਾਰ ਉਮੀਦਵਾਰਾਂ ਦੇ ਆਪਣੇ ਨਾਮਜ਼ਦਗੀ ਪੱਤਰ ਦਾਖਲ ਕੀਤੇ

ਤਰਨ ਤਾਰਨ, 22 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਵਿਧਾਨ ਸਭਾ ਹਲਕਾ 021-ਤਰਨ ਤਾਰਨ ਦੀ ਹੋ ਰਹੀ ਉਪ ਚੋਣ ਲਈ ਅੱਜ ਚਾਰ ਉਮੀਦਵਾਰਾਂ ਨੇ ਆਪਣੇ ਨਾਮਜਦਗੀ ਪੱਤਰ ਦਾਖਲ ਕੀਤੇ ਹਨ। ਰਿਟਰਨਿੰਗ ਅਫਸਰ-ਕਮ-ਐਸਡੀਐਮ ਤਰਨ ਤਾਰਨ ਕੋਲ ਅੱਜ ਆਮ ਆਦਮੀ ਪਾਰਟੀ ਦੇ ਉਮੀਦਵਾਰ ਹਰਮੀਤ ਸਿੰਘ ਸੰਧੂ ਵੱਲੋਂ ਆਪਣੇ ਨਾਮਜਦਗੀ ਪੱਤਰ ਦਾਖਲ ਕੀਤੇ ਗਏ ਹਨ। ਆਮ ਆਦਮੀ ਪਾਰਟੀ ਦੇ ਕਵਰਿੰਗ ਉਮੀਦਵਾਰ ਵਜੋਂ ਰਾਜੇਸ਼ ਵਾਲੀਆ ਨੇ ਨਾਮਜ਼ਦਗੀ ਪੱਤਰ ਭਰੇ ਹਨ।

ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਹਰਜੀਤ ਸਿੰਘ ਸੰਧੂ ਅਤੇ ਸੱਚੋ ਸੱਚ ਪਾਰਟੀ ਦੇ ਉਮੀਦਵਾਰ ਸ਼ਾਮ ਲਾਲ ਗਾਂਧੀ ਨੇ ਵੀ ਅੱਜ ਆਪਣੇ ਨਾਮਜ਼ਦਗੀ ਪੱਤਰ ਦਾਖਲ ਕੀਤੇ ਹਨ।

ਇਸ ਤੋਂ ਪਹਿਲਾਂ ਕਾਂਗਰਸ ਪਾਰਟੀ ਦੇ ਉਮੀਦਵਾਰ ਕਰਨਬੀਰ ਸਿੰਘ, ਸ਼ ? ?ਰੋਮਣੀ ਅਕਾਲੀ ਦਲ ਦੀ ਉਮੀਦਵਾਰ ਸੁਖਵਿੰਦਰ ਕੌਰ ਅਤੇ ਸ਼ ? ?ਰੋਮਣੀ ਅਕਾਲੀ ਦਲ ਦੀ ਕਵਰਿੰਗ ਉਮੀਦਵਾਰ ਵਜੋਂ ਕੰਚਨਪ੍ਰੀਤ ਕੌਰ ਵੀ ਆਪਣੇ ਨਾਮਜ਼ਦਗੀ ਪੱਤਰ ਭਰ ਚੁੱਕੇ ਹਨ।



ਰਿਟਰਨਿੰਗ ਅਫਸਰ ਗੁਰਮੀਤ ਸਿੰਘ ਨੇ ਦੱਸਿਆ ਕਿ ਵਿਧਾਨ ਸਭਾ ਹਲਕਾ ਤਰਨ ਤਾਰਨ ਦੀ ਜ਼ਿਮਨੀ ਚੋਣ ਲਈ 21 ਅਕਤੂਬਰ ਤੱਕ ਨਾਮਜ਼ਦਗੀ ਪੱਤਰ ਦਾਖਲ ਕੀਤੇ ਜਾ ਸਕਣਗੇ।

ਉਨ੍ਹਾਂ ਦੱਸਿਆ ਕਿ 18 ਅਕਤੂਬਰ (ਸ਼ਨੀਵਾਰ) ਨੈਗੋਸ਼ੀਏਬਲ ਇੰਸਟਰੂਮੈਂਟ ਐਕਟ, 1881 ਦੇ ਤਹਿਤ ਛੁੱਟੀ ਨਹੀਂ ਹੈ ਅਤੇ ਉਸ ਦਿਨ ਵੀ ਨਾਮਜ਼ਦਗੀ ਪੱਤਰ ਦਾਖਲ ਕੀਤੇ ਜਾ ਸਕਦੇ ਹਨ। ਹਾਲਾਂਕਿ, 19 ਅਕਤੂਬਰ (ਐਤਵਾਰ) ਅਤੇ 20 ਅਕਤੂਬਰ (ਸੋਮਵਾਰ, ਦੀਵਾਲੀ) ਇਸ ਐਕਟ ਦੇ ਤਹਿਤ ਛੁੱਟੀਆਂ ਹਨ, ਅਤੇ ਇਨ੍ਹਾਂ ਤਾਰੀਖਾਂ 'ਤੇ ਨਾਮਜ਼ਦਗੀ ਪੱਤਰ ਦਾਖਲ ਨਹੀਂ ਕੀਤੇ ਜਾ ਸਕਦੇ।

ਉਨ੍ਹਾਂ ਅੱਗੇ ਦੱਸਿਆ ਕਿ 22 ਅਕਤੂਬਰ ਨੂੰ ਨਾਮਜ਼ਦਗੀ ਪੱਤਰਾਂ ਦੀ ਪੜਤਾਲ ਕੀਤੀ ਜਾਵੇਗੀ ਜਦਕਿ 24 ਅਕਤੂਬਰ ਨਾਮਜ਼ਦਗੀ ਪੱਤਰ ਵਾਪਿਸ ਲੈਣ ਦੀ ਅੰਤਿਮ ਮਿਤੀ ਹੈ। ਉਨ੍ਹਾਂ ਦੱਸਿਆ ਕਿ ਵੋਟਾਂ 11 ਨਵੰਬਰ ਨੂੰ ਪੈਣਗੀਆਂ 'ਤੇ ਵੋਟਾਂ ਦੀ ਗਿਣਤੀ 14 ਨਵੰਬਰ ਨੂੰ ਹੋਵੇਗੀ। ਇਸ ਦੇ ਨਾਲ ਹੀ ਸਮੁੱਚੀ ਚੋਣ ਪ੍ਰਕਿਰਿਆ 16 ਨਵੰਬਰ, 2025 ਤੱਕ ਮੁਕੰਮਲ ਕਰ ਲਈ ਜਾਵੇਗੀ।

## ਅਧਿਆਪਕ ਮਾਪੇ ਮਿਲਣੀ ਨਾਲ ਵਿਦਿਆਰਥੀਆਂ ਦੀ ਸਿੱਖਿਆ ਵਿੱਚ ਹੋਵੇਗਾ ਸੁਧਾਰ



ਸ੍ਰੀ ਆਨੰਦਪੁਰ ਸਾਹਿਬ,22 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਸ.ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸ. ਹਰਜੋਤ ਸਿੰਘ ਬੈਂਸ ਸਿੱਖਿਆ ਮੰਤਰੀ ਦੇ ਰਹਿਨੁਮਾਈ ਵਿੱਚ ਸਰਕਾਰੀ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਲੋਦੀਪੁਰ ਵਿਚ ਅਧਿਆਪਕ ਮਾਪੇ ਮਿਲਣੀ ਕਰਵਾਈ ਗਈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸਕੂਲ ਦੇ ਪ੍ਰਿੰਸੀਪਲ ਸ੍ਰੀ ਨੀਰਜ ਕੁਮਾਰ ਵਰਮਾ ਅਤੇ ਸਮੂਹ ਪ੍ਰਾਇਮਰੀ ਸਟਾਫ ਵੱਲੋਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਅੱਜ ਅਧਿਆਪਕ ਮਾਪੇ ਮਿਲਣੀ ਕਰਵਾਈ ਗਈ ਜਿਸ ਵਿੱਚ ਬੱਚਿਆਂ ਦੇ ਮਾਪਿਆਂ ਵੱਲੋਂ ਭਰਮੀ ਸ਼ਮੂਲੀਅਤ ਕਰਕੇ ਅਧਿਆਪਕਾਂ ਨਾਲ ਖੁੱਲ ਕੇ ਵਿਚਾਰ ਵਟਾਂਦਰਾ ਕੀਤਾ। ਇਸ ਮੌਕੇ ਐਸਐਮਸੀ ਕਮੇਟੀ ਮੈਂਬਰਾਂ ਨੇ ਵੀ ਅਧਿਆਪਕਾਂ ਨਾਲ ਗੱਲਬਾਤ ਕੀਤੀ ਅਤੇ ਸਕੂਲ ਦੇ ਵਿਕਾਸ ਲਈ ਆਪਣਾ ਯੋਗਦਾਨ ਪਾਉਣ ਦੀ ਵਚਨਬੱਧਤਾ ਪ੍ਰਗਟਾਈ।

ਉਨ੍ਹਾਂ ਦੱਸਿਆ ਕਿ ਵਿਦਿਆਰਥੀਆਂ ਬਾਰੇ ਮਾਪਿਆ ਨੂੰ ਬਹੁਤ ਵਧੀਆ ਢੰਗ ਨਾਲ ਜਾਣੂ ਕਰਾਇਆ ਗਿਆ। ਉਨ੍ਹਾਂ ਦੱਸਿਆ ਕਿ ਪੰਜਾਬ ਦੇ ਸਿੱਖਿਆ ਮੰਤਰੀ ਨੇ ਸਕੂਲਾਂ ਨੂੰ ਬਿਹਤਰੀਨ ਬਣਾਉਣ ਲਈ ਹਰ ਸੰਭਵ ਉਪਰਾਲਾ ਕੀਤਾ ਹੈ ਅਤੇ ਰਾਤ ਦਿਨ ਮਿਹਨਤ ਕਰਕੇ ਸਕੂਲਾ ਵਿੱਚ ਬੁਨਿਆਦੀ ਸਹੂਲਤ ਮੁਹੱਇਆ ਕਰਵਾ ਰਹੇ ਹਨ। ਇਸ ਮੌਕੇ ਮਾਪਿਆ ਨੂੰ ਆਪਣੇ ਬੱਚਿਆਂ ਦੀ ਕਾਰਗੁਜ਼ਾਰੀ ਨੂੰ ਮੋਨੀਟਰ ਕਰਨ ਲਈ ਵੀ ਕਿਹਾ।

## ਮਹਿਮਾ ਸਰਕਾਰੀ ਵਿਖੇ ਬਲਾਕ ਪੱਧਰੀ ਕਿਸਾਨ ਜਾਗਰੂਕਤਾ ਕੈਂਪ ਆਯੋਜਿਤ

ਬਠਿੰਡਾ, 22 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਡਿਪਟੀ ਕਮਿਸ਼ਨਰ ਸ਼੍ਰੀ ਰਾਜੇਸ਼ ਧੀਮਾਨ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਪਿੰਡ ਮਹਿਮਾ ਸਰਕਾਰੀ ਵਿਖੇ ਬਲਾਕ ਪੱਧਰੀ ਕਿਸਾਨ ਜਾਗਰੂਕਤਾ ਕੈਂਪ ਲਗਾਇਆ ਗਿਆ। ਜਿਸ ਵਿੱਚ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਮੈਡਮ ਪੂਨਮ ਸਿੰਘ ਵੱਲੋਂ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਗਈ। ਇਸ ਮੌਕੇ ਮੁੱਖ ਖੇਤੀਬਾੜੀ ਅਫ਼ਸਰ ਡਾ. ਹਰਬੰਸ ਸਿੰਘ ਸਿੱਧੂ ਵੀ ਵਿਸ਼ੇਸ਼ ਤੌਰ ਤੇ ਮੌਜੂਦ ਰਹੇ।

ਕੈਂਪ ਦੌਰਾਨ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਮੈਡਮ ਪੂਨਮ ਸਿੰਘ ਨੇ ਕਿਸਾਨਾਂ ਨਾਲ ਗੱਲਬਾਤ ਕਰਨ ਉਪਰੰਤ ਉਨ੍ਹਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਝੋਨੇ ਦੀ ਪਰਾਲੀ ਅਤੇ ਇਸ ਦੀ ਰਹਿੰਦ-ਖੂੰਹਦ ਨੂੰ ਅੱਗ ਨਾ ਲਗਾਉਣ ਇਸ ਨਾਲ ਪੈਦਾ ਹੋਏ ਧੂੰਏ ਕਾਰਨ ਜਿਥੇ ਵਾਤਾਵਰਣ ਪ੍ਰਦੂਸ਼ਿਤ ਹੁੰਦਾ ਹੈ, ਉਥੇ ਇਹ ਧੂੰਆ ਕਈ ਵਾਰ ਸੜਕਾਂ 'ਤੇ ਹਾਦਸਿਆਂ ਦਾ ਕਾਰਨ ਵੀ ਬਣਦਾ ਹੈ। ਉਨ੍ਹਾਂ ਕਿਹਾ ਕਿ ਅੱਗ ਲਗਾਉਣ ਨਾਲ ਖੇਤ ਵਿੱਚ ਖੜ੍ਹੇ ਦਰੱਖਤ



ਅਤੇ ਖੇਤ ਨਾਲ ਖੜ੍ਹੀ ਫ਼ਸਲ ਨੂੰ ਵੀ ਅੱਗ ਲੱਗਣ ਕਾਰਨ ਨੁਕਸਾਨ ਹੋ ਸਕਦਾ ਹੈ। ਇਸ ਤੋਂ ਇਲਾਵਾ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਨਾਲ ਨਿਕਲੇ ਹੋਏ ਧੂੰਏ ਦੇ ਕਾਰਨ ਅੱਖਾਂ ਅਤੇ ਫੇਫੜਿਆਂ ਦੀਆਂ ਬਿਮਾਰੀਆਂ ਵਿੱਚ ਵਾਧਾ ਹੁੰਦਾ ਹੈ।ਕੈਂਪ ਵਿੱਚ ਮੌਜੂਦ ਬਲਾਕ ਖੇਤੀਬਾੜੀ ਅਫ਼ਸਰ ਡਾ. ਹਰਜਸਪਾਲ ਸ਼ਰਮਾ ਵਲੋਂ ਕਿਸਾਨ ਵੀਰਾਂ ਨੂੰ ਪਰਾਲੀ ਨੂੰ ਅੱਗ ਨਾ ਲਗਾ ਕੇ ਖੇਤ ਵਿੱਚ ਸਾਂਭਣ ਲਈ ਵੱਖੋ-ਵੱਖ ਮਸ਼ੀਨਾਂ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ । ਖੇਤੀਬਾੜੀ ਵਿਕਾਸ ਅਫ਼ਸਰ ਡਾ ਜਗਤ ਸਿੰਘ , ਡਾ. ਅਰਸ਼ਦੀਪ ਸਿੰਘ ਅਤੇ ਡਾ ਸੁਖਦੀਪ ਸਿੰਘ ਵਲੋ ਹਾੜੀ ਦੀਆ ਮੁੱਖ ਫਸਲਾਂ ਕਣਕ ਅਤੇ ਸਰੋਂ ਦੀਆ ਨਵੀਆ ਕਿਸਮਾਂ ਅਤੇ ਤਕਨੀਕਾ ਬਾਰੇ ਜਾਣੂ ਕਰਵਾਇਆ ਗਿਆ ।

ਕੈਂਪ ਦੇ ਆਖੀਰ ਵਿੱਚ ਮੁੱਖ ਮਹਿਮਾਨ ਵੱਲੋਂ ਜਿਹੜੇ ਕਿਸਾਨਾਂ ਨੇ ਪਿਛਲੇ ਸਾਲ ਪਰਾਲੀ ਨੂੰ ਸਾੜਨ ਤੋ ਵਗੈਰ ਪਰਾਲੀ ਦੀ ਸਾਂਭ-ਸੰਭਾਲ ਕੀਤੀ ਗਈ ਓਹਨਾ ਨੂੰ ਸਨਮਾਨਿਤ ਵੀ ਕੀਤਾ ਗਿਆ ਤਾਂ ਜੋ ਇਸ ਸਾਲ ਹੋਰ ਵੀ ਕਿਸਾਨ ਵੀਰ ਉਤਸਾਹਿਤ ਹੋਕੇ ਪਰਾਲੀ ਨੂੰ ਅੱਗ ਲਗਾਏ ਵਗੈਰ ਉਹਦੀ ਸਾਂਭ ਸੰਭਾਲ ਕਰ ਸਕਣ ਅਤੇ ਨਾਲ ਹੀ ਕਿਸਾਨਾਂ ਨੂੰ ਇਹ ਵੀ ਕਿਹਾ ਗਿਆ ਕਿ ਸਰਕਾਰ ਵੱਲੋ ਝੋਨੇ ਦੀ ਖਰੀਦ ਲਈ 17 ਪ੍ਰਤੀਸ਼ਤ ਨਮੀ ਨਿਰਧਾਰਿਤ ਕੀਤੀ ਗਈ ਹੈ ਅਤੇ ਕਿਸਾਨ ਨੂੰ ਅਪੀਲ ਕਰਦਿਆ ਝੋਨੇ ਦੀ ਸੁੱਕੀ ਫ਼ਸਲ ਹੀ ਮੰਡੀਆ ਵਿੱਚ ਲੈ ਕੇ ਆਉਣ ਤਾ ਜੋ ਉਹਨਾਂ ਨੂੰ ਕੋਈ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ।

## ਹਰੇਕ ਹੜ ਪੀੜਤ ਤੱਕ ਪਹੁੰਚੇਗਾ ਪੰਜਾਬ ਸਰਕਾਰ ਵੱਲੋਂ ਜਾਰੀ ਮੁਆਵਜਾ: ਨਰਿੰਦਰ ਪਾਲ ਸਿੰਘ ਸਵਨਾ



ਫਾਜ਼ਿਲਕਾ,22 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਵੱਲੋਂ ਕੁਦਰਤੀ ਕਰੋਪੀ ਹੜ੍ਹਾਂ ਤੋਂ ਬਾਅਦ ਲੋਕਾਂ ਦੇ ਪੁਨਰਵਾਸ ਕਰਨ ਦੇ ਨਾਲ-ਨਾਲ ਇਕ ਮਹੀਨੇ ਦੇ ਅੰਦਰ-ਅੰਦਰ ਮੁਆਵਜਾ ਦੇਣ ਦੇ ਵਾਅਦੇ ਦੀ ਪੂਰਤੀ ਕੀਤੀ ਹੈ। ਪੰਜਾਬ ਸਰਕਾਰ ਵੱਲੋਂ ਦੀਵਾਲੀ ਤੋਂ ਪਹਿਲਾਂ ਮੁਆਵਜਾ ਦੇਣ ਦੀ ਸ਼ੁਰੂਆਤ ਕਰ ਦਿੱਤੀ ਗਈ ਹੈ। ਇਹ ਸ਼ਬਦ ਫਾਜ਼ਿਲਕਾ ਦੇ ਵਿਧਾਇਕ ਸ੍ਰੀ ਨਰਿੰਦਰ ਪਾਲ ਸਿੰਘ ਸਵਨਾ ਨੇ ਪਿੰਡ ਸਿਵਾਨਾ ਅਤੇ ਓਡੀਆਂ, ਘੁਰਕਾ ਵਿਖੇ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਨੁਕਸਾਨੀਆਂ ਫਸਲਾਂ ਅਤੇ ਘਰਾਂ ਦੇ ਮੁਆਵਜ਼ਾ ਰਾਸ਼ੀ ਦੇ ਮਨਜੂਰੀ ਪੱਤਰ ਦੇਣ ਮੌਕੇ ਕੀਤਾ।

ਵਿਧਾਇਕ ਸ੍ਰੀ ਨਰਿੰਦਰ ਪਾਲ ਸਿੰਘ ਸਵਨਾ ਨੇ ਕਿਹਾ ਕਿ ਪੰਜਾਬ ਸਰਕਾਰ ਹੜ ਪੀੜ੍ਹਤਾਂ ਨਾਲ ਖੜ੍ਹੀ ਹੈ ਤੇ ਹਰੇਕ ਨੂੰ ਉਸਦੇ ਨੁਕਸਾਨ ਦਾ ਮੁਆਵਜਾ ਦੇਣ ਲਈ ਕਾਰਜਸ਼ੀਲ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਦੀ ਵਿਸ਼ੇਸ਼ ਤਰਜੀਹ ਸੀ ਕਿ ਪਾਣੀ ਦੀ ਮਾਰ ਹੇਠ ਆਏ ਇਲਾਕਿਆਂ ਅੰਦਰ ਦੀਵਾਲੀ ਮੌਕੇ ਖੁਸ਼ੀਆਂ ਦੇ ਦੀਵੇ ਬਾਲਣੇ ਹਨ, ਇਸ ਤਹਿਤ ਮੁਆਵਜਾ ਰਾਸ਼ੀ ਦੀਵਾਲੀ ਤੋਂ ਪਹਿਲਾਂ ਪਹਿਲਾਂ ਦੇਣ ਦਾ ਤਹੱਈਆ ਕੀਤਾ ਗਿਆ ਹੈ।

ਸ੍ਰੀ ਸਵਨਾ ਨੇ ਕਿਹਾ ਕਿ ਹੜ੍ਹਾਂ ਦੌਰਾਨ ਵੀ ਪੰਜਾਬ ਸਰਕਾਰ ਵੱਲੋਂ ਲਗਾਤਾਰ ਰਾਹਤ ਸਮੱਗਰੀ ਮੁਹੱਈਆ ਕਰਵਾਈ ਗਈ, ਪਸ਼ੂ ਪਾਲਕਾਂ ਨੂੰ ਪਸ਼ੂਆਂ ਵਾਸਤੇ ਹਰਾ ਚਾਰਾ ਤੇ ਕੈਟਲ ਫੀਡ ਦਿੱਤੀ ਗਈ। ਉਨ੍ਹਾਂ ਕਿਹਾ ਹੜ੍ਹਾਂ ਅਤੇ ਭਾਰੀ ਬਾਰਿਸ਼ਾਂ ਕਰਕੇ ਫਸਲਾਂ, ਮਕਾਨਾਂ ਤੇ ਪਸ਼ੂ ਧਨ ਦਾ ਜੋ ਵੀ ਨੁਕਸਾਨ ਹੋਇਆ ਹੈ ਉਸ ਦੀ ਭਰਪਾਈ ਕਰਨ ਲਈ ਉਹ ਖੁਦ ਪਿੰਡਾਂ ਵਿਚ ਪਹੁੰਚ ਕਰਕੇ ਮੁਆਵਜਾ ਰਾਸ਼ੀ ਦੇ ਮਨਜੂਰੀ ਪੱਤਰ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਸਿਲਸਿਲਾ ਲਗਾਤਾਰ ਜਾਰੀ ਰਹੇਗਾ ਜਦੋਂ ਤੱਕ ਹਰੇਕ ਹੜ੍ਹ ਪੀੜਤ ਨੂੰ ਉਸਦੇ ਹੋਏ ਨੁਕਸਾਨ ਦਾ ਮੁਆਵਜਾ ਨਹੀਂ ਮਿਲ ਜਾਂਦਾ।

## ਜ਼ਿਲ੍ਹਾ ਤਰਨ ਤਾਰਨ ਦੇ ਸਮੂਹ ਸਰਕਾਰੀ ਸਕੂਲਾਂ ਵਿੱਚ ਮਨਾਈ ਗਈ ਮਾਪੇ ਅਧਿਆਪਕ ਮਿਲਣੀ

ਫਾਜ਼ਿਲਕਾ,22 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਕੈਪਟਨ ਲਖਵਿੰਦਰ ਸਿੰਘ, ਸਿਖਲਾਈ ਅਧਿਕਾਰੀ, ਸੀ-ਪਾਈਟ ਕੈਂਪ ਕਾਲਝਰਾਣੀ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ TA Army (Territorial Army) ਭਰਤੀ ਲਈ 716 ਪੋਸਟਾ ਕੱਢੀਆ ਗਈਆ ਹਨ। ਇਹ ਭਰਤੀ ਮਿਤੀ 17 ਨਵੰਬਰ ਤੋਂ 30 ਨਵੰਬਰ 2025 ਤੱਕ ਲੁਧਿਆਣਾ ਵਿਖੇ ਹੋ ਰਹੀ ਹੈ। ਇਸ ਭਰਤੀ ਲਈ ਯੋਗਤਾ 10ਵੀਂ ਪਾਸ ਸਮੇਤ 45ਪ੍ਰਤੀਸ਼ਤ ਉਮਰ 18 ਤੋਂ 42 ਸਾਲ, ਕੱਦ 160ਸੈ.ਮੀ. ਛਾਤੀ 77/82 ਲੋੜੀਂਦੀ ਹੈ।

ਪੰਜਾਬ ਸਰਕਾਰ ਦੇ ਰੋਜਗਾਰ ਉਤਪੱਤੀ ਤੇ ਟ ?ਰੇਨਿੰਗ ਵਿਭਾਗ ਦੇ ਅਦਾਰੇ ਸੀ-ਪਾਈਟ ਕੈਂਪ ਪਿੰਡ ਕਾਲਝਰਾਣੀ ਜਿਲ੍ਹਾ ਬਠਿੰਡਾ (ਬਾਦਲ- ਲੰਬੀ ਰੋਡ) ਵੱਲੋ ਜ਼ਿਲ੍ਹਾ ਫਾਜਿਲਕਾ ਬਠਿੰਡਾ ਅਤੇ ਸ੍ਰੀ ਮੁਕਤਸਰ ਸਾਹਿਬ ਦੇ ਯੁਵਕਾਂ ਲਈ TA Army (Territorial Army) ਦੇ ਫਿਜੀਕਲ ਟੈਸਟ ਦੀ ਤਿਆਰੀ ਲਈ ਮੁਫਤ



ਸਿਖਲਾਈ ਕੈਂਪ ਸ਼ੁਰੂ ਕੀਤਾ ਜਾ ਰਿਹਾ ਹੈ । ਉਕਤ ਜਿਲਿਆ ਦੇ ਸਿਖਲਾਈ ਲੈਣ ਦੇ ਚਾਹਵਾਨ ਯੁਵਕ ਆਨ-ਲਾਈਨ ਅਪਲਾਈ ਕਰਕੇ ਹੇਠ ਲਿਖੇ ਦਸਤਾਵੇਜ ਸਮੇਤ ਬਾਦਲ - ਲੰਬੀ ਮੇਨ ਰੋਡ ਤੇ ਪੈਂਦੇ ਪਿੰਡ ਕਾਲਝਰਾਣੀ ਵਿਖੇ ਸੀ-ਪਾਈਟ ਕੈਂਪ ਵਿੱਚ ਨਿੱਜੀ ਤੌਰ ਤੇ ਮਿਤੀ 23 ਅਕਤੂਬਰ 2025 ਨੂੰ ਸਵੇਰ 09:00 ਵਜੇ ਪਹੁੰਚ ਕੇ ਸਿਖਲਾਈ ਲਈ ਰਜਿਸਟ ?ਰੇਸ਼ਨ ਕਰਵਾ ਸਕਦੇ ਹਨ:

1. ਦਸਵੀ ਜਮਾਤ ਦੇ ਸਰਟੀਫਿਕੇਟ ਦੀ ਫੋਟੋ ਕਾਪੀ ।
2. ਅਧਾਰ ਕਾਰਡ ਅਤੇ ਜਾਤੀ ਸਰਟੀਫਿਕੇਟ ਦੀ ਫੋਟੋ ਕਾਪੀ।
3. 02 ਪਾਸਪੋਰਟ ਸਾਈਜ਼ ਫੋਟੋ।

ਸਿਖਲਾਈ ਦੌਰਾਨ ਯੁਵਕਾਂ ਨੂੰ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਖਾਣਾ ਅਤੇ ਰਿਹਾਇਸ਼ ਮੁਫਤ ਦਿੱਤੀ ਜਾਵੇਗੀ। ਵਧੇਰੇ ਜਾਣਕਾਰੀ ਲਈ 94641-52013. 94638-31615 ਤੇ ਸੰਪਰਕ ਕੀਤਾ ਜਾ ਸਕਦਾ ਹੈ ।

## ਮੰਡੀਆਂ ਵਿੱਚ ਝੋਨੇ ਦੀ ਖ਼ਰੀਦ ਨਿਰਵਿਘਨ ਜਾਰੀ : ਡੀਸੀ

ਬਠਿੰਡਾ, 22 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਜ਼ਿਲ੍ਹੇ ਭਰ ਦੀਆਂ ਅਨਾਜ ਮੰਡੀਆਂ ਵਿੱਚ ਝੋਨੇ ਦੀ ਖ਼ਰੀਦ ਨਿਰਵਿਘਨ ਜਾਰੀ ਹੈ ਅਤੇ ਖਰੀਦ ਕੀਤੇ ਜਾ ਰਹੇ ਝੋਨੇ ਦੀ ਅਦਾਇਗੀ ਵੀ ਕਿਸਾਨਾਂ ਨੂੰ ਨਾਲੋਂ-ਨਾਲ ਕੀਤੀ ਜਾ ਰਹੀ ਹੈ। ਇਹ ਜਾਣਕਾਰੀ ਡੀਸੀ ਰਾਜੇਸ਼ ਧੀਮਾਨ ਨੇ ਸਾਂਝੀ ਕੀਤੀ।



ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਡੀਸੀ ਰਾਜੇਸ਼ ਧੀਮਾਨ ਨੇ ਦੱਸਿਆ ਕਿ 16 ਅਕਤੂਬਰ 2025 ਤੱਕ ਵੱਖ-ਵੱਖ ਏਜੰਸੀਆਂ ਦੁਆਰਾ 78152 ਮੀਟ੍ਰਿਕ ਟਨ ਝੋਨੇ ਦੀ ਖ਼ਰੀਦ ਕੀਤੀ ਜਾ ਚੁੱਕੀ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਪਨਗ੍ਰੇਨ ਵੱਲੋਂ 34,226 ਮੀਟ੍ਰਿਕ ਟਨ, ਮਾਰਕਫ਼ੈਡ 15,888, ਪਨਸਪ 18,025, ਵੇਅਰ ਹਾਊਸ 9,998 ਤੇ ਪ੍ਰਾਈਵੇਟ ਵਪਾਰੀਆਂ ਵਲੋਂ 15 ਮੀਟ੍ਰਿਕ ਟਨ ਝੋਨੇ ਦੀ ਖਰੀਦ ਕੀਤੀ ਗਈ।

ਡੀਸੀ ਰਾਜੇਸ਼ ਧੀਮਾਨ ਨੇ ਸੰਬਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਹੈ ਕਿ ਮੰਡੀਆਂ ਵਿੱਚ ਝੋਨਾ ਲੈ ਕੇ ਆਉਣ ਵਾਲੇ ਕਿਸਾਨਾਂ ਨੂੰ ਕਿਸੇ ਵੀ ਤਰ੍ਹਾਂ ਦੀ ਕੋਈ ਸਮੱਸਿਆ ਨਾ ਆਉਣ ਦਿੱਤੀ ਜਾਵੇ। ਉਨ੍ਹਾਂ ਅਧਿਕਾਰੀਆਂ ਨੂੰ ਇਹ ਆਦੇਸ਼ ਦਿੱਤੇ ਕਿ ਉਹ ਕਿਸਾਨਾਂ ਨੂੰ ਵੱਧ ਤੋਂ ਵੱਧ ਪ੍ਰੇਰਿਤ ਕਰਨ ਕਿ ਉਹ ਸੁੱਕਾ ਝੋਨਾ ਹੀ ਮੰਡੀਆਂ ਵਿੱਚ ਲੈ ਕੇ ਆਉਣ ਤਾਂ ਜੋ ਉਨ੍ਹਾਂ ਖਰੀਦ ਸਮੇਂ ਕੋਈ ਸਮੱਸਿਆ ਦਰਪੇਸ਼ ਨਾ ਆਵੇ।

ਇਸ ਮੌਕੇ ਡੀਸੀ ਨੇ ਕਿਸਾਨਾਂ ਨੂੰ ਪੁਰਜ਼ੋਰ ਅਪੀਲ ਕਰਦਿਆਂ ਕਿਹਾ ਉਹ ਝੋਨੇ ਦੀ ਪਰਾਲੀ ਅਤੇ ਇਸ ਦੀ ਰਹਿੰਦ-ਖੂੰਹਦ ਨੂੰ ਅੱਗ ਨਾ ਲਗਾਉਣ, ਇਸ ਨਾਲ ਪੈਦਾ ਹੋਏ ਧੂੰਏ ਕਾਰਨ ਜਿਥੇ ਵਾਤਾਵਰਣ ਪ੍ਰਦੂਸ਼ਿਤ ਹੁੰਦਾ ਹੈ, ਉਥੇ ਇਹ ਧੂੰਆ ਕਈ ਵਾਰ ਸੜਕਾਂ 'ਤੇ ਹਾਦਸਿਆਂ ਦਾ ਕਾਰਨ ਵੀ ਬਣਦਾ ਹੈ। ਉਨ੍ਹਾਂ ਕਿਹਾ ਕਿ ਅੱਗ ਲਗਾਉਣ ਨਾਲ ਖੇਤ ਵਿੱਚ ਖੜ੍ਹੇ ਦਰੱਖਤ ਅਤੇ ਖੇਤ ਨਾਲ ਖੜ੍ਹੀ ਫ਼ਸਲ ਨੂੰ ਵੀ ਅੱਗ ਲੱਗਣ ਕਾਰਨ ਨੁਕਸਾਨ ਹੋ ਸਕਦਾ ਹੈ। ਇਸ ਤੋਂ ਇਲਾਵਾ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਨਾਲ ਨਿਕਲੇ ਹੋਏ ਧੂੰਏ ਦੇ ਕਾਰਨ ਅੱਖਾਂ ਅਤੇ ਫੇਫੜਿਆਂ ਦੀਆਂ ਬਿਮਾਰੀਆਂ ਵਿੱਚ ਵਾਧਾ ਹੁੰਦਾ ਹੈ।

## ਮਾਪਿਆਂ ਨੇ ਪੂਰੇ ਉਤਸ਼ਾਹ ਨਾਲ ਮਾਪੇ-ਅਧਿਆਪਕ ਮਿਲਣੀ ਵਿੱਚ ਲਿਆ ਹਿੱਸਾ

ਤਰਨ ਤਾਰਨ, 22 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਜ਼ਿਲ੍ਹਾ ਤਰਨ ਤਾਰਨ ਦੇ ਸਮੂਹ ਸਰਕਾਰੀ ਸਕੂਲਾਂ ਵਿੱਚ ਮਾਪੇ-ਅਧਿਆਪਕ ਮਿਲਣੀ ਦਾ ਆਯੋਜਨ ਪੂਰੇ ਉਤਸ਼ਾਹ ਅਤੇ ਸਫ਼ਲਤਾ ਨਾਲ ਕੀਤਾ ਗਿਆ, ਜਿਸ ਵਿੱਚ ਮਾਪਿਆਂ ਨੇ ਵੱਡੀ ਗਿਣਤੀ ਵਿੱਚ ਹਿੱਸਾ ਲਿਆ। ਇਸ ਮਿਲਣੀ ਦਾ ਮੁੱਖ ਉਦੇਸ਼ ਵਿਦਿਆਰਥੀਆਂ ਦੀ ਪੜ੍ਹਾਈ, ਸਿਹਤ ਅਤੇ ਬਿਹਤਰ ਭਵਿੱਖ ਬਾਰੇ ਵਿਚਾਰ-ਵਟਾਂਦਰਾ ਕਰਨਾ ਸੀ।





ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ/ਐਲੀਮੈਂਟਰੀ), ਸ੍ਰ ਸਤਿਨਾਮ ਸਿੰਘ ਬਾਠ, ਨੇ ਸ਼ਹੀਦ ਚੈਂਚਲ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਲਹੁਕਾ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਕੰਨਿਆ ਵਲਟੋਹਾ ਸਕੂਲਾਂ ਦਾ ਦੌਰਾ ਕੀਤਾ।

ਉਨ੍ਹਾਂ ਨੇ ਮਾਪਿਆਂ, ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਬੱਚੇ ਦੀ ਤਰੱਕੀ ਲਈ ਮਾਪਿਆਂ ਅਤੇ ਅਧਿਆਪਕਾਂ ਦਾ ਆਪਸੀ ਤਾਲਮੇਲ ਬਹੁਤ ਜ਼ਰੂਰੀ ਹੈ। ਉਨ੍ਹਾਂ ਨੇ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਬੱਚਿਆਂ ਨੂੰ ਘਰ ਵਿੱਚ ਪੜ੍ਹਾਈ ਲਈ ਢੁਕਵਾਂ ਮਾਹੌਲ ਪ੍ਰਦਾਨ ਕਰਨ ਅਤੇ ਸਮੇਂ-ਸਮੇਂ 'ਤੇ ਸਕੂਲ ਨਾਲ ਸੰਪਰਕ ਬਣਾਈ ਰੱਖਣ।

ਇਸ ਦੌਰਾਨ, ਬਲਾਕ ਐਲੀਮੈਂਟਰੀ ਸਿੱਖਿਆ ਅਫਸਰਾਂ ਵੱਲੋਂ ਵੀ ਆਪਣੇ-ਆਪਣੇ ਬਲਾਕ ਦੇ ਵੱਖ-ਵੱਖ ਸਕੂਲਾਂ ਦਾ ਦੌਰਾ ਕੀਤਾ ਗਿਆ। ਉਨ੍ਹਾਂ ਨੇ ਮਾਪੇ-ਅਧਿਆਪਕ ਮਿਲਣੀ ਦੇ ਪ੍ਰਬੰਧਾਂ ਦਾ ਜਾਇਜ਼ਾ ਲਿਆ ਅਤੇ ਇਸ ਗੱਲ 'ਤੇ ਤਸੱਲੀ ਪ੍ਰਗਟਾਈ ਕਿ ਮਾਪੇ ਆਪਣੇ ਬੱਚਿਆਂ ਦੀ ਕਾਰਗੁਜ਼ਾਰੀ ਜਾਣਨ ਲਈ ਪੂਰੇ ਉਤਸ਼ਾਹ ਨਾਲ ਸਕੂਲ ਪਹੁੰਚੇ।

ਸਕੂਲ ਮੁਖੀਆਂ ਨੇ ਦੱਸਿਆ ਕਿ ਮਾਪਿਆਂ ਨੇ ਆਪਣੇ ਬੱਚਿਆਂ ਦੇ ਸਿਲੇਬਸ, ਸਕੂਲ ਵਿੱਚ ਚੱਲ ਰਹੀਆਂ ਗਤੀਵਿਧੀਆਂ ਅਤੇ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਸਹੂਲਤਾਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਇਸ ਮਿਲਣੀ ਦੌਰਾਨ, ਅਧਿਆਪਕਾਂ ਨੇ ਮਾਪਿਆਂ ਨੂੰ ਵਿਦਿਆਰਥੀਆਂ ਦੀਆਂ ਕਮਜ਼ੋਰੀਆਂ ਅਤੇ ਉਨ੍ਹਾਂ ਨੂੰ ਦੂਰ ਕਰਨ ਦੇ ਤਰੀਕਿਆਂ ਬਾਰੇ ਵਿਸਥਾਰ ਨਾਲ ਦੱਸਿਆ। ਇਸ ਸਮੁੱਚੇ ਉਪਰਾਲੇ ਨੂੰ ਸਿੱਖਿਆ ਵਿਭਾਗ ਵੱਲੋਂ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਦੀ ਦਿਸ਼ਾ ਵਿੱਚ ਇੱਕ ਸਫ਼ਲ ਕਦਮ ਮੰਨਿਆ ਜਾ ਰਿਹਾ ਹੈ।

ਇਸ ਮੌਕੇ ਤਰਸੇਮ ਸਿੰਘ, ਸੁਖਬੀਰ ਸਿੰਘ, ਪ੍ਰਿੰਸੀਪਲ ਡਿੰਪਲ ਅਗਰਵਾਲ ਅਤੇ ਇੰਚਾਰਜ ਅਮਨਦੀਪ ਕੌਰ ਹਾਜਰ ਸਨ । ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ/ ਐਲੀਮਟਰੀ ਨੇ ਬਲਾਕ ਐਲੀਮੈਂਟਰੀ ਸਿੱਖਿਆ ਅਫਸਰ ਵਲਟੋਹਾ ਸ੍ਰੀ ਪਾਰਸ ਖੁੱਲਰ ਨਾਲ ਮਿਲ ਕੇ ਵਲਟੋਹਾ ਦੇ ਸਰਕਾਰੀ ਕੰਨਿਆਂ ਹੋਸਟਲਾਂ ਦਾ ਦੌਰਾ ਵੀ ਕੀਤਾ ਗਿਆ।

## ਪੀਸੀਟੀਈ ਵਿਖੇ ਗੁਰਨਾਮ ਭੁੱਲਰ ਲਾਈਵ ਨਾਲ ਫੈਸਟਵੀਕ 2025 ਦਾ ਸ਼ਾਨਦਾਰ ਸਮਾਪਤੀ ਸਮਾਰੋਹ

ਲੁਧਿਆਣਾ, 22 ਅਕਤੂਬਰ
-ਕੁਲਦੀਪ ਦੁੱਗਰੀ-
-ਕੌਮੀ ਪੱਤ੍ਰਿਕਾ ਬਿਊਰੋ-

ਪੀਸੀਟੀਈ ਗਰੁੱਪ ਆਫ ਇੰਸਟੀਚਿਊਟਸ ਵੱਲੋਂ ਆਯੋਜਿਤ ਹਫ਼ਤੇ ਭਰ ਚੱਲੇ ਸੱਭਿਆਚਾਰਕ ਮੇਲੇ ਫੈਸਟਵੀਕ 2025 ਦਾ ਸਮਾਪਨ ਇੱਕ ਸ਼ਾਨਦਾਰ ਸਮਾਰੋਹ ਨਾਲ ਹੋਇਆ, ਜਿਸ ਵਿੱਚ ਵਿਦਿਆਰਥੀਆਂ ਦੀ ਪ੍ਰਤਿਭਾ, ਟੀਮ ਵਰਕ ਅਤੇ ਜਵਾਨ ਊਰਜਾ ਦਾ ਬੇਮਿਸਾਲ ਪ੍ਰਦਰਸ਼ਨ ਹੋਇਆ। ਸਮਾਪਤੀ ਸਮਾਰੋਹ ਦੀ ਸ਼ਾਮ ਦਾ ਮੁੱਖ ਆਕਰਸ਼ਣ ਪ੍ਰਸਿੱਧ ਪੰਜਾਬੀ ਗਾਇਕ ਗੁਰਨਾਮ ਭੁੱਲਰ ਦਾ ਲਾਈਵ ਸੰਗੀਤਮਈ ਪ੍ਰਦਰਸ਼ਨ ਸੀ, ਜਿਸ ਨੇ ਹਜ਼ਾਰਾਂ ਦਰਸ਼ਕਾਂ ਨੂੰ ਮੋਹ ਲਿਆ ਅਤੇ ਕੈਂਪਸ ਨੂੰ ਖੁਸ਼ੀਆਂ ਦੇ ਸਮੁੰਦਰ ਵਿੱਚ ਬਦਲ ਦਿੱਤਾ।ਹਫ਼ਤੇ ਦੌਰਾਨ ਵਿਦਿਆਰਥੀਆਂ ਨੇ ਵੱਖ-ਵੱਖ ਸੱਭਿਆਚਾਰਕ, ਕਲਾ, ਖੇਡਾਂ ਅਤੇ ਰਚਨਾਤਮਕ ਮੁਕਾਬਲਿਆਂ ਵਿੱਚ ਭਾਗ ਲਿਆ। ਸਭ ਤੋਂ ਉਤਸ਼ਾਹਜਨਕ ਮੁਕਾਬਲਾ "ਕੋਸ਼ਿਸ਼"— ਇੰਟਰਾ ਕਾਲਜ ਚੈਂਪੀਅਨਸ਼ਿਪ ਸੀ, ਜਿਸ ਵਿੱਚ ਵੱਖ-ਵੱਖ ਵਿਭਾਗਾਂ ਦੇ ਵਿਦਿਆਰਥੀਆਂ ਨੇ ਜ਼ਬਰਦਸਤ ਉਤਸ਼ਾਹ ਨਾਲ ਹਿੱਸਾ ਲਿਆ। ਤਗੜੇ ਮੁਕਾਬਲੇ ਦੇ ਬਾਅਦ ਐਮ.ਬੀ.ਏ. ਆਈ.ਬੀ. 20242 ਨੇ ਸੀਨੀਅਰ ਸ਼੍ਰੇਣੀ ਵਿੱਚ ਓਵਰਆਲ ਟਰਾਫੀ ਜਿੱਤੀ, ਜਦਕਿ ਬੀ.ਕਾਮ 20242 ਨੇ ਜੂਨੀਅਰ ਸ਼੍ਰੇਣੀ ਵਿੱਚ ਪਹਿਲਾ ਸਥਾਨ ਹਾਸਲ ਕੀਤਾ। ਇਹ ਵਿਦਿਆਰਥੀਆਂ ਦੀ ਰਚਨਾਤਮਕਤਾ, ਜੋਸ਼ ਅਤੇ ਪ੍ਰਤੀਯੋਗੀ ਭਾਵਨਾ ਦਾ ਪ੍ਰਤੀਕ ਸੀ।ਸਮਾਪਤੀ ਰਾਤ ਨੂੰ ਜਦੋਂ ਗੁਰਨਾਮ ਭੁੱਲਰ ਨੇ ਸਟੇਜ ਸੰਭਾਲਿਆ, ਤਾਂ ਮਾਹੌਲ ਹੋਰ ਵੀ ਉਤਸ਼ਾਹਜਨਕ ਬਣ ਗਿਆ। ਉਨ੍ਹਾਂ ਨੇ ਆਪਣੇ ਮਸ਼ਹੂਰ ਗੀਤ — "ਡਾਇਮੰਡ," "ਫੋਨ ਮਾਰ ਦੀ," "ਖਰਚੇ," "ਜੱਟਾ ਦਾ ਮੁੰਡਾ," ਅਤੇ "ਡਰਾਈਵਰੀ" ਪੇਸ਼ ਕਰਕੇ ਦਰਸ਼ਕਾਂ ਨੂੰ ਝੂਮਣ ਤੇ ਮਜਬੂਰ ਕਰ ਦਿੱਤਾ। ਉਨ੍ਹਾਂ ਦੀ ਉਤਸ਼ਾਹ ਭਰੀ ਗਾਇਕੀ ਅਤੇ ਕ੍ਰਿਸ਼ਮਈ ਸਟੇਜ ਮੌਜੂਦਗੀ ਨੇ ਵਿਦਿਆਰਥੀਆਂ ਨੂੰ ਰਾਤ ਭਰ ਤਾੜੀਆਂ, ਨੱਚਣ ਅਤੇ ਗਾਉਣ ਤੇ ਮਜਬੂਰ ਕਰ ਦਿੱਤਾ।

ਡਾ. ਕੇ.ਐਨ.ਐਸ. ਕੰਗ, ਡਾਇਰੈਕਟਰ ਜਨਰਲ, ਪੀਸੀਟੀਈ ਨੇ ਸਾਰੇ ਭਾਗੀਦਾਰਾਂ, ਵਿਜੇਤਿਆਂ ਅਤੇ ਪ੍ਰਬੰਧਕ ਟੀਮ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਕਿਹਾ ਕਿ ਪੀਸੀਟੀਈ ਸਿਰਫ਼ ਅਕਾਦਮਿਕ ਉੱਤਮਤਾ ਹੀ ਨਹੀਂ, ਸਗੋਂ ਵਿਦਿਆਰਥੀਆਂ ਦੇ ਰਚਨਾਤਮਕ ਅਤੇ ਆਤਮਵਿਸ਼ਵਾਸੀ ਵਿਅਕਤਿਤਵ ਦੇ ਵਿਕਾਸ ਲਈ ਵੀ ਵਚਨਬੱਧ ਹੈ। ਅਜਿਹੇ ਪ੍ਰੋਗਰਾਮ ਵਿਦਿਆਰਥੀਆਂ ਨੂੰ ਆਪਣੀ ਅਸਲੀ ਸਮਰਥਾ ਦੀ ਪੜਚੋਲ ਕਰਨ ਅਤੇ ਜੀਵਨ ਵਿੱਚ ਅੱਗੇ ਵਧਣ ਲਈ ਪ੍ਰੇਰਿਤ ਕਰਦੇ ਹਨ।

ਫੈਸਟਵੀਕ 2025 ਨੇ ਇੱਕ ਵਾਰ ਫਿਰ ਸਾਬਤ ਕੀਤਾ ਕਿ ਪੀਸੀਟੀਈ ਵਿਦਿਆਰਥੀਆਂ ਨੂੰ ਕਲਾਸਰੂਮ ਤੋਂ ਬਾਹਰ ਇੱਕ ਜੀਵੰਤ, ਸਿਖਲਾਈ ਅਤੇ ਪ੍ਰੇਰਣਾ ਭਰਪੂਰ ਪਲੇਟਫਾਰਮ ਪ੍ਰਦਾਨ ਕਰਦਾ ਹੈ। ਹਫ਼ਤੇ ਨੇ ਜਿੱਥੇ ਪ੍ਰਤਿਭਾ ਅਤੇ ਸੱਭਿਆਚਾਰ ਦਾ ਜਸ਼ਨ ਮਨਾਇਆ, ਉੱਥੇ ਹੀ ਵਿਦਿਆਰਥੀਆਂ ਵਿਚ ਏਕਤਾ ਅਤੇ ਦੋਸਤੀ ਦੇ ਬੰਧਨ ਹੋਰ ਮਜ਼ਬੂਤ ਕੀਤੇ।

## ਹਰਿਆਣਾ ਵਿਚ ਮਾਸਿਕ ਬੁਢਾਪਾ ਪੈਨਸ਼ਨ ਵਿਚ ਦੋ ਸੌ ਰੁਪਏ ਦਾ ਵਾਧਾ

ਚੰਡੀਗੜ੍ਹ, 22 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਵਿੱਚ ਭਾਜਪਾ ਸਰਕਾਰ ਦੇ ਲਗਾਤਾਰ ਤੀਜੇ ਕਾਰਜਕਾਲ ਦਾ ਪਹਿਲਾ ਸਾਲ ਪੂਰੇ ਹੋਣ 'ਤੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਸ਼ੁੱਕਰਵਾਰ ਨੂੰ ਬੁਢਾਪਾ ਪੈਨਸ਼ਨ 3,000 ਰੁਪਏ ਮਾਸਿਕ ਤੋਂ ਵਧਾ ਕੇ 3,200 ਰੁਪਏ ਕਰ ਦਿੱਤੀ ਹੈ।

ਸੈਣੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ 2024 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕੀਤੇ ਗਏ 217 ਚੋਣ ਵਾਅਦਿਆਂ ਵਿੱਚੋਂ 46 ਪੂਰੇ ਕਰ ਦਿੱਤੇ ਹਨ।

ਉਨ੍ਹਾਂ ਮੌਜੂਦਾ ਵਿੱਤੀ ਸਾਲ ਵਿੱਚ 90 ਮਤੇ ਪੂਰੇ ਕਰਨ ਦਾ ਵਾਅਦਾ ਕੀਤਾ। ਉਨ੍ਹਾਂ ਕਿਹਾ





ਕਿ ਪੂਰੇ ਕੀਤੇ ਗਏ ਵਾਅਦਿਆਂ ਵਿੱਚ ਲਾਡੋ ਲਕਸ਼ਮੀ ਯੋਜਨਾ ਸ਼ਾਮਲ ਹੈ, ਜੋ ਯੋਗ ਔਰਤਾਂ ਨੂੰ 2,100 ਰੁਪਏ ਪ੍ਰਤੀ ਮਹੀਨਾ ਪ੍ਰਦਾਨ ਕਰਦੀ ਹੈ। ਉਨ੍ਹਾਂ ਕਿਹਾ ਕਿ ਬਾਕੀ ਚੋਣ ਵਾਅਦਿਆਂ 'ਤੇ ਕੰਮ ਲਗਾਤਾਰ ਅੱਗੇ ਵਧ ਰਿਹਾ ਹੈ।

ਪੰਚਕੂਲਾ ਵਿੱਚ 'ਜਨ ਵਿਸ਼ਵਾਸ-ਜਨ ਵਿਕਾਸ' ਰਾਜ ਪੱਧਰੀ ਸਮਾਗਮ ਨੂੰ ਸੰਬੋਧਨ ਕਰਦੇ ਹੋਏ ਮੁੱਖ ਮੰਤਰੀ ਨੇ 1 ਨਵੰਬਰ ਤੋਂ ਪੈਨਸ਼ਨ ਵਿੱਚ ਵਾਧੇ ਦਾ ਐਲਾਨ ਕੀਤਾ।

## ਏਡੀਸੀ ਨੇ ਫੂਡ ਸੇਫਟੀ ਵੈਨ ਨੂੰ ਕੀਤਾ ਰਵਾਨਾ





ਬਠਿੰਡਾ, 22 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਮੈਡਮ ਪੂਨਮ ਸਿੰਘ ਨੇ ਸਥਾਨਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਤੋਂ ਸਿਹਤ ਵਿਭਾਗ ਦੁਆਰਾ ਚਲਾਈ ਗਈ ਫੂਡ ਸੇਫਟੀ ਵੈਨ ਨੂੰ ਰਵਾਨਾ ਕੀਤਾ। ਇਸ ਮੌਕੇ ਉਨ੍ਹਾਂ ਦੱਸਿਆ ਕਿ ਤਿਉਹਾਰਾਂ ਦੇ ਸੀਜਨ ਨੂੰ ਮੁੱਖ ਰੱਖਦਿਆਂ ਇਸ ਵੈਨ ਵਲੋਂ 100 ਦੇ ਕਰੀਬ ਸੈਂਪਲ ਲਏ ਹਨ।

ਇਹ ਵੈਨ ਪਿੰਡਾਂ ਅਤੇ ਸ਼ਹਿਰਾਂ ਅੰਦਰ ਜਾ ਕੇ ਦੁੱਧ ਅਤੇ ਦੁੱਧ ਤੋਂ ਬਣੀਆਂ ਚੀਜ਼ਾਂ, ਸਰੋਂ ਦਾ ਤੇਲ, ਦੇਸੀ ਘਿਓ, ਰਿਫਾਇਡ, ਕੋਲਡ ਡਰਿੱਕ, ਹਲਦੀ-ਮਿਰਚ ਮਸਾਲੇ ਆਦਿ ਚੈੱਕ ਕਰੇਗੀ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਪੁਰਜੋਰ ਅਪੀਲ ਕਰਦਿਆਂ ਕਿਹਾ ਕਿ ਉਹ ਖਾਣ-ਪੀਣ ਵਾਲੀਆਂ ਵਸਤਾਂ ਦੀ ਚੈਕਿੰਗ ਪ੍ਰਤੀ ਸੈਂਪਲ 50 ਰੁਪਏ ਨਾਮਾਤਰ ਫੀਸ ਦੇ ਹਿਸਾਬ ਨਾਲ ਕਰਵਾ ਸਕਦੇ ਹਨ, ਜਿਸ ਦੀ ਰਿਪੋਰਟ ਮੌਕੇ ਤੇ ਹੀ ਖਪਤਕਾਰ ਨੂੰ ਮੁਹੱਈਆ ਕਰਵਾਈ ਜਾਵੇਗੀ।ਇਸ ਦੌਰਾਨ ਏਡੀਸੀ ਪੂਨਮ ਸਿੰਘ ਨੇ ਜ਼ਿਲ੍ਹਾ ਵਾਸੀਆਂ ਨੂੰ ਪੁਰਜ਼ੋਰ ਅਪੀਲ ਕਰਦਿਆਂ ਕਿਹਾ ਕਿ ਉਹ ਖਾਣ-ਪੀਣ ਵਾਲੀਆਂ ਸ਼ੁੱਧ ਚੀਜ਼ਾਂ ਵਰਤਣ ਨੂੰ ਤਰਜ਼ੀਹ ਦੇਣ।ਇਸ ਮੌਕੇ ਫੂਡ ਸੇਫਟੀ ਅਫਸਰ ਸੁਧੀਰ ਸਿੰਗਲਾ, ਦਿਵਿਆ ਗੋਸਵਾਮੀ, ਨਵਦੀਪ ਸਿੰਘ ਆਦਿ ਹਾਜ਼ਰ ਸਨ।

# ਸੌਣ ਤੋਂ ਪਹਿਲਾਂ ਕਰੋ ਪੈਰਾਂ ਦੀਆਂ ਤਲੀਆਂ ਦੀ ਮਾਲਿਸ਼



ਅਜੋਕੀ ਦੌੜ-ਭੱਜ ਵਾਲੀ ਜ਼ਿੰਦਗੀ ਸਾਨੂੰ ਸਰੀਰਕ ਅਤੇ ਮਾਨਸਿਕ ਤੌਰ ’ਤੇ ਜਿੱਥੇ ਥਕਾਅ ਦਿੰਦੀ ਹੈ, ਉੱਥੇ ਅਸੀਂ ਕਈ ਛੋਟੀਆਂ-ਛੋਟੀਆਂ ਸਰੀਰਕ ਸਮੱਸਿਆਵਾਂ ਵੀ ਪੈਦਾ ਕਰ ਦਿੰਦੀ ਹੈ। ਜੇ ਅਸੀਂ ਆਪਣੇ ਰੋਜ਼ਾਨਾ ਦੇ ਕੰਮਾਂ ਤੋਂ ਬਾਅਦ ਸੌਣ ਵੇਲੇ ਕੁਝ ਸਮਾਂ ਆਪਣੇ ਲਈ ਕੱਢ ਕੇ ਪੈਰਾਂ ਦੀਆਂ ਤਲੀਆਂ ਦੀ ਮਾਲਿਸ਼ ਕਰਨ ਦੀ ਆਦਨ ਨੂੰ ਅਪਣਾ ਲਈਏ ਤਾਂ ਅਸੀਂ ਅਜਿਹੀਆਂ ਕਈ ਸਮੱਸਿਆਵਾਂ ਤੋਂ ਬਚੇ ਰਹਿ ਸਕਦੇ ਹਾਂ। ਇਸ ਨਾਲ ਥਕਾਵਟ ਵੀ ਦੂਰ ਹੋਵੇਗੀ, ਨੀਂਦ ਵੀ ਚੰਗੀ ਆਵੇਗੀ ਅਤੇ ਬਲੱਡ ਪ੍ਰੈਸ਼ਰ ਵੀ ਸਹੀ ਰਹੇਗਾ।

### ਤਰੀਕਾ

ਕੋਸੇ ਪਾਣੀ ਵਿਚ ਸਰ੍ਹੋਂ ਜਾਂ ਨਾਰੀਅਲ ਦੇ ਤੇਲ ਦੀਆਂ ਕੁਝ ਬੂੰਦਾਂ ਮਿਲਾਓ। ਇਸ ’ਚ 10 ਮਿੰਟ ਲਈ ਪੈਰ ਡੁੱਬੋ ਕੇ ਰੱਖੋ ਤੇ ਫਿਰ ਤੌਲੀਏ ਨਾਲ ਪੈਰਾਂ ਨੂੰ ਚੰਗੀ ਤਰ੍ਹਾਂ ਸੁਕਾ ਲਵੋ। ਇਸ ਤੋਂ ਬਾਅਦ ਸਰ੍ਹੋਂ ਜਾਂ ਨਾਰੀਅਲ ਦੇ ਤੇਲ ਨੂੰ ਹਲਕਾ ਗਰਮ ਕਰ ਕੇ ਉਸ ਨਾਲ ਪੈਰਾਂ ਦੀਆਂ ਤਲੀਆਂ ਦੀ ਮਾਲਿਸ਼ ਕਰੋ। 10 ਤੋਂ 15 ਮਿੰਟ ਤਲੀਆਂ ਦੀ ਮਾਲਿਸ਼ ਕਰਨ ਤੋਂ ਬਾਅਦ ਸੌਂ ਜਾਓ।

### ਬਲੱਡ ਸਰਕੁਲੇਸ਼ਨ

ਦਫ਼ਤਰ ਜਾਣ ਤੋਂ ਲੈ ਕੇ ਵਾਪਸ ਘਰ ਪਰਤਣ ਤਕ ਅਸੀਂ ਸਾਰਾ ਦਿਨ ਟਾਈਟ ਜੁੱਤੀ ਪਾ ਕੇ ਰੱਖਦੇ ਹਨ। ਜਿਸ ਨਾਲ ਖ਼ੂਨ ਦਾ ਦੌਰਾ ਪੈਰਾਂ ਤਕ ਸਹੀਂ ਤਰੀਕੇ ਨਾਲ ਨਹੀਂ ਪਹੁੰਚਦਾ। ਇਸ ਨਾਲ ਪੈਰਾਂ ’ਚ ਦਰਦ ਰਹਿਣ ਤੋਂ ਇਲਾਵਾ ਕਈ ਹੋਰ ਤਰ੍ਹਾਂ ਦੀਆਂ ਸਮੱਸਿਆਵਾਂ ਪੈਦਾ ਹੋ ਜਾਂਦੀਆਂ ਹਨ। ਪੈਰਾਂ ਦੀਆਂ ਤਲੀਆਂ ਦੀ ਮਾਲਿਸ਼ ਕਰਨ ਨਾਲ ਖ਼ੂਨ ਦਾ ਵਹਾਅ ਸਹੀ ਹੋਵੇਗਾ ਤੇ ਦਰਦ ਦੀ ਸਮੱਸਿਆ ਤੋਂ ਵੀ ਛੁਟਕਾਰਾ ਮਿਲੇਗਾ।

### ਗੂੜ੍ਹੀ ਨੀਂਦ

ਜਿਹੜੇ ਲੋਕ ਉਣੀਂਦਰੇ ਦੇ ਸ਼ਿਕਾਰ ਹਨ, ਉਨ੍ਹਾਂ ਨੂੰ ਮਾਨਸਿਕ ਅਤੇ ਦਿਮਾਗ਼ੀ ਬਿਮਾਰੀਆਂ ਲੱਗਣ ਦੀ ਸੰਭਾਵਨਾ ਵਧ ਜਾਂਦੀ ਹੈ। ਸੌਣ ਤੋਂ ਪਹਿਲਾਂ ਪੈਰਾਂ ਦੀਆਂ ਤਲੀਆਂ ਦੀ ਮਾਲਿਸ਼ ਕਰਨ ਨਾਲ ਨੀਂਦ ਵੀ ਗੂੜ੍ਹੀ ਆਉਂਦੀ ਹੈ ਅਤੇ ਮਾਨਸਿਕ ਉਲਝਣਾਂ ਤੋਂ ਵੀ ਬਚਾਅ ਰਹਿੰਦਾ ਹੈ।

### ਤਣਾਅ

ਕੰਮ ਦੇ ਬਦਲਦੇ ਹੋਏ ਰੂਪ ਜਾਂ ਜ਼ਿਆਦਾ ਕੰਮ ਮਾਨਸਿਕ ਤਣਾਅ ਪੈਦਾ ਕਰਦਾ ਹੈ। ਇਹ ਤਣਾਅ ਜੇ ਇਕ ਹੱਦ ਤੋਂ ਵਧ ਜਾਵੇ ਤਾਂ ‘ਡਿਪਰੈਸ਼ਨ’ ਦਾ ਕਾਰਨ ਬਣਦਾ ਹੈ। ਸੌਣ ਤੋਂ ਪਹਿਲਾਂ ਰੋਜ਼ਾਨਾ ਤਲੀਆਂ ਦੀ ਮਾਲਿਸ਼ ਕਰਨ ਨਾਲ ਦਿਮਾਗ਼ ਰਿਲੈਕਸ ਹੁੰਦਾ ਹੈ ਅਤੇ ਤਣਾਅ ਤੋਂ ਵੀ ਛੁਟਕਾਰਾ ਮਿਲਦਾ ਹੈ।

### ਬਲੱਡ ਪ੍ਰੈਸ਼ਰ

ਸਾਡੇ ਪੈਰ ਸਰੀਰ ਦੇ ਸਭ ਤੋਂ ਹੇਠਾਂ ਸਥਿਤ ਹੋਣ ਕਾਰਨ ਖ਼ੂਨ ਇਨ੍ਹਾਂ ਤਕ ਆਸਾਨੀ ਨਾਲ ਤਾਂ ਪਹੁੰਚ ਜਾਂਦਾ ਹੈ ਪਰ ਧਰਤੀ ਦੀ ਗੁਰੂਤਾਆਕਰਸ਼ਣ ਸ਼ਕਤੀ ਕਾਰਨ ਸਰੀਰ ਦੇ ਇਸ ਹਿੱਸੇ ਤੋਂ ਖ਼ੂਨ ਦਾ ਸਰੀਰ ਦੇ ਉੱਪਰਲੇ ਅੰਗਾਂ ਤਕ ਪਹੁੰਚਣ ਲਈ ਦਿਲ ਨੂੰ ਕਾਫ਼ੀ ਜ਼ੋਰ ਲਗਾਉਣਾ ਪੈਂਦਾ ਹੈ, ਜਿਸ ਕਾਰਨ ਬਲੱਡ ਪ੍ਰੈਸ਼ਰ ਦਾ ਦਬਾਅ ਸਰੀਰ ਵਿਚ ਵਧ ਸਕਦਾ ਹੈ। ਇਸ ਕਰ ਕੇ ਤਲੀਆਂ ਦੀ ਮਾਲਿਸ਼ ਜ਼ਰੂਰ ਕਰੋ।

• ਫੀਚਰ ਡੈਸਕ

# ਦਲੀਏ ’ਚ ਲੁਕੇ ਹਨ ਸਿਹਤਮੰਦੀ ਦੇ ਰਾਜ਼

ਦਲ਼ੀਆ ਖਾਣ ’ਚ ਜਿੰਨਾ ਸੁਆਦ ਹੁੰਦਾ ਹੈ ਓਨਾ ਹੀ ਸਿਹਤ ਲਈ ਵਧੀਆ ਵੀ ਮੰਨਿਆ ਜਾਂਦਾ ਹੈ। ਇਸ ਵਿਚ ਭਰਪੂਰ ਮਾਤਰਾ ’ਚ ਪੌਸ਼ਟਿਕ ਤੱਤ ਹੁੰਦੇ ਹਨ, ਜੋ ਸਰੀਰ ’ਚ ਕੋਲੈਸਟ੍ਰੋਲ ਦੇ ਪੱਧਰ ਨੂੰ ਘੱਟ ਕਰਨ ’ਚ ਮਦਦ ਕਰਦੇ ਹਨ। ਆਓ, ਦਲ਼ੀਏ ਦੇ ਕੁਝ ਅਹਿਮ ਗੁਣਾਂ ਉੱਪਰ ਝਾਤੀ ਮਾਰੀਏ...

### ਹੀਮੋਗਲੋਬਿਨ ਵਧਾਏ

ਸਰੀਰ ਵਿਚ ਹੀਮੋਗਲੋਬਿਨ ਜਾਂ ਆਇਰਨ ਦੀ ਕਮੀ ਕਾਰਨ ਅਸੀਂ ਅਨੀਮੀਆ ਜਾਂ ਖ਼ੂਨ ਦੀ ਕਮੀ ਦੇ ਸ਼ਿਕਾਰ ਹੋ ਜਾਂਦੇ ਹਾਂ। ਖ਼ੂਨ ਦੀ ਕਮੀ ਕਾਰਨ ਸਰੀਰ ਦੀਆਂ ਬਿਮਾਰੀਆਂ ਨਾਲ ਲੜਨ ਦੀ ਸ਼ਕਤੀ (ਇਮਿਊਨਿਟੀ) ਵੀ ਘੱਟ ਜਾਂਦੀ ਹੈ। ਜਿਹੜੇ ਲੋਕ ਅਨੀਮੀਆ ਜਾਂ ਖ਼ੂਨ ਦੀ ਕਮੀ ਦੇ ਸ਼ਿਕਾਰ ਹਨ, ਉਨ੍ਹਾਂ ਨੂੰ ਦਲ਼ੀਆ ਜ਼ਰੂਰ ਖਾਣਾ ਚਾਹੀਦਾ ਹੈ।

### ਚਰਬੀ ਘਟਾਏ

ਤਲੇ ਹੋਏ ਭੋਜਨ ਪਦਾਰਥ ਅਤੇ ਜੰਕ ਫੂਡ ਕਾਰਨ ਸਾਡੇ ਸਰੀਰ ਵਿਚ ਚਰਬੀ ਜਾਂ ਫੈਟ ਵਧ ਜਾਂਦੀ ਹੈ। ਇਸ ਨਾਲ ਚਰਬੀ ਕੋਲੈਸਟ੍ਰੋਲ ਦੇ ਰੂਪ ਵਿਚ ਖ਼ੂਨ ਵਾਲੀਆਂ ਨਾਲੀਆਂ ਦੇ ਅੰਦਰ ਜਮ੍ਹਾਂ ਹੋ ਕੇ ਖ਼ੂਨ ਜੇ ਦਬਾਅ ’ਚ ਵਾਧੇ ਅਤੇ ਦਿਲ ਦੇ ਕਈ ਰੋਗਾਂ ਨੂੰ ਪੈਦਾ ਕਰ ਸਕਦੀ ਹੈ। ਦਲ਼ੀਆ ਖਾਣ ਨਾਲ ਅਸੀਂ ਵਧੀ ਹੋਈ ਇਸ ਚਰਬੀ ਨੂੰ ਕਾਬੂ ’ਚ ਰੱਖ ਸਕਦੇ ਹਾਂ।



### ਸ਼ੂਗਰ ਰਹੇ ਕਾਬੂ ਹੇਠ

ਡਾਇਬਟੀਜ਼ ਜਾਂ ਸ਼ੂਗਰ ਦੇ ਰੋਗੀਆਂ ਨੂੰ ਮਿੱਸੀ ਰੋਟੀ, ਵੇਸਣ ਦੀ ਰੋਟੀ ਆਦਿ ਤੋਂ ਇਲਾਵਾ ਦਲ਼ੀਏ ਦਾ ਵੀ ਹਫ਼ਤੇ ਵਿਚ ਘੱਟੋ-ਘੱਟ ਦੋ ਵਾਰ ਇਸਤੇਮਾਲ ਜ਼ਰੂਰ ਕਰਨਾ ਚਾਹੀਦਾ ਹੈ। ਇਸ ਨਾਲ ਉਨ੍ਹਾਂ ਨੂੰ ਜਿੱਥੇ ਉਚਿਤ ਮਾਤਰਾ ’ਚ ਊਰਜਾ ਮਿਲੇਗੀ ਉੱਥੇ ਖ਼ੂਨ ’ਚ ਸ਼ੂਗਰ ਜਾਂ ਗੁਲੂਕੋਜ਼ ਦਾ ਪੱਧਰ ਵੀ ਕਾਬੂ ਹੇਠ ਰਹਿੰਦਾ ਹੈ।

### ਐਨਰਜੀ ਵਧਾਏ

ਸਰੀਰ ’ਚ ਐਨਰਜੀ ਦੇ ਪੱਧਰ ਨੂੰ ਵਧਾਉਣ ਦਾ ਸਭ ਤੋਂ ਵਧੀਆ ਜ਼ਰੀਆ ਦਲ਼ੀਏ ਨੂੰ ਹੀ ਮੰਨਿਆ ਜਾਂਦਾ ਹੈ। ਇਸ ਵਿਚ ਭਰਪੂਰ ਮਾਤਰਾ ’ਚ ਵਿਟਾਮਿਨ ਮੌਜੂਦ ਹੁੰਦੇ ਹਨ, ਜਿਸ ਦੇ ਨਾਲ ਸਰੀਰ ਨੂੰ ਊਰਜਾ ਮਿਲਦੀ ਹੈ। ਇਸੇ ਲਈ ਅਕਸਰ ਡਾਕਟਰਾਂ ਦੁਆਰਾ ਵੀ ਮਰੀਜ਼ ਨੂੰ ਬਿਮਾਰੀ ਦੀ ਹਾਲਤ ’ਚ ਦਲ਼ੀਏ ਨੂੰ ਖ਼ੁਰਾਕ ’ਚ ਸ਼ਾਮਲ ਕੀਤੇ ਜਾਣ ਦੀ ਸਲਾਹ ਦਿੱਤੀ ਜਾਂਦੀ ਹੈ।

### ਹੱਡੀਆਂ ਦੀ ਮਜ਼ਬੂਤੀ

ਦਲ਼ੀਏ ’ਚ ਕੈਲਸ਼ੀਅਮ ਅਤੇ ਮੈਗਨੀਸ਼ੀਅਮ ਵੀ ਭਰਪੂਰ ਮਾਤਰਾ ’ਚ ਹੁੰਦੇ ਹਨ। ਇਹ ਦੋਵੇਂ ਤੱਤ ਹੱਡੀਆਂ ਨੂੰ ਮਜ਼ਬੂਤ ਕਰਨ ’ਚ ਮਦਦ ਕਰਦੇ ਹੈ। ਛੋਟੀ ਉਮਰ ਦੇ ਬੱਚਿਆਂ ਨੂੰ ਹੱਡੀਆਂ ਦੀ ਮਜ਼ਬੂਤੀ ਅਤੇ ਦੰਦੀਆਂ ਕੱਢਣ ਵਾਸਤੇ ਭਰਪੂਰ ਮਾਤਰਾ ’ਚ ਕੈਲਸ਼ੀਅਮ ਦੀ ਲੋੜ ਹੁੰਦੀ ਹੈ। ਇਸ ਕਰ ਕੇ ਦਲ਼ੀਏ ਨੂੰ ਆਪਣੀ ਖ਼ੁਰਾਕ ’ਚ ਸ਼ਾਮਲ ਕਰਨਾ ਚਾਹੀਦਾ।

• ਫੀਚਰ ਡੈਸਕ

**ਓ-ਨੈਗੇਟਿਵ ਖ਼ੂਨ ਹਰ ਤਰ੍ਹਾਂ ਦੇ ਬਲੱਡ ਗਰੁੱਪ ਦੇ ਮਰੀਜ਼ ਨੂੰ ਦਿੱਤਾ ਜਾ ਸਕਦਾ ਹੈ। ਇਸ ਨੂੰ ਯੂਨੀਵਰਸਲ ਡੋਨਰ ਵੀ ਆਖਦੇ ਹਨ। ਇਸ ਗਰੁੱਪ ਦੀ ਮੰਗ ਸਭ ਤੋਂ ਜ਼ਿਆਦਾ ਹੁੰਦੀ ਹੈ। ਇਸ ਤੋ ਇਲਾਵਾ ਏ.ਬੀ ਪਲਾਜ਼ਮਾ ਹਰ ਤਰ੍ਹਾਂ ਦੇ ਮਰੀਜ਼ ਨੂੰ ਦਿੱਤਾ ਜਾ ਸਕਦਾ ਹੈ...**



# ਜ਼ਿੰਦਗੀ ਦੇ ਸਤਿਕਾਰ ਦਾ ਨਾਂ ਹੈ ਖ਼ੂਨਦਾਨ

ਨਵਜੋਤ ਬਜਾਜ (ਗੱਗੂ)

ਮਨੁੱਖੀ ਸਰੀਰ ਅੰਦਰ ਜੇ ਖ਼ੂਨ ਦੀ ਮਾਤਰਾ ਘੱਟ ਜਾਵੇ ਤਾਂ ਇਨਸਾਨ ਨੂੰ ਕਈ ਤਰ੍ਹਾਂ ਦੀਆਂ ਬਿਮਾਰੀਆਂ ਘੇਰ ਲੈਂਦੀਆਂ ਹਨ। ਕਈ ਵਾਰ ਤਾਂ ਇਨਸਾਨ ਮੌਤ ਦੇ ਮੂੰਹ ’ਚ ਚਲਾ ਜਾਂਦਾ ਹੈ। ਸਰੀਰ ਅੰਦਰ ਖ਼ੂਨ ਪਰਮਾਤਮਾ ਦੀ ਦੇਣ ਹੈ। ਦੁਨੀਆ ’ਤੇ ਕੋਈ ਵੀ ਅਜਿਹੀ ਮਸ਼ੀਨ ਨਹੀ ਬਣੀ, ਜਿਸ ਨਾਲ ਖ਼ੂਨ ਤਿਆਰ ਕੀਤਾ ਜਾ ਸਕੇ ਪਰ ਮਨੁੱਖ ਨੇ ਅਜਿਹੀ ਮੁਹਾਰਤ ਹਾਸਲ ਕਰ ਲਈ ਹੈ ਕਿ ਖ਼ੂਨ ਨੂੰ ਸਰੀਰ ’ਚੋਂ ਕੱਢਿਆ ਤੇ ਪਾਇਆ ਜਾ ਸਕਦਾ ਹੈ ਤੇ ਸਰੀਰ ਅੰਦਰ ਖ਼ੂਨ ਦੀ ਮਾਤਰਾ ਵਧਾਈ ਜਾਂ ਘਟਾਈ ਜਾ ਸਕਦੀ ਹੈ। ਸਾਡੇ ਦੇਸ਼ ਵਿਚ ਰੋਜ਼ ਹੁੰਦੇ ਹਾਦਸਿਆਂ ਕਾਰਨ ਅਨੇਕਾਂ ਲੋਕ ਆਪਣੀ ਜਾਨ ਗੁਆ ਬੈਠਦੇ ਹਨ ਤੇ ਜ਼ਿਆਦਾਤਰ ਲੋਕਾਂ ਦੀ ਮੌਤ ਸਰੀਰ ’ਚੋਂ ਵਧੇਰੇ ਮਾਤਰਾ ਵਿਚ ਖ਼ੂਨ ਵਗਣ ਨਾਲ ਹੁੰਦੀ ਹੈ। ਅਜਿਹੇ ਕੁਝ ਮਰੀਜ਼ਾਂ ਨੂੰ ਸਮੇਂ ਸਿਰ ਖ਼ੂਨ ਦੇ ਕੇ ਉਨ੍ਹਾਂ ਦੀ ਜਾਨ ਬਚਾਈ ਜਾ ਸਕਦੀ ਹੈ ਪਰ ਇਹ ਤਦ ਹੀ ਸੰਭਵ ਹੈ ਜੇ ਲੋਕ ਬੇਝਿਜਕ ਹੋ ਕੇ ਸਵੈ-ਇੱਛਕ ਖ਼ੂਨਦਾਨ ਕਰਨ।

### ਡਾ. ਜੇ.ਜੀ.ਜੌਲੀ ਦੀ ਮਹਾਨ ਦੇਣ

1975 ਤੋ ਹਰ ਸਾਲ ਭਾਰਤ ਵਿਚ ਪਹਿਲੀ ਅਕਤੂਬਰ ਦਾ ਦਿਨ ਰਾਸ਼ਟਰੀ ਸਵੈ-ਇੱਛੁਕ ਖ਼ੂਨਦਾਨ ਦਿਵਸ ਵਜੋਂ ਮਨਾਇਆ ਜਾਂਦਾ ਹੈ। ਇਸ ਦਿਨ ਦੀ ਸ਼ੁਰੂਆਤ ਡਾ. ਜੇ.ਜੀ ਜੌਲੀ ਦੁਆਰਾ ਕੀਤੀ ਗਈ ਸੀ, ਜੋ ਉਸ ਸਮੇਂ ਪੀਜੀਆਈ ਚੰਡੀਗੜ੍ਹ ਵਿਖੇ ਫਿਜ਼ੀਸ਼ੀਅਨ ਤੇ ਬਲੱਡ ਟਰਾਂਸਫਿਊਜ਼ਨ ਦੇ ਮਾਹਿਰ ਸਨ। ਉਨ੍ਹਾਂ ਨੂੰ ਅੰਤਰਰਾਸ਼ਟਰੀ ਪੱਧਰ ’ਤੇ ਬਲੱਡ ਟਰਾਂਸਫਿਊਜ਼ਨ ਦੇ ਮਾਹਿਰ ਮੰਨਿਆ ਜਾਂਦਾ ਹੈ। ਡਾ. ਜੌਲੀ ਨੇ ਬਲੱਡ ਬੈਂਕ ਸੁਸਾਇਟੀ ਚੰਡੀਗੜ੍ਹ ਦੀ ਸਥਾਪਨਾ ਕੀਤੀ ਸੀ। ਉਨ੍ਹਾਂ ਨੂੰ ਭਾਰਤ ਵਿਚ ਬਲੱਡ ਬੈਂਕ ਦਾ ਜਨਮਦਾਤਾ ਮੰਨਿਆ ਜਾਂਦਾ ਹੈ। ਇਸ ਦਿਨ ਨੂੰ ਮਨਾਉਣ ਪਿੱਛੇ ਉਨ੍ਹਾਂ ਦਾ ਮੰਤਵ ਆਮ ਜਨਤਾ ਨੂੰ ਵੱਧ ਤੋਂ ਵੱਧ ਖ਼ੂਨਦਾਨ ਕਰਨ ਲਈ ਪ੍ਰੇਰਿਤ ਕਰਨਾ ਅਤੇ ਲੋੜੀਦੇ ਖ਼ੂਨ ਦੇ ਟੀਚੇ ਪ੍ਰਾਪਤ ਕਰਨਾ ਸੀ।

### ਭਰਮ ਭੁਲੇਖੇ

ਓ-ਨੈਗੇਟਿਵ ਖ਼ੂਨ ਹਰ ਤਰ੍ਹਾਂ ਦੇ ਬਲੱਡ ਗਰੁੱਪ ਦੇ ਮਰੀਜ਼ ਨੂੰ ਦਿੱਤਾ ਜਾ ਸਕਦਾ ਹੈ। ਇਸ ਨੂੰ ਯੂਨੀਵਰਸਲ ਡੋਨਰ ਵੀ ਆਖਦੇ ਹਨ ਪਰ ਓ-ਬਲੱਡ ਗਰੁੱਪ ਦੀ ਮੰਗ ਸਭ ਤੋਂ ਜ਼ਿਆਦਾ ਹੁੰਦੀ ਹੈ। ਇਸ ਤੋ ਇਲਾਵਾ ਏ.ਬੀ ਪਲਾਜ਼ਮਾ ਹਰ ਤਰ੍ਹਾਂ ਦੇ ਮਰੀਜ਼ ਨੂੰ ਦਿੱਤਾ ਜਾ ਸਕਦਾ ਹੈ। ਭਾਰਤ ਵਿਚ ਤ੍ਰਿਪੁਰਾ, ਤਾਮਿਲਨਾਡੂ, ਪੱਛਮੀ ਬੰਗਾਲ ਤੇ ਮਹਾਰਾਸ਼ਟਰ ਵਿਚ ਖ਼ੂਨਦਾਨ ਕਰਨ ਵਾਲਿਆਂ ਦੀ ਗਿਣਤੀ ਸਭ ਤੋਂ ਜ਼ਿਆਦਾ ਹੈ।

ਕੁੱਝ ਲੋਕ ਸਮਝਦੇ ਹਨ ਕਿ ਖ਼ੂਨਦਾਨ ਕਰਨ ਨਾਲ ਸਰੀਰ ਵਿਚ ਕਮਜ਼ੋਰੀ ਆ ਜਾਂਦੀ ਹੈ ਪਰ ਇਹ ਗੱਲ ਬਿਲਕੁਲ ਬੇਬੁਨਿਆਦ ਹੈ। ਇਕ ਤੰਦਰੁਸਤ ਵਿਅਕਤੀ ਹਰ ਛੇ ਮਹੀਨੇ ਬਾਅਦ ਆਪਣਾ ਖ਼ੂਨਦਾਨ ਕਰ ਸਕਦਾ ਹੈ। ਖ਼ੂਨਦਾਨ ਕਰਨ ਉਪਰੰਤ 48 ਘੰਟੇ ਬਾਅਦ ਹੀ ਖ਼ੂਨ ਦੇ ਸੈੱਲ ਬਣਨੇ ਸ਼ੁਰੂ ਹੋ ਜਾਂਦੇ ਹਨ, ਜੋ ਇਕ ਤੋਂ ਦੋ ਮਹੀਨੇ ਬਾਅਦ ਹੀ ਪੂਰੇ ਹੋ ਜਾਂਦੇ ਹਨ। ਹਰ ਉਹ ਵਿਅਕਤੀ, ਜਿਸ ਦੀ ਉਮਰ 18 ਤੋ 50 ਸਾਲ ਦੇ ਦਰਮਿਆਨ, ਭਾਰ 50 ਕਿੱਲੋ ਹੈ ਅਤੇ ਸਰੀਰ ਵਿਚ ਖ਼ੂਨ ਦੀ ਮਾਤਰਾ 12.5 ਗ੍ਰਾਮ ਪ੍ਰਤੀ 100 ਮਿਲੀਲਿਟਰ ਹੈ, ਖ਼ੂਨਦਾਨ ਕਰ ਸਕਦਾ ਹੈ। ਇਸ ਨਾਲ ਕਿਸੇ ਤਰ੍ਹਾਂ ਦਾ ਸਰੀਰਿਕ ਨੁਕਸਾਨ ਨਹੀਂ ਹੁੰਦਾ।

### ਕਮੀ

*ਭਾਰਤ ’ਚ ਹਰ ਸਾਲ ਸਵਾ ਕਰੋੜ ਯੂਨਿਟ ਖ਼ੂਨ ਦੀ ਲੋੜ ਹੁੰਦੀ ਹੈ। ਇਨ੍ਹਾਂ ਵਿੱਚੋਂ 70 ਫ਼ੀਸਦੀ ਲੋਕ ਹੀ ਸਵੈ-ਇੱਛਾ ਨਾਲ ਖ਼ੂਨਦਾਨ ਕਰਦੇ ਹਨ। ਬਾਕੀ 30 ਫ਼ੀਸਦੀ ਖ਼ੂਨ ਰਿਸ਼ਤੇਦਾਰਾਂ ਜਾਂ ਦੋਸਤਾਂ ਵੱਲੋ ਆਪਣੇ ਮਰੀਜ਼ ਦੀ ਜਾਨ ਬਚਾਉਣ ਲਈ ਦਿੱਤਾ ਜਾਂਦਾ ਹੈ। ਭਾਰਤ ’ਚ ਹਰ ਦੋ ਸਕਿੰਟ ਬਾਅਦ ਕਿਸੇ ਨਾ ਕਿਸੇ ਵਿਅਕਤੀ ਨੂੰ ਖ਼ੂਨ ਦੀ ਜ਼ਰੂਰਤ ਪੈਂਦੀ ਹੈ। ਇਕ ਦਿਨ ’ਚ 38,000 ਯੂਨਿਟ ਤੋਂ ਵੱਧ ਖ਼ੂਨਦਾਨ ਕਰਨ ਵਾਲਿਆਂ ਦੀ ਜ਼ਰੂਰਤ ਹੈ। ਹਰ ਸਾਲ ਕੈਂਸਰ ਤੋਂ ਪੀੜ੍ਹਤ 10 ਲੱਖ ਲੋਕਾਂ ਨੂੰ ਇਲਾਜ ਦੌਰਾਨ ਖ਼ੂਨ ਦੀ ਜ਼ਰੂਰਤ ਪੈਂਦੀ ਹੈ।*

### ਲਾਭ

ਖ਼ੂਨਦਾਨ ਕਰਨ ਲਈ ਉਸ ਨੂੰ ਮੈਡੀਕਲ ਚੈਕਅੱਪ ਦੀ ਇਕ ਨਿੱਕੀ ਜਿਹੀ ਪ੍ਰਕਿਰਿਆ ’ਚੋਂ ਲੰਘਣਾ ਪੈਂਦਾ ਹੈ। ਇਸ ਦੌਰਾਨ ਉਸ ਦੇ ਖ਼ੂਨ ਦੀ ਜਾਂਚ ਕਰ ਕੇ ਪਤਾ ਲਾਇਆ ਜਾਂਦਾ ਹੈ ਕਿ ਵਿਅਕਤੀ ਖ਼ੂਨਦਾਨ ਕਰਨ ਲਈ ਸਰੀਰਕ ਤੌਰ ’ਤੇ ਯੋਗ ਹੈ ਜਾਂ ਨਹੀ। ਇਸ ਨਾਲ ਅਸੀਂ ਸਹੀ ਅਰਥਾਂ ’ਚ ਸਮਾਜ ਤੇ ਮਾਨਵਤਾ ਦੀ ਸੇਵਾ ਕਰ ਸਕਦੇ ਹਾਂ। ਖ਼ੂਨਦਾਨ ਕਰ ਕੇ ਅਸੀਂ ਕੇਵਲ ਕਿਸੇ ਇਕ ਵਿਅਕਤੀ ਦੀ ਜਾਨ ਨਹੀਂ ਬਚਾਉਂਦੇ ਸਗੋਂ ਉਸ ਦੇ ਬਹੁਤ ਸਾਰੇ ਪਰਿਵਾਰਕ ਮੈਂਬਰਾਂ ਦਾ ਵੀ ਅਣਜਾਣੇ ਵਿਚ ਹੀ ਭਲਾ ਕਰ ਰਹੇ ਹੁੰਦੇ ਹਨ। ਸਾਡੇ ਵੱਲੋਂ ਦਿੱਤਾ ਗਿਆ ਖ਼ੂਨ ਕਿਸੇ ਹਾਦਸਾਗ੍ਰਸਤ ਵਿਅਕਤੀ ਦੀ ਜਾਨ ਬਚਾ ਸਕਦਾ ਹੈ। ਕੈਂਸਰ, ਹੈਪੇਟਾਈਪਸ-ਬੀ ਤੇ ਸੀ ਵਰਗੀਆਂ ਗੰਭੀਰ ਬਿਮਾਰੀਆਂ ਤੋਂ ਪੀੜ੍ਹਤ ਵਿਅਕਤੀ ਦੀ ਜ਼ਿੰਦਗੀ ਦੇ ਕੁੱਝ ਸਾਲ ਹੋਰ ਵਧਾ ਸਕਦਾ ਹੈ। ਕਈ ਵਾਰ ਗਰਭਵਤੀ ਔਰਤ ਅਤੇ ਉਸ ਦੇ ਪੇਟ ’ਚ ਪਲ ਰਹੇ ਬੱਚੇ ਦੀ ਜਾਨ ਵੀ ਸਾਡੇ ਦੁਆਰਾ ਦਿੱਤੇ ਗਏ ਖ਼ੂਨ ਨਾਲ ਬਚਾਈ ਜਾ ਸਕਦੀ ਹੈ। ਖ਼ੂਨਦਾਨ ਕਰਨ ਨਾਲ ਖ਼ੂਨ ਵਿਚ ਮੌਜੂਦ ਵਾਧੂ ਤੱਤ ਸਰੀਰ ’ਚੋਂ ਬਾਹਰ ਆ ਜਾਂਦੇ ਹਨ ਅਤੇ ਹਾਰਟ-ਅਟੈਕ ਦਾ ਖ਼ਤਰਾ ਘੱਟ ਜਾਂਦਾ ਹੈ। ਇਸ ਤਰ੍ਹਾਂ ਅਸੀਂ ਖ਼ੂਨਦਾਨ ਕਰ ਕੇ ਹਾਰਟ-ਅਟੈਕ, ਬਰੇਨ-ਹੈਮਰੇਜ਼ ਅਤੇ ਕੈਂਸਰ ਵਰਗੀਆਂ ਭਿਆਨਕ ਬਿਮਾਰੀਆਂ ਤੋ ਵੀ ਬਚ ਸਕਦੇ ਹਾਂ।

### ਸਮਾਜ ਸੇਵੀ ਸੰਸਥਾਵਾਂ ਦਾ ਯੋਗਦਾਨ

ਖ਼ੂਨ ਦੀ ਜ਼ਰੂਰਤ ਕਿਸੇ ਵੀ ਵਿਅਕਤੀ ਨੂੰ ਕਿਸੇ ਵੀ ਸਮੇਂ ਪੈ ਸਕਦੀ ਹੈ। ਸਾਡੇ ਸਮਾਜ ਅੰਦਰ ਅਨੇਕਾਂ ਸੰਸਥਾਵਾਂ ਕਲੱਬ, ਸਰਕਾਰੀ ਅਦਾਰੇ ਵੀ ਲੋਕਾਂ ਨੂੰ ਖ਼ੂਨਦਾਨ ਕਰਨ ਲਈ ਉਤਸ਼ਾਹਿਤ ਕਰਦੇ ਹਨ। ਭਾਰਤ ਅੰਦਰ ਸੰਤ ਨਿਰੰਕਾਰੀ ਚੈਰੀਟੇਬਲ ਫਾਊਂਡੇਸ਼ਨ ਗਰੁੱਪ ਵੱਲੋਂ ਖ਼ੂਨਦਾਨ ਮੁਹਿੰਮ ਚਲਾਈ ਗਈ ਹੈ ਤੇ ਲੋੜਵੰਦ ਲੋਕਾਂ ਨੂੰ ਕਿਸੇ ਵੀ ਵੇਲੇ ਖ਼ੂਨ ਮੁਹੱਈਆ ਕਰਵਾਇਆ ਜਾਂਦਾ ਹੈ। ਇਸ ਦਾ ਰਿਕਾਰਡ ਗਿੰਨੀਜ਼ ਬੁਕਸ ’ਚ ਵੀ ਸ਼ਾਮਲ ਹੋ ਚੁੱਕਾ ਹੈ। •

## ਸਵਾਈਨ ਫਲੂ

# ਲੱਛਣ ਤੇ ਰੋਕਥਾਮ

ਜੁਝਾਰ ‘ਖੁਸ਼ਦਿਲ’ ਹਰੀਗੜ੍ਹ

ਸਵਾਈਨ ਫਲੂ ਇਕ ਲਾਗ ਦੀ ਬਿਮਾਰੀ ਹੈ। ਇਸ ਦੀ ਲਾਗ ਬਿਮਾਰੀ ਤੋਂ ਪ੍ਰਭਾਵਿਤ ਇਨਸਾਨ ਵੱਲੋਂ ਛਿੱਕ ਮਾਰਨ, ਖ਼ਾਂਸੀ, ਥੁੱਕ ਰਾਹੀਂ ਹਵਾ ਵਿਚ ਫੈਲਣ ਵਾਲੇ ਕਿਟਾਣੂਆਂ ਜ਼ਰੀਏ ਤੰਦਰੁਸਤ ਵਿਅਕਤੀ ਤਕ ਪਹੁੰਚ ਕੇ ਉਸ ਨੂੰ ਵੀ ਆਪਣੀ ਗ੍ਰਿਫ਼ਤ ਵਿਚ ਲੈ ਲੈਂਦਾ ਹੈ। ਸਵਾਈਨ ਫਲੂ ਦੇ ਵਾਇਰਸ ਨੂੰ 81N1 ਕਿਹਾ ਜਾਂਦਾ ਹੈ। 81N1 ਸਵਾਈਨ ਫਲੂ ਵਾਇਰਸ ਦੀ ਸਭ ਤੋਂ ਪਹਿਲਾਂ ਸਾਲ 2009 ਦੌਰਾਨ ਮੈਕਸੀਕੋ ਵਿਖੇ ਪਛਾਣ ਕੀਤੀ ਗਈ ਸੀ।

### ਵੱਡੀ ਗਿਣਤੀ ’ਚ ਲੋਕ ਪ੍ਰਭਾਵਿਤ

ਸਰਕਾਰੀ ਅੰਕੜਿਆਂ ਮੁਤਾਬਿਕ ਭਾਰਤ ਵਿਚ 20 ਅਗਸਤ 20 17 ਤਕ ਸਵਾਈਨ ਫਲੂ ਦੇ 22,186 ਕੇਸ ਪਾਜ਼ੇਟਿਵ ਪਾਏ ਗਏ ਹਨ, ਜਿਨ੍ਹਾਂ ਵਿੱਚੋਂ 1,094 ਦੀ ਮੌਤ ਹੋ ਗਈ। ਇਕੱਲੇ ਦਿੱਲੀ ਸ਼ਹਿਰ ਵਿਚ ਸਵਾਈਨ ਫਲੂ ਦੇ 10,719 ਕੇਸ ਸਾਹਮਣੇ ਆਏ।

### ਕਿਸਮਾਂ

ਸਵਾਈਨ ਫਲੂ ਚਾਰ ਤਰ੍ਹਾਂ ਦਾ ਹੁੰਦਾ ਹੈ-81N1, 81N2, 83N2, ਅਤੇ 83N1, ਇਨ੍ਹਾਂ ਵਿੱਚੋਂ ਸਭ ਤੋਂ ਜ਼ਿਆਦਾ ਪ੍ਰਭਾਵ 81N1 ਦਾ ਹੀ ਵੇਖਿਆ ਗਿਆ ਹੈ। ਇਹ ਵਾਇਰਸ ਸਖ਼ਤ ਚਮੜੀ ਵਿਚ 24 ਘੰਟੇ, ਸਰੀਰ ਦੇ ਹੋਰ ਨਾਜ਼ੁਕ ਅੰਗਾਂ ਅਤੇ ਤਰਲ ਪਦਾਰਥ ਯੁਕਤ ਥਾਵਾਂ ’ਤੇ 20 ਮਿੰਟ ਤਕ ਜਿਉਂਦਾ ਰਹਿੰਦਾ ਹੈ। ਸਵਾਈਨ ਫਲੂ ਦਾ ਵਾਇਰਸ ਨੱਕ, ਅੱਖਾਂ, ਮੂੰਹ ਰਾਹੀਂ ਸਰੀਰ ਅੰਦਰ ਪਹੁੰਚ ਕੇ ਫੇਫੜਿਆਂ ਅਤੇ ਗਲ਼ੇ ਨੂੰ ਪ੍ਰਭਾਵਿਤ ਕਰਦਾ ਹੈ।

### ਕੌਣ ਹੁੰਦਾ ਹੈ ਵਧੇਰੇ ਪ੍ਰਭਾਵਿਤ?

ਸਵਾਈਨ ਫਲੂ ਦੀ ਲਪੇਟ ਵਿਚ ਸਭ ਤੋਂ ਵੱਧ 5 ਸਾਲ ਦੀ ਉਮਰ ਤਕ ਦੇ ਬੱਚੇ ਅਤੇ 65 ਸਾਲ ਤੋਂ ਵੱਧ ਉਮਰ ਦੇ ਬਜ਼ੁਰਗ, ਦਿਲ ਦੇ ਰੋਗੀ, ਸ਼ੂਗਰ ਰੋਗੀ, ਗਰਭਵਤੀ ਔਰਤਾਂ, ਫੇਫੜਿਆਂ ਤੇ ਗੁਰਦਿਆਂ



ਦੇ ਰੋਗੀ ਅਤੇ ਹੋਰ ਨਾਮੁਰਾਦ ਬਿਮਾਰੀਆਂ ਤੋਂ ਪੀੜ੍ਹਤ ਹੁੰਦੇ ਹਨ। ਇਨ੍ਹਾਂ ਬਿਮਾਰੀਆਂ ਕਾਰਨ ਸਰੀਰ ਵਿਚ ਬਿਮਾਰੀਆਂ ਨਾਲ ਲੜਨ ਦੀ ਸ਼ਕਤੀ ਘੱਟ ਜਾਂਦੀ ਹੈ। ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਉਕਤ ਉਮਰ ਵਰਗ ਤੋਂ ਇਲਾਵਾ ਦੂਸਰੇ ਉਮਰ ਵਰਗਾਂ ਦੇ ਲੋਕ ਵੀ ਇਸ ਦੀ ਲਪੇਟ ’ਚ ਆ ਸਕਦੇ ਹਨ ਪਰ ਉਕਤ ਉਮਰ ਵਰਗ ਦੇ ਲੋਕਾਂ ਨਾਲੋਂ ਇਹ ਸੰਭਾਵਨਾ ਘੱਟ ਹੁੰਦੀ ਹੈ।

### ਕਿਵੇਂ ਫ਼ੈਲਦਾ ਹੈ ਸਵਾਈਨ ਫਲੂ?

ਪ੍ਰਭਾਵਿਤ ਵਿਅਕਤੀ ਦੇ ਛਿੱਕਣ ਅਤੇ ਖ਼ਾਂਸੀ ਸਮੇਂ ਮੂੰਹ ’ਚੋਂ ਤਰਲ ਬੂੰਦਾਂ ਦੇ ਹਵਾ ਵਿਚ ਫੈਲ ਕੇ ਤੰਦਰੁਸਤ ਵਿਅਕਤੀ ਤਕ ਪਹੁੰਚਣ ਨਾਲ, ਬਿਨਾਂ ਰੁਮਾਲ ਜਾਂ ਟਿਸ਼ੂ ਪੇਪਰ ਵਰਤੇ ਨੱਕ ਜਾਂ ਮੂੰਹ ਨੂੰ ਸਾਫ਼ ਕਰਨ ਅਤੇ ਬਿਮਾਰ ਵਿਅਕਤੀ ਵੱਲੋਂ ਤੰਦਰੁਸਤ ਵਿਅਕਤੀ ਨਾਲ ਹੱਥ ਮਿਲਾਉਣ ਜਾਂ ਬਿਮਾਰ ਵਿਅਕਤੀ ਦੀ ਵਰਤੋਂ ਵਾਲੀਆਂ ਚੀਜ਼ਾਂ ਨੂੰ ਛੂਹਣ ਨਾਲ ਸਵਾਈਨ ਫਲੂ ਦਾ ਵਾਇਰਸ ਫ਼ੈਲਦਾ ਹੈ।

### ਲੱਛਣ ਤੇ ਰੋਕਥਾਮ

ਤੇਜ਼ ਬੁਖ਼ਾਰ, ਨੱਕ ਵਗਣਾ ਜਾਂ ਛਿੱਕਾਂ ਆਉਣੀਆਂ, ਗਲੇ ਵਿਚ ਖ਼ਾਰਿਸ਼, ਮਾਸਪੇਸ਼ੀਆਂ ਵਿਚ ਦਰਦ, ਉਲਟੀਆਂ ਆਉਣਾ, ਪੇਟ ਖ਼ਰਾਬ ਰਹਿਣਾ, ਸਾਹ ਲੈਣ ਵਿਚ ਤਕਲੀਫ਼ ਮਹਿਸੂਸ ਕਰਨੀ ਇਸ ਬਿਮਾਰੀ ਦੇ ਮੁੱਖ ਲੱਛਣ ਹਨ। ਇਹ ਲੱਛਣ ਦਿਖਾਈ ਦੇਣ ਤਾਂ ਜਲਦੀ ਹੀ ਮਾਹਿਰ ਡਾਕਟਰ ਦੀ ਸਲਾਹ ਲਵੋ। ਖ਼ੂਨ ਦੀ ਜਾਂਚ ਜ਼ਰੀਏ ਸਵਾਈਨ ਫਲੂ ਦੀ ਸਟੇਜ ਵੇਖ ਕੇ ਵੱਖ-ਵੱਖ ਦਵਾਈਆਂ ਦੀ ਇਲਾਜ ਵਾਸਤੇ ਚੋਣ ਕੀਤੀ ਜਾਂਦੀ ਹੈ। ਐਲੋਪੈਥਿਕ ਦਵਾਈਆਂ ਦੇ ਨਾਲ ਹੋਮਿਓਪੈਥਿਕ ਦਵਾਈਆਂ, ਜਿਵੇਂ ‘ਸਲਫਰ’ 30, 200 ਆਦਿ ਵੀ ਵਰਤੀਆਂ ਜਾ ਸਕਦੀਆਂ ਹਨ।

ਮੋਬਾਈਲ 94172-10015

# ਦੌੜਨ ਜਿੰਨਾ ਫ਼ਾਇਦੇਮੰਦ ਹੈ ਪੌੜੀਆਂ ਚੜ੍ਹਨਾ



ਸਿਹਤਮੰਦ ਰਹਿਣਾ ਚਾਹੁੰਦੇ ਹੋ ਤਾਂ ਕਾਰ ਦੀ ਥਾਂ ਸਾਈਕਲ ਚਲਾਓ। ਸਿਹਤਮੰਦੀ ਲਈ ਇਕ ਹੋਰ ਅਹਿਮ ਉਪਾਅ ਇਹ ਵੀ ਹੈ ਕਿ ਲਿਫਟ ਦੀ ਵਰਤੋਂ ਕਰਨ ਦੀ ਥਾਂ ਪੌੜੀਆਂ ਚੜ੍ਹੋ। ਪੌੜੀਆਂ ਚੜ੍ਹਨ ਨਾਲ ਦੌੜਨ ਜਿੰਨੀ ਹੀ ਕਸਰਤ ਹੁੰਦੀ ਹੈ। ਇਸ ਨਾਲ ਦਿਲ ਦੀਆਂ ਬਿਮਾਰੀਆਂ ਘੱਟ ਹੁੰਦੀਆਂ ਹਨ। ਜਿਹੜਾ ਵਿਅਕਤੀ ਇਕ ਸਾਲ ਤਕ ਰੋਜ਼ਾਨਾਂ ਦੋ ਮੰਜ਼ਿਲਾਂ ਦੀਆਂ ਪੌੜੀਆਂ ਚੜ੍ਹਦਾ ਹੈ ਉਹ ਸਾਢੇ 5 ਕਿੱਲੋ ਤਕ ਭਾਰ ਘਟਾ ਸਕਦਾ ਹੈ। ਪੌੜੀਆਂ ਚੜ੍ਹਨ ਨਾਲ ਬਿਲਕੁਲ ਉਸੇ ਤਰ੍ਹਾਂ ਸਰੀਰ ’ਚ ਜਮ੍ਹਾਂ ਕੈਲੋਰੀਜ਼ ਖ਼ਰਚ ਹੁੰਦੀਆਂ ਹਨ ਜਿਸ ਤਰ੍ਹਾਂ ਇਕ ਐਥਲੀਟ ਦੇ ਤੇਜ਼ ਦੌੜ ਲਗਾਉਣ ਨਾਲ ਊਰਜਾ ਖ਼ਰਚ ਹੁੰਦੀ ਹੈ।

**ਫ਼ਾਇਦੇ** : ਇਸ ਨਾਲ ਸਰੀਰ ਦੀਆਂ ਬਹੁਤ ਸਾਰੀਆਂ ਮਾਸਪੇਸ਼ੀਆਂ ਤੰਦਰੁਸਤ ਰਹਿੰਦੀਆਂ ਹਨ। ਮਾਸਪੇਸ਼ੀਆਂ ਦੇ ਸਿਹਤਮੰਦ ਰਹਿਣ ਕਾਰਨ ਸਰੀਰ ਸ਼ੇਪ ’ਚ ਰਹਿੰਦਾ ਹੈ। ਪੌੜੀਆਂ ਚੜ੍ਹਨ ਨਾਲ ਸਰੀਰ ’ਚ ਵਧੀਆ ਕੋਲੈਸਟ੍ਰੋਲ ਦੀ ਮਾਤਰਾ ਵਧਦੀ ਹੈ ਅਤੇ ਮਾੜੀ ਕੋਲੈਸਟ੍ਰੋਲ ਦੀ ਮਾਤਰਾ ’ਚ ਗਿਰਾਵਟ ਆਉਂਦੀ ਹੈ, ਜਿਸ ਨਾਲ ਦਿਲ ਦੀਆਂ ਕਈ ਬਿਮਾਰੀਆਂ ਤੋਂ ਵੀ ਬਚਾਅ ਰਹਿੰਦਾ ਹੈ।

**ਵਧੇਗਾ ਸਟੈਮਿਨਾ** : ਡਾਕਟਰਾਂ ਦਾ ਮੰਨਣਾ ਹੈ ਕਿ ਰੋਜ਼ਾਨਾ ਪੌੜੀਆਂ ਚੜ੍ਹਨ ਨਾਲੇ ਸਰੀਰ ਨੂੰ ਭਰਪੂਰ ਮਾਤਰਾ ’ਚ ਆਕਸੀਜਨ ਮਿਲਦੀ ਹੈ ਅਤੇ ਵਾਧੂ ਮਾਤਰਾ ’ਚ ਪ੍ਰਾਪਤ ਹੋਈ ਇਹ ਆਕਸੀਜਨ ਸਾਡੀਆਂ ਹੱਡੀਆਂ ਨੂੰ ਮਜ਼ਬੂਤ ਕਰਦੀ ਹੈ।

• ਫੀਚਰ ਡੈਸਕ

# ਖ਼ਤਰਨਾਕ ਹੈ ਹੈੱਡਫੋਨ ਦੀ ਵਧੇਰੇ ਵਰਤੋਂ



ਅਕਸਰ ਵੇਖਿਆ ਗਿਆ ਹੈ ਕਿ ਘਰ, ਕਾਲਜ, ਬਸ, ਰੇਲ ਗੱਡੀ ਆਦਿ ’ਚ ਲੋਕ ਆਪਣੇ ਕੰਨਾਂ’ਚ ਹੈੱਡਫੋਨ ਲਗਾ ਕੇ ਗਾਣੇ ਜਾਂ ਫੋਨ ਸੁਣਨ ’ਚ ਰੁੱਝੇ ਹੁੰਦੇ ਹਨ। ਕਈ ਵਾਰ ਤਾਂ ਇੰਝ ਜਾਪਦਾ ਹੈ ਜਿਵੇਂ ਹੈੱਡਫੋਨ ਉਨ੍ਹਾਂ ਦੀ ਜ਼ਿੰਦਗੀ ਦਾ ਅਨਿੱਖੜਵਾਂ ਅੰਗ ਬਣ ਗਿਆ ਹੈ। ਗੱਡੀ ਚਲਾਉਂਦੇ ਸਮੇਂ ਹੈੱਡਫੋਨ ਲਗਾ ਕੇ ਗਾਣੇ ਜਾਂ ਫੋਨ ਸੁਣਨ ਨਾਲ ਕਈ ਵੱਡੇ ਹਾਦਸੇ ਵਾਪਰ ਚੁੱਕੇ ਹਨ। ਇਸ ਤੋਂ ਇਲਾਵਾ ਇਸ ਨਾਲ ਸਾਡੀ ਸੁਣਨ ਸ਼ਕਤੀ ਅਤੇ ਦਿਮਾਗ਼ ਉੱਪਰ ਵੀ ਮਾੜਾ ਅਸਰ ਪੈਂਦਾ ਹੈ। ਡਾਕਟਰਾਂ ਦਾ ਮੰਨਣਾ ਹੈ ਕਿ 15 ਮਿੰਟ ਤਕ ਉੱਚੀ ਆਵਾਜ਼ ’ਚ ਹੈੱਡਫੋਨ ਲਗਾ ਕੇ ਗਾਣੇ ਜਾਂ ਫੋਨ-ਕਾਲ ਸੁਣਨ ਨਾਲ ਕੰਨਾਂ ਦੀਆਂ ਕਈ ਤਕਲੀਫ਼ਾਂ ਪੈਦਾ ਹੋ ਸਕਦੀਆਂ ਹਨ।

### ਕੀ ਹਨ ਖ਼ਤਰੇ?

ਜ਼ਿਆਦਾ ਉੱਚੀ ਆਵਾਜ਼ ’ਚ ਗਾਣੇ ਸੁਣਨ ਨਾਲ ਕੰਨਾਂ ਦੀਆਂ ਕਈ ਤਕਲੀਫ਼ਾਂ ਪੈਦਾ ਹੋ ਸਕਦੀਆਂ ਹਨ। ਕੰਨਾਂ ਵਿਚ ਘੰਟੀਆਂ ਜਾਂ ਟੱਲੀਆਂ ਸੁਣਾਈ ਦੇਣਾ, ਸੁਣਨ ਸ਼ਕਤੀ ਦਾ ਕਮਜ਼ੋਰ ਹੋ ਜਾਣਾ ਆਦਿ ਸਮੱਸਿਆਵਾਂ ਮੁੱਢਲੇ ਤੌਰ ’ਤੇ ਪੈਦਾ ਹੋ ਜਾਂਦੀਆਂ ਹਨ ਪਰ ਹੈੱਡਫੋਨ ਦੀ ਜ਼ਿਆਦਾ ਵਰਤੋਂ ਕਰਨਾ, ਉੱਚੀ ਆਵਾਜ਼ ’ਚ ਗਾਣੇ ਸੁਣਨ ਨਾਲ ਕੰਨਾਂ ਦੇ ਸੈੱਲ ਕਮਜ਼ੋਰ ਹੋ ਜਾਂਦੇ ਹਨ। ਇਸ ਤੋਂ ਇਲਾਵਾ ਕੰਨ ਦੇ ਪਰਦੇ (ਟੰਪੈਨਿਕ ਮੈਂਬਰੇਨ) ਸਬੰਧੀ ਵੀ ਕਈ ਤਰ੍ਹਾਂ ਦੇ ਵਿਗਾੜ ਪੈਦਾ ਹੋ ਜਾਂਦੇ ਹਨ।



### ਸ਼ੋਰ-ਸ਼ਰਾਬੇ ਦਾ ਅਸਰ

ਸਾਡੇ ਕੰਨ 80 ਫ਼ੀਸਦੀ ਤਕ ਹੀ ਸ਼ੋਰ-ਸ਼ਰਾਬਾ ਸੁਣ ਸਕਦੇ ਹਨ। ਜੇ ਸ਼ੋਰ ਇਸ ਤੋਂ ਜ਼ਿਆਦਾ ਸੁਣਨ ਨੂੰ ਮਿਲ ਜਾਵੇ ਤਾਂ ਉਸ ਨਾਲ ਅਨੇਕਾਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਉੱਚੀ ਆਵਾਜ਼ ਕੰਨ ਵਿਚ ਸਿੱਧੇ ਤੌਰ ’ਤੇ ਲਗਾਤਾਰ ਗਾਣਿਆਂ ਦੇ ਗੂੰਜਣ ਕਾਰਨ ਕਈ ਮਾਨਸਿਕ ਵਿਕਾਰ ਵੀ ਪੈਦਾ ਹੋ ਸਕਦੇ ਹਨ। ਇਸ ਤੋਂ ਇਲਾਵਾ ਥਕਾਵਟ, ਉਣੀਂਦਾ ਅਤੇ ਸੁਣਨ ਸਬੰਧੀ ਕਈ ਭਰਮ ਪੈਦਾ ਕਰਨ ਵਾਲੀਆਂ ਅਵਸਥਾਵਾਂ ਪੈਦਾ ਹੋ ਜਾਂਦੀਆਂ ਹਨ।

### ਬੋਲੇ ਹੋਣ ਦਾ ਖ਼ਤਰਾ

ਕੰਨਾਂ ਜ਼ਰੀਏ ਦਿਮਾਗ਼ ਤਕ ਇਲੈੱਕਟ੍ਰਿਕ ਸਿਗਨਲ ਜਾਂ ਸੰਦੇਸ਼ ਪਹੁੰਚਾਉਣ ਵਾਲੇ ਸੈੱਲ ਉੱਪਰ ਬਣੀ ਮੈਲਿਨ ਸ਼ੀਟ ਨਾਂ ਦੀ ਕੋਟਿੰਗ ਇਨ੍ਹਾਂ ਇਲੈਕਟ੍ਰਿਕ ਸਿਗਨਲਜ਼ ਨੂੰ ਦਿਮਾਗ਼ ਤਕ ਪਹੁੰਚਾਉਣ ’ਚ ਮਦਦ ਕਰਦੀ ਹੈ। ਜੇ ਅਸੀਂ 110 ਡੈਸੀਬੈੱਲ ਤੋਂ ਜ਼ਿਆਦਾ ਸ਼ੋਰ-ਸ਼ਰਾਬਾ ਸੁਣਦੇ ਹਾਂ ਤਾਂ ਇਸ ਨਾਲ ਮੈਲਿਨ ਸ਼ੀਟ ਵਿਚ ਛੇਕ ਹੋਣ ਦਾ ਖ਼ਤਰਾ ਚੋਟੀ ’ਤੇ ਪਹੁੰਚ ਜਾਂਦਾ ਹੈ, ਜਿਸ ਕਾਰਨ ਅਸੀ ਸੁਣਨ ਤੋਂ ਪੂਰੀ ਤਰ੍ਹਾਂ ਅਸਮਰੱਥ (ਬੋਲੇ) ਹੋ ਸਕਦੇ ਹਾਂ।

• ਫੀਚਰ ਡੈਸਕ

# ਅੱਖੋਂ ਪਰੋਖੇ ਨਾ ਕਰੋ ਅੱਖਾਂ ਦੀਆਂ ਬਿਮਾਰੀਆਂ



ਅੱਖਾਂ ਸਾਡੇ ਸਰੀਰ ਦਾ ਇਕ ਅਹਿਮ ਅੰਗ ਹਨ, ਜਿਨ੍ਹਾਂ ਨਾਲ ਅਸੀਂ ਵੇਖਦੇ ਹਾਂ। ਸਿਆਣਿਆਂ ਦਾ ਕਥਨ ਹੈ ਕਿ ‘ਦੰਦ ਗਏ ਸੁਆਦ ਗਿਆ, ਅੱਖਾਂ ਗਈਆਂ ਜਹਾਨ ਗਿਆ।’ ਜਦੋਂ ਸਾਡੀਆਂ ਅੱਖਾਂ ’ਚ ਕਿਸੇ ਤਰ੍ਹਾਂ ਦੀ ਪਰੇਸ਼ਾਨੀ ਆ ਜਾਂਦੀ ਹੈ ਤਾਂ ਇਸ ਨੂੰ ਵੱਡੀ ਚਿੰਤਾ ਦਾ ਵਿਸ਼ਾ ਸਮਝਣਾ ਚਾਹੀਦਾ ਹੈ। ਅੱਖਾਂ ਸਬੰਧੀ ਸਮੱਸਿਆਵਾਂ ਨੂੰ ਨਜ਼ਰਅੰਦਾਜ਼ ਕਰਨ ’ਤੇ ਇਹ ਅੰਨ੍ਹੇਪਨ ਤੇ ਹੋਰ ਗੰਭੀਰ ਸਿੱਟਿਆਂ ਦਾ ਕਾਰਨ ਬਣ ਸਕਦੀਆਂ ਹਨ। ਅੱਖਾਂ ਸਬੰਧੀ ਕਿਸੇ ਵੀ ਸਮੱਸਿਆ ਮੌਕੇ ਤੁਰੰਤ ਅੱਖਾਂ ਦੇ ਮਾਹਿਰ ਡਾਕਟਰ ਨਾਲ ਸੰਪਰਕ ਕਰਨਾ ਚਾਹੀਦਾ ਹੈ।

### ਕਾਲਾ ਮੋਤੀਆ

ਜੇ ਤੁਹਾਡੀ ਅੱਖ ’ਚ ਸ਼ਾਮ ਸਮੇਂ ਜਾਂ ਲੰਮੇ ਸਮੇਂ ਤਕ ਦਰਦ ਅਤੇ ਭਾਰੀਪਨ ਰਹੇ, ਅੱਖ ਦਾ ਰੰਗ ਲਗਾਤਾਰ ਲਾਲ ਰਹੇ, ਦ੍ਰਿਸ਼ਟੀ ਭਰਮ ਪੈਦਾ ਹੁੰਦਾ ਹੋਵੇ ਜਾਂ ਧੁੰਦਲਾ ਵਿਖਾਈ ਦਿੰਦਾ ਹੋਵੇ ਤਾਂ ਇਹ ਕਾਲੇ ਮੋਤੀਏ ਦੀ ਨਿਸ਼ਾਨੀ ਹੋ ਸਕਦੀ ਹੈ।

### ਐਲਰਜੀ

ਸਾਡੇ ਸਰੀਰ ’ਚ ਕਈ ਤਰ੍ਹਾਂ ਦੀਆਂ ਰਸਾਇਣਕ ਤਬਦੀਲੀਆਂ ਆਉਂਦੀਆਂ ਰਹਿੰਦੀਆਂ ਹਨ, ਜਿਸ ਕਰ ਕੇ ਐਲਰਜੀ ਹੋ ਸਕਦੀ ਹੈ। ਸਰੀਰ ਦੀ ਐਲਰਜੀ ਜ਼ਿਆਦਾ ਚਿੰਤਾ ਦਾ ਵਿਸ਼ਾ ਨਹੀਂ ਹੈ ਪਰ ਜੇ ਕਿਸੇ ਚੀਜ਼ ਕਰ ਕੇ ਜਾਂ ਬਦਲਦੇ ਮੌਸਮ ਨਾਲ ਅੱਖਾਂ ਚ ਐਲਰਜੀ ਹੋ ਜਾਵੇ ਤਾਂ ਡਾਕਟਰ ਦੀ ਸਲਾਹ ਜ਼ਰੂਰ ਲੈਣੀ ਚਾਹੀਦੀ ਹੈ। ਆਪਣੀ ਮਰਜ਼ੀ ਨਾਲ ਕਿਸੇ ਵੀ ਐਂਟੀ-ਐਲਰਜਿਕ ਦਵਾਈ ਜਾਂ ਆਈਡਰਾਪਸ ਦਾ ਇਸਤੇਮਾਲ ਨਹੀਂ ਕਰਨਾ ਚਾਹੀਦਾ।

### ਆਈਰਾਈਟਿਸ

ਕਈ ਵਾਰ ਅਚਾਨਕ ਸੱਟ ਲੱਗਣ ਨਾਲ ਅੱਖ ਕਮਜ਼ੋਰ ਹੋ ਜਾਂਦੀ ਹੈ। ਅੱਖ ਦੇ ਪਿੱਛਲੇ ਪਰਦੇ ’ਤੇ ਸੋਜ਼ ਪੈ ਸਕਦੀ ਹੈ ਅਤੇ ਨਾਲ ਹੀ ਜਲਨ ਤੇ ਭਾਰੀਪਨ ਦੀ ਸ਼ਿਕਾਇਤ ਰਹਿ ਸਕਦੀ ਹੈ। ਇਸ ਸਥਿਤੀ ’ਚ ਵੀ ਅੱਖ ਦਾ ਰੰਗ ਲਾਲ ਹੋ ਜਾਂਦਾ ਹੈ। ਇਸ ਨੂੰ ਆਈਰਾਈਟਿਸ ਕਿਹਾ ਜਾਂਦਾ ਹੈ। ਅਜਿਹੀ ਸਥਿਤੀ ਨੂੰ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ ਅਤੇ ਅੱਖਾਂ ਦੇ ਮਾਹਿਰ ਡਾਕਟਰ ਦੀ ਸਲਾਹ ਲੈਣੀ ਚਾਹੀਦੀ ਹੈ।

### ਗੁਆਂਢਣੀ

ਪ੍ਰਦੂਸ਼ਣ ਜਾਂ ਇਨਫੈਕਸ਼ਨ ਕਰਕੇ ਅੱਖ ਦੇ ਅੰਦਰ ਜਾਂ ਬਾਹਰ ਫਿੰਸੀ ਹੋ ਜਾਂਦੀ ਹੈ। ਇਸ ਨੂੰ ਆਮ ਪੇਂਡੂ ਭਾਸ਼ਾ ਵਿਚ ਗੁਆਂਢਣੀ ਅਤੇ ਅੰਗਰੇਜ਼ੀ ਵਿਚ ਸਟਾਏ (stye) ਆਖਦੇ ਹਨ। ਕਈ ਵਾਰ ਇਸ ਨਾਲ ਬਹੁਤ ਦਰਦ ਵੀ ਹੁੰਦੀ ਹੈ। ਜੇ ਇਹ ਫਿੰਸੀ ਅੱਖ ਦੇ ਅੰਦਰ ਹੋਵੇ ਤਾਂ ਅੱਖ ਝਮਕਣ ’ਚ ਕਾਫ਼ੀ ਪਰੇਸ਼ਾਨੀ ਹੁੰਦੀ ਹੈ। ਜੇ ਸਮਾਂ ਰਹਿੰਦਿਆਂ ਇਸ ਦਾ ਇਲਾਜ ਨਾ ਕੀਤਾ ਜਾਵੇ ਤਾਂ ਇਸ ਦੇ ਵਾਰ-ਵਾਰ ਹੋਣ ਦਾ ਡਰ ਰਹਿੰਦਾ ਹੈ।

### ਬਿਲਫਰਿਟ੍ਰਸ

ਇਹ ਤਕਲੀਫ਼ ਅੱਖਾਂ ਦੀਆਂ ਪਲਕਾਂ ਦੇ ਕਿਨਾਰਿਆਂ ’ਤੇ ਇਨਫੈਕਸ਼ਨ ਹੋਣ ਕਾਰਨ ਪੈਦਾ ਹੁੰਦੀ ਹੈ। ਇਸ ਕਾਰਨ ਅੱਖਾਂ ’ਚ ਸੁੱਕਾਪਨ ਜਾਂ ਖ਼ੁਸ਼ਕੀ, ਸੋਜ਼, ਅੱਖਾਂ ਝਮਕਣ ’ਚ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਜੇ ਤੁਸੀ ਇਸ ਰੋਗ ਤੋਂ ਪੀੜ੍ਹਤ ਹੋ ਤਾਂ ਇਸ ਨੂੰ ਅੱਖੋਂ ਪਰੋਖੇ ਨਾ ਕਰੋ ਅਤੇ ਫ਼ੌਰੀ ਤੌਰ ’ਤੇ ਡਾਕਟਰ ਕੋਲ ਅੱਖਾਂ ਦੀ ਜਾਂਚ ਕਰਵਾਓ।

### ਇਨ੍ਹਾਂ ਗੱਲਾਂ ਦਾ ਰੱਖੋ ਧਿਆਨ

- ਵਾਤਾਵਰਨ ਪ੍ਰਦੂਸ਼ਣ ਅੱਖਾਂ ਦੀਆਂ ਸਮੱਸਿਆਵਾਂ ਦਾ ਵੱਡਾ ਕਾਰਨ ਹੈ। ਇਸ ਲਈ ਧੂੜ-ਮਿੱਟੀ ਤੋਂ ਅੱਖਾਂ ਦਾ ਖ਼ਿਆਲ ਰੱਖੋ।
- ਗਰਮੀਆਂ ਦੇ ਮੌਸਮ ਵਿਚ ਸਾਡੀਆਂ ਅੱਖਾਂ ਉੱਪਰ ਸੂਰਜ ਦੀਆਂ ਤਿੱਖੀਆਂ ਕਿਰਨਾਂ ਦਾ ਬੇਹੱਦ ਮਾੜਾ ਅਸਰ ਪੈਂਦਾ ਹੈ। ਅੱਖਾਂ ਅੰਦਰ ਪਸੀਨਾ ਨਾ ਜਾਣ ਦਿਓ ਅਤੇ ਸੂਰਜ ਦੀ ਸਿੱਧੀ ਰੋਸ਼ਨ ਤੋਂ ਆਪਣੇ ਆਪ ਨੂੰ ਬਚਾਅ ਕੇ ਰੱਖੋ।
- ਧੁੱਪ ’ਚ ਬਾਹਰ ਨਿਕਲਦੇ ਸਮੇਂ ਗਾੜ੍ਹੇ ਰੰਗ ਦੇ ਸ਼ੀਸ਼ਿਆਂ ਵਾਲੀ ਐਨਕ ਦਾ ਇਸਤੇਮਾਲ ਕਰੋ। ਇਨ੍ਹਾਂ ਨਾਲ ਤੁਸੀਂ ਤੇਜ਼ ਕਿਰਨਾਂ ਤੋਂ ਬਚ ਸਕੋਗੇ।
- ਸਫ਼ਰ ਤੋਂ ਬਾਅਦ ਚਿਹਰੇ ਅਤੇ ਅੱਖਾਂ ਨੂੰ ਤਾਜ਼ੇ ਪਾਣੀ ਨਾਲ ਸਾਫ਼ ਕਰੋ।
- ਅੱਖਾਂ ’ਚ ਸਵੇਰ ਸ਼ਾਮ ਠੰਢੇ ਪਾਣੀ ਦੇ ਛਿੱਟੇ ਮਾਰੋ।

• ਫੀਚਰ ਡੈਸਕ

ਕੌਮੀ ਪੱਤ੍ਰਿਕਾ

## ਸੰਪਾਦਕੀ

# ਡਰੋਨ ਤੇ ਡੀਲਰ

ਪਾਕਿਸਤਾਨ ਨਾਲ ਲੱਗਦੇ ਪੰਜਾਬ ਦੇ ਸਰਹੱਦੀ ਇਲਾਕਿਆਂ ’ਚੋਂ ਹਥਿਆਰਾਂ ਦੀਆਂ ਬਰਾਮਦਗੀਆਂ ਵਿਚ ਪੰਜ ਗੁਣਾ ਵਾਧਾ ਹੋਣਾ ਦਰਸਾਉਂਦਾ ਹੈ ਕਿ ਪਾਕਿਸਤਾਨ ਵੱਲੋਂ ਖ਼ਤਰਨਾਕ ਤੇ ਲੁਕਵੇਂ ਤੌਰ-ਤਰੀਕੇ ਮੁੜ ਵਰਤਣੇ ਸ਼ੁਰੂ ਕਰ ਦਿੱਤੇ ਗਏ ਹਨ। ਇਸ ਸਾਲ ਹੁਣ ਤੱਕ 362 ਹਥਿਆਰ ਬਰਾਮਦ ਹੋਏ ਹਨ ਜਦਕਿ ਪਿਛਲੇ ਸਾਲ 81 ਹਥਿਆਰ ਬਰਾਮਦ ਕੀਤੇ ਗਏ ਸਨ ਜਿਸ ਨਾਲ ਪੰਜਾਬ ਇਕ ਵਾਰ ਫਿਰ ਲੁਕਵੇਂ ਯੁੱਧ ਦਾ ਨਿਸ਼ਾਨਾ ਬਣਦਾ ਜਾ ਰਿਹਾ ਹੈ। ਖੁਫ਼ੀਆ ਏਜੰਸੀਆਂ ਇਸ ਉਭਾਰ ਨੂੰ ਅਪਰੇਸ਼ਨ ਸਿੰਧੂਰ ਨਾਲ ਜੋੜ ਰਹੀਆਂ ਹਨ ਜਿਸ ਤਹਿਤ ਪਾਕਿਸਤਾਨ ਵਿਚ ਦਹਿਸ਼ਤਗਰਦੀ ਦੇ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਗਿਆ ਸੀ। ਇਸ ਦੇ ਬਦਲੇ ਵਿਚ ਕਾਰਵਾਈ ਹੋਈ ਪਰ ਇਹ ਖੁੱਲ੍ਹੇਆਮ ਟਕਰਾਅ ਦੇ ਰੂਪ ਵਿਚ ਨਹੀਂ ਸਗੋਂ ਡਰੋਨਾਂ ਅਤੇ ਗਲੌਕਾਂ, ਏਕੇ 47 ਅਤੇ ਗ੍ਰੇਨੇਡਾਂ ਨੂੰ ਪੰਜਾਬ ਦੇ ਸਰਹੱਦੀ ਖੇਤਰਾਂ ਤੱਕ ਪਹੁੰਚਾਉਣ ਦੇ ਰੂਪ ਵਿਚ ਕੀਤੀ ਗਈ।

ਬੀਤੇ ਦੋ ਮਹੀਨਿਆਂ ਦੌਰਾਨ ਪਾਕਿਸਤਾਨ ਦੀ ਖ਼ੁਫ਼ੀਆ ਏਜੰਸੀ ਦੀ ਸ਼ਹਿ ਨਾਲ ਚੱਲਦੇ ਸਰਹੱਦ ਪਾਰ ਤਾਣੇ-ਬਾਣੇ ਬੇਨਕਾਬ ਹੋਏ ਹਨ। ਹਰੇਕ ਬਰਾਮਦਗੀ ਨਾਲ ਇਹ ਉੱਭਰਦਾ ਹੈ ਕਿ ਅਪਰਾਧਿਕ ਗਰੋਹਾਂ ਅਤੇ ਦਹਿਸ਼ਤਗਰਦੀ ਵਿਚਕਾਰ ਰੇਖਾ ਕਿੰਨੀ ਤੇਜ਼ੀ ਨਾਲ ਮੱਧਮ ਪੈ ਰਹੀ ਹੈ। ਸਰਹੱਦ ਪਾਰੋਂ ਹੈਂਡਲਰ ਹਥਿਆਰਾਂ ਅਤੇ ਨਸ਼ਿਆਂ ਦੀਆਂ ਖੇਪਾਂ ਸਪਲਾਈ ਕਰਨ ਲਈ ਗੈਂਗਸਟਰਾਂ ਤੇ ਨਸ਼ਾ ਤਸਕਰਾਂ ਦੇ ਜਾਲ ਦੀ ਵਰਤੋਂ ਕਰਦੇ ਹਨ। ਕੈਨੇਡਾ ਅਤੇ ਅਮਰੀਕਾ ਵਿਚ ਸੁਰੱਖਿਅਤ ਪਨਾਹਾਂ ਵਿਚ ਬੈਠੇ ਇਨ੍ਹਾਂ ਗਰੋਹਾਂ ਵਲੋਂ ਪੰਜਾਬ ਦੇ ਭੂਗੋਲ ਅਤੇ ਪਰਵਾਸੀ ਸੰਪਰਕਾਂ ਦਾ ਇਸਤੇਮਾਲ ਕਰ ਕੇ ਨਕਦੀ ਅਤੇ ਹਥਿਆਰਾਂ ਦੀ ਸਪਲਾਈ ਨੂੰ ਕਾਇਮ ਰੱਖਿਆ ਜਾਂਦਾ ਹੈ। ਪੰਜਾਬ ਪੁਲੀਸ ਨੇ ਇਨ੍ਹਾਂ ਖੇਪਾਂ ਨੂੰ ਫੜਨ ਲਈ ਕੇਂਦਰੀ ਏਜੰਸੀਆਂ ਨਾਲ ਬਹੁਤ ਵਧੀਆ ਤਾਲਮੇਲ ਕੀਤਾ ਹੈ ਪਰ ਇਨ੍ਹਾਂ ਬਰਾਮਦਗੀਆਂ ਦੇ ਆਕਾਰ ਤੋਂ ਪਤਾ ਲੱਗਦਾ ਹੈ ਕਿ ਜੋ ਕਿ ਕੁਝ ਫੜਿਆ ਜਾ ਰਿਹਾ ਹੈ, ਉਹ ਤਾਂ ਅਸਲ ਖੇਪਾਂ ਦਾ ਛੋਟਾ ਜਿਹਾ ਹਿੱਸਾ ਹੀ ਹੈ।

ਇਹ ਮਹਿਜ਼ ਅਮਨ ਕਾਨੂੰਨ ਦਾ ਮੁੱਦਾ ਨਹੀਂ ਹੈ ਸਗੋਂ ਇਕ ਹਾਈਬ੍ਰਿਡ ਯੁੱਧਕਲਾ ਹੈ ਜਿਸ ਤਹਿਤ ਪ੍ਰੌਕਸੀਆਂ ਅਤੇ ਤਕਨਾਲੋਜੀ ਰਾਹੀਂ ਪੰਜਾਬ ਦੀ ਅੰਦਰੂਨੀ ਸਥਿਰਤਾ ਅਤੇ ਭਾਰਤ ਦੀ ਕੌਮੀ ਸੁਰੱਖਿਆ ਉਪਰ ਹਮਲਾ ਕੀਤਾ ਜਾਂਦਾ ਹੈ। ਡਰੋਨਾਂ ਦੇ ਪਸਾਰ ਅਤੇ ਨਸ਼ਿਆਂ ਅਤੇ ਹਥਿਆਰਾਂ ਦੇ ਗਰੋਹਾਂ ਦੇ ਰਲੇਵੇਂ ਦੇ ਮੱਦੇਨਜ਼ਰ ਸਰਹੱਦੀ ਸਿਧਾਂਤ ਨੂੰ ਅਪਗ੍ਰੇਡ ਕੀਤਾ ਜਾਣਾ ਚਾਹੀਦਾ ਹੈ ਜਿਸ ਵਿਚ ਨਾਲ ਦੀ ਨਾਲ ਨਿਗਰਾਨੀ, ਏਆਈ ਅਧਾਰਤ ਬਚਾਅ ਪ੍ਰਣਾਲੀਆਂ ਅਤੇ ਵਿਆਪਕ ਸੂਹੀਆ ਤੰਤਰ ਸ਼ਾਮਲ ਹੋਵੇ। ਪੰਜਾਬ ਨੂੰ ਪੁਰਾਣੇ ਦੁਸ਼ਮਣ ਦੇ ਨਵੇਂ ਪੈਂਤੜਿਆਂ ਦੀ ਅਜ਼ਮਾਇਸ਼ਗਾਹ ਨਹੀਂ ਬਣਨ ਦਿੱਤਾ ਜਾ ਸਕਦਾ। ਤਕਨਾਲੋਜੀ, ਇੰਟੈਲੀਜੈਂਸ ਅਤੇ ਸਿਆਸੀ ਇੱਛਾ ਸ਼ਕਤੀ ਦੀ ਮਦਦ ਰਾਹੀਂ ਇਕ ਬੱਝਵੇਂ ਕੌਮੀ ਜਵਾਬ ਨਾਲ ਹੀ ਇਸ ਘੁਸਪੈਠ ਤੋਂ ਬਚਾਅ ਕੀਤਾ ਜਾ ਸਕਦਾ ਹੈ। ਇਨ੍ਹਾਂ ਤਸਕਰੀ ਨੈੱਟਵਰਕਾਂ ਨਾਲ ਸਿੱਝਣ ਦਾ ਸਮਾਂ ਹੈ ਕਿਉਂਕਿ ਕੌਮੀ ਸੁਰੱਖਿਆ ਦੀਆਂ ਵੰਗਾਰਾਂ ਨੂੰ ਕਿਸੇ ਮੁਕਾਮੀ ਅਪਰਾਧ ਦੀ ਤਰ੍ਹਾਂ ਨਹੀਂ ਲਿਆ ਜਾ ਸਕਦਾ।

# ਨਕਸਲੀਆਂ ਤੇ ਮਾਓਵਾਦੀਆਂ ਦਾ ਸਮਰਪਣ

ਛੱਤੀਸਗੜ੍ਹ ਅਤੇ ਮਹਾਰਾਸ਼ਟਰ ਵਿੱਚ ਨਕਸਲੀਆਂ ਤੇ ਮਾਓਵਾਦੀਆਂ ਵੱਲੋਂ ਵੱਡੀ ਗਿਣਤੀ ’ਚ ਕੀਤਾ ਸਮਰਪਣ ਦਰਸਾਉਂਦਾ ਹੈ ਕਿ ਦਹਾਕਿਆਂ ਦੇ ਸੰਘਰਸ਼ ਤੋਂ ਬਾਅਦ ਉਹ ਆਖਰਕਾਰ ਮੁੱਖਧਾਰਾ ਨਾਲ ਜੁੜਨਾ ਚਾਹੁੰਦੇ ਹਨ, ਬਸ਼ਰਤੇ ਸਰਕਾਰ ਉਨ੍ਹਾਂ ਨਾਲ ਨਰਮੀ ਵਰਤੇ ਤੇ ਕਿਸੇ ਲਾਹੇਵੰਦ ਮੁੜਵਸੇਬਾ ਨੀਤੀ ਦੇ ਨਾਲ ਉਨ੍ਹਾਂ ਦਾ ਸੁਆਗਤ ਕਰੇ। ਨਕਸਲੀਆਂ ਦੇ ਮੁੱਖ ਰਣਨੀਤੀਕਾਰ, ਮੱਲੋਜੁਲਾ ਵੇਣੂਗੋਪਾਲ ਰਾਓ ਉਰਫ਼ ਭੂਪਤੀ, ਨੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਅੱਗੇ ਗੜ੍ਹਚਿਰੌਲੀ ਜ਼ਿਲ੍ਹੇ ਵਿੱਚ ਆਪਣੇ 60 ਸਾਥੀਆਂ ਸਮੇਤ ਹਥਿਆਰ ਸੁੱਟ ਦਿੱਤੇ ਹਨ, ਜਦਕਿ 78 ਮਾਓਵਾਦੀਆਂ— – ਜਿਨ੍ਹਾਂ ਵਿੱਚ 43 ਔਰਤਾਂ ਵੀ ਸ਼ਾਮਲ ਸਨ—- ਨੇ ਛੱਤੀਸਗੜ੍ਹ ਦੇ ਤਿੰਨ ਜ਼ਿਲ੍ਹਿਆਂ ਵਿੱਚ ਆਤਮ-ਸਮਰਪਣ ਕੀਤਾ ਹੈ। ਪਾਬੰਦੀਸ਼ੁਦਾ ‘ਪੀਪਲਜ਼ ਵਾਰ ਗਰੁੱਪ’ ਦੇ ਬਾਨੀ ਮੈਂਬਰ ਵਜੋਂ ਮਹਾਰਾਸ਼ਟਰ-ਛੱਤੀਸਗੜ੍ਹ ਦੀ ਸਰਹੱਦ ਦੇ ਆਰ-ਪਾਰ ਮਾਓਵਾਦੀ ਲਹਿਰ ਦੇ ਪਸਾਰ ਵਿੱਚ ਮਦਦ ਕਰਨ ਵਾਲੇ ਭੂਪਤੀ ਨੂੰ ਮਨਾਉਣ ਲਈ ਇੱਕ ਮਹੀਨੇ ਤੱਕ ਅੰਦਰੂਨੀ ਗੱਲਬਾਤ ਚੱਲੀ। ਮੁੱਖਧਾਰਾ ਵਿੱਚ ਉਸ ਦੀ ਵਾਪਸੀ ਦਰਸਾਉਂਦੀ ਹੈ ਕਿ ਕੇਂਦਰ ਅਤੇ ਰਾਜ ਸਰਕਾਰਾਂ ਅਗਲੇ ਸਾਲ 31 ਮਾਰਚ ਦੀ ਸਮਾਂ-ਸੀਮਾ ਤੱਕ ਨਕਸਲੀਆਂ ਨੂੰ ਹਥਿਆਰ ਸੁੱਟਣ ਲਈ ਸਹਿਮਤ ਕਰਨ ਦੇ ਰਾਹ ’ਤੇ ਹਨ। ਵਿਦਰੋਹ ਖਿਲਾਫ਼ ਕਾਰਵਾਈਆਂ ਨੂੰ ਲੋਕ-ਮੁਖੀ ਵਿਕਾਸ ਪਹਿਲਕਦਮੀਆਂ ਨਾਲ ਜੋੜਨ ਦੀ ਰਣਨੀਤੀ ਕਾਰਗਰ ਸਾਬਿਤ ਹੋ ਰਹੀ ਹੈ। ਹੁਣ ਅਗਲੀ ਚੁਣੌਤੀ ਸਮਰਪਣ ਕਰਨ ਵਾਲਿਆਂ ਦਾ ਮੁੜ-ਵਸੇਬਾ ਹੈ ਜਿਨ੍ਹਾਂ ਹਿੰਸਾ ਦਾ ਰਾਹ ਛੱਡ ਦਿੱਤਾ ਹੈ। ਇਹ ਦਿਲ ਨੂੰ ਤਸੱਲੀ ਦੇਣ ਵਾਲੀ ਗੱਲ ਹੈ ਕਿ ਇੱਕ ਪ੍ਰਾਈਵੇਟ ਫਰਮ, ਲੋਇਡਸ ਮੈਟਲਸ ਐਂਡ ਐਨਰਜੀ ਲਿਮਟਿਡ, ਗੜ੍ਹਚਿਰੌਲੀ ਵਿੱਚ ਸਾਬਕਾ ਨਕਸਲੀਆਂ ਨੂੰ ਸਿਖਲਾਈ ਅਤੇ ਨੌਕਰੀ ਦੇਣ ਦੀ ਚਾਹਵਾਨ ਹੈ, ਜਿਸ ਨੂੰ ਲਗਭਗ 3 ਲੱਖ ਕਰੋੜ ਰੁਪਏ ਦੇ ਨਿਵੇਸ਼ ਨਾਲ ਇੱਕ ਸਟੀਲ ਹੱਬ ਵਜੋਂ ਵਿਕਸਤ ਕੀਤਾ ਜਾ ਰਿਹਾ ਹੈ। ਇੱਕ ਲੱਖ ਤੋਂ ਵੱਧ ਸਥਾਨਕ ਨੌਕਰੀਆਂ ਪੈਦਾ ਕਰਨ ਦਾ ਟੀਚਾ ਆਸ ਭਰਿਆ ਲੱਗਦਾ ਹੈ। ਦਰਅਸਲ, ਲਾਭਕਾਰੀ ਰੁਜ਼ਗਾਰ ਦੀ ਸੰਭਾਵਨਾ ਹੋਰਨਾਂ ਨਕਸਲੀਆਂ ਅਤੇ ਮਾਓਵਾਦੀਆਂ ਨੂੰ ਆਤਮ-ਸਮਰਪਣ ਲਈ ਉਤਸ਼ਾਹਿਤ ਕਰ ਸਕਦੀ ਹੈ। ਮਾਓਵਾਦੀਆਂ ਤੇ ਨਕਸਲੀਆਂ ਦੇ ਮੁੱਖ ਧਾਰਾ ਵੱਲ ਪਰਤਣ ਦੇ ਕਈ ਕਾਰਨ ਹਨ। ਸੁਰੱਖਿਆ ਬਲਾਂ ਵੱਲੋਂ ਕੀਤੀ ਸਖ਼ਤੀ ਵੀ ਇਨ੍ਹਾਂ ਕਾਰਨਾਂ ਵਿਚੋਂ ਇਕ ਹੈ। ਹੁਣ, ਸਰਕਾਰ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਇਨ੍ਹਾਂ ਆਸਵੰਦ ਧੀਆਂ-ਪੁੱਤਰਾਂ ਨੂੰ ਬੇਸਹਾਰਾ ਨਾ ਛੱਡਿਆ ਜਾਵੇ।

? ?ਓਨਾ ਹੀ ਮਹੱਤਵਪੂਰਨ ਹੈ ਉਨ੍ਹਾਂ ਕਾਰਨਾਂ ਦੀ ਡੂੰਘਾਈ ਨਾਲ ਜਾਂਚ ਜਿਨ੍ਹਾਂ ਇਸ ਹਥਿਆਰਬੰਦ ਲਹਿਰ ਨੂੰ ਹੁਲਾਰਾ ਦਿੱਤਾ ਅਤੇ ਐਨਾ ਲੰਮਾ ਸਮਾਂ ਵਧਣ-ਫੁੱਲਣ ਵਿੱਚ ਮਦਦ ਕੀਤੀ। ਜ਼ਮੀਨੀ ਹੱਕਾਂ ਤੋਂ ਇਨਕਾਰ, ਸਮਾਜਿਕ ਨਾਇਨਸਾਫ਼ੀ, ਸਰਕਾਰ ਦੀ ਉਦਾਸੀਨਤਾ—- ਇਨ੍ਹਾਂ ਅਲਾਮਤਾਂ ਨੇ ਕਬਾਇਲੀ ਲੋਕਾਂ ਤੇ ਪੇਂਡੂ ਖਿੱਤਿਆਂ ਦੇ ਗਰੀਬਾਂ ਨੂੰ ਇਸ ਲਹਿਰ ਵੱਲ ਖਿੱਚਿਆ। ਭਾਰਤ ਦੀ ਅੰਦਰੂਨੀ ਸੁਰੱਖਿਆ ਲਈ ਅਜਿਹੇ ਵਿਆਪਕ ਖ਼ਤਰੇ ਨੂੰ ਸੁਚੱਜੇ ਪ੍ਰਸ਼ਾਸਨ ਅਤੇ ਇਕਸਾਰ ਵਿਕਾਸ ਨਾਲ ਹੀ ਰੋਕਿਆ ਜਾ ਸਕਦਾ ਹੈ।

## ਕਦੋਂ ਹੋਵੇਗਾ ਅਵਾਰਾ ਪਸ਼ੂਆਂ ਦਾ ਖੁੱਲ੍ਹੇਆਮ ਘੁੰਮਣਾ ਬੰਦ

**ਮਾਛੀਵਾੜਾ ਸਾਹਿਬ, 22 ਅਕਤੂਬਰ**
**-ਸਤੀਸ਼ ਕੁਮਾਰ-**
**-ਕੌਮੀ ਪੱਤ੍ਰਿਕਾ ਬਿਊਰੋ-**



ਸੜਕਾਂ ਤੇ ਅਵਾਰਾ ਘੁੰਮਦੇ ਪਸ਼ੂਆਂ ਨੇ ਪਤਾ ਨਹੀਂ ਅੱਜ ਤੱਕ ਕਿੰਨੀਆਂ ਕੁ ਕੀਮਤੀ ਜਾਨਾਂ ਦਾ ਨੁਕਸਾਨ ਕਰ ਦਿੱਤਾ ਹੈ। ਪਰ ਇਸ ਦਾ ਕੋਈ ਪੱਕਾ ਹੱਲ ਕੱਢਣ ਵਿੱਚ ਹਰ ਵਰਗ ਅਸਫਲ ਰਿਹਾ ਹੈ। ਸੜਕਾਂ ਤੇ ਘੁੰਮਣ ਵਾਲੇ ਇਹ ਅਵਾਰਾ ਪਸ਼ੂ ਹੁਣ ਬਾਜ਼ਾਰਾਂ ਵਿੱਚ ਦੁਕਾਨਦਾਰਾਂ ਨੂੰ ਵੀ ਤੰਗ ਕਰਨ ਲੱਗ ਪਏ ਹਨ। ਮਾਛੀਵਾੜਾ ਸ਼ਹਿਰ ਵਿੱਚ ਵੱਡੀ ਮਾਤਰਾ ਵਿੱਚ ਘੁੰਮਦੇ ਅਵਾਰਾ ਪਸ਼ੂ ਲੋਕਾਂ ਲਈ ਜਾਨ ਦਾ ਖੌਅ ਬਣਦੇ ਜਾ ਰਹੇ ਹਨ। ਸੜਕਾਂ, ਖਾਲੀ ਪਏ ਪਲਾਟਾਂ, ਰਿਹਾਇਸੀ ਇਲਾਕਿਆਂ, ਇੱਥੋਂ ਤੱਕ ਕਿ ਬਾਜ਼ਾਰ ਦੇ ਵਿੱਚ ਵੀ ਅਵਾਰਾ ਘੁੰਮਦੇ ਪਸ਼ੂਆਂ ਕਾਰਨ ਦੁਕਾਨਦਾਰ ਡਾਢੇ ਪਰੇਸ਼ਾਨ ਹੋ ਗਏ ਹਨ। ਕਿਉਂਕਿ ਇਹ ਅਵਾਰਾ ਘੁੰਮਦੇ ਪਸ਼ੂ ਜਿੱਥੇ ਆਵਾਜਾਈ ਦੇ ਵਿੱਚ ਵੱਡਾ ਵਿਘਨ ਪਾਉਂਦੇ ਹਨ, ਉੱਥੇ ਹੀ ਦੁਕਾਨਦਾਰਾਂ ਦੇ ਪਏ ਬਾਹਰ ਸਮਾਨ ਨੂੰ ਭੰਨ ਤੋੜ ਸੁੱਟ ਜਾਂਦੇ ਹਨ। ਸਰਕਾਰ ਗਊਸੈਸ ਦੇ ਨਾਂ ਤੇ ਕਿੰਨਾ ਰੁਪਇਆ ਇਕੱਠਾ ਕਰਦੀ ਹੈ ਪਰ ਇਹਨਾਂ ਦੀ ਸਾਂਭ ਸੰਭਾਲ ਲਈ ਲਗਾਇਆ ਕਿੱਥੇ ਜਾਂਦਾ ਹੈ ਇਹ ਵਿਚਾਰਨ ਯੋਗ ਹੈ।

ਜੇਕਰ ਮਾਛੀਵਾੜਾ ਸਾਹਿਬ ਇਲਾਕੇ ਦੀ ਗੱਲ ਕੀਤੀ ਜਾਵੇ ਤਾਂ ਸਭ ਤੋਂ ਵੱਡੀ ਗਊਸ਼ਾਲਾ ਨੇੜਲੇ ਪਿੰਡ ਬੁਰਜ ਵਿਖੇ ਬਣਾਈ ਗਈ ਹੈ ਜਿੱਥੇ ਲੁਧਿਆਣੇ ਵਰਗੇ ਵੱਡੇ ਸ਼ਹਿਰ ਤੋਂ ਵੀ ਅਵਾਰਾ ਘੁੰਮਣ ਵਾਲੇ ਪਸ਼ੂ ਨੂੰ ਲੈ ਕੇ ਛੱਡਿਆ ਜਾਂਦਾ ਹੈ, ਅਤੇ ਮਾਛੀਵਾੜਾ ਸ਼ਹਿਰ ਵਿੱਚ ਵੀ ਇੱਕ ਵੱਡੀ ਗਊਸ਼ਾਲਾ ਹੈ ,ਪਰ ਇਹਨਾਂ ਦੇ ਹੋਣ ਦੇ ਬਾਵਜੂਦ ਵੀ ਸੜਕਾਂ ਬਾਜ਼ਾਰਾਂ ਤੇ ਘੁੰਮਦੇ ਅਵਾਰਾ ਪਸ਼ੂ ਚਿੰਤਾ ਦਾ ਵਿਸ਼ਾ ਹਨ ਜੋ ਹਰ ਰੋਜ਼ ਕੀਮਤੀ ਜਾਨਾਂ ਦਾ ਨੁਕਸਾਨ ਕਰ ਰਹੇ ਹਨ। ਬਹੁਤ ਜਿਆਦਾ ਲੋਕ ਗਾਵਾਂ ਨੂੰ ਦੁਧਾਰੂ ਪਸ਼ੂ ਦੇ ਰੂਪ ਵਿੱਚ ਪਾਲਦੇ ਹਨ ਪਰ ਜਦੋਂ ਉਹ ਦੁੱਧ ਦੇਣਾ ਬੰਦ ਕਰ ਦਿੰਦੀਆਂ ਹਨ ਤਾਂ ਰਾਤ ਦੇ ਹਨ੍ਹੇਰੇ ਵਿੱਚ ਉਹਨਾਂ ਨੂੰ ਅਵਾਰਾ ਛੱਡ ਦਿੱਤਾ ਜਾਂਦਾ ਹੈ। ਅਜਿਹੇ ਲੋਕਾਂ ਦੀ ਪਹਿਚਾਣ ਕਰ ਉਹਨਾਂ ਉੱਤੇ ਸਖਤ ਕਾਰਵਾਈ ਹੋਣੀ ਚਾਹੀਦੀ ਹੈ।। ਲੋੜ ਹੈ ਇਹਨਾਂ ਦੀ ਸਾਂਭ ਸੰਭਾਲ ਲਈ ਜਿੱਥੇ ਪ੍ਰਸ਼ਾਸਨ ਵੱਲੋਂ ਜ਼ਰੂਰੀ ਯਤਨ ਕੀਤੇ ਜਾਣੇ ਚਾਹੀਦੇ ਹਨ ਉੱਥੇ ਸਾਡਾ ਸਮਾਜਿਕ ਤੌਰ ਤੇ ਵੀ ਇਹਨਾਂ ਦੀ ਸਾਂਭ ਸੰਭਾਲ ਸਬੰਧੀ ਆਪਣਾ ਬਣਦਾ ਯੋਗਦਾਨ ਪਾਉਣਾ ਜਰੂਰੀ ਬਣਦਾ ਹੈ।

ਅਵਾਰਾ ਘੁੰਮਦੇ ਕੁੱਤਿਆਂ ਤੋਂ ਪੇਂਡੂ ਤੇ ਸ਼ਹਿਰੀ ਲੋਕ ਸਹਿਮੇ ਪਿੰਡਾਂ ਦੇ ਨਾਲ ਨਾਲ ਹੁਣ ਸ਼ਹਿਰਾਂ ਵਿੱਚ ਵੀ ਘੁੰਮਦੇ ਅਵਾਰਾ ਕੁੱਤਿਆਂ ਨੇ ਲੋਕਾਂ ਨੂੰ ਆਪਣਾ ਸ਼ਿਕਾਰ ਬਣਾਉਣਾ ਸ਼ੁਰੂ ਕਰ ਦਿੱਤਾ ਹੈ। ਪਿਛਲੇ ਲੰਬੇ ਸਮੇਂ ਤੋਂ ਇਹਨਾਂ ਦੁਆਰਾ ਲੋਕਾਂ ਨੂੰ ਵੱਡੇ ਜਾਣ ਦੀਆਂ ਘਟਨਾਵਾਂ ਵੱਖ-ਵੱਖ ਅਖਬਾਰਾਂ ਦੀਆਂ ਸੁਰਖੀਆਂ ਬਣਦੀਆਂ ਆ ਰਹੀਆਂ ਹਨ।। ਇੱਕ ਪਿੰਡ ਤੋਂ ਦੂਜੇ ਪਿੰਡ ਨੂੰ ਜਾਂਦਿਆਂ ਰਸਤੇ ਵਿੱਚ ਕੁੱਤਿਆਂ ਦੇ ਘੁੰਮਦੇ ਅਵਾਰਾ ਝੁੰਡ ਸੜਕਾਂ ਤੇ ਲੰਘਣ ਵਾਲੇ ਰਾਹਗੀਰਾਂ ਲਈ ਖਤਰੇ ਦੀ ਘੰਟੀ ਹਨ ਕਿਉਂਕਿ ਲੰਘਣ ਵਾਲੇ ਰਾਹਗੀਰਾਂ ਤੇ ਅਚਾਨਕ ਅਵਾਰਾ ਕੁੱਤੇ ਹਮਲਾ ਕਰ ਉਹਨਾਂ ਨੂੰ ਜਖਮੀ ਕਰਦੇ ਹਨ ।

ਲਿੰਕ ਰੋਡ ਵੱਡੀਆਂ ਸੜਕਾਂ ਇੱਥੋਂ ਤੱਕ ਸ਼ਹਿਰਾਂ ਦੇ ਮਹੱਲਿਆਂ ਵਿੱਚ ਵੀ ਇਹਨਾਂ ਅਵਾਰਾ ਕੁੱਤਿਆਂ ਦਾ ਆਤੰਕ ਆਮ ਦੇਖਣ ਨੂੰ ਮਿਲਦਾ ਹੈ। ਸਵੇਰੇ ਸ਼ਾਮ ਆਪਣੀਆਂ ਡਿਊਟੀਆਂ ਤੇ ਜਾਣ ਵਾਲੇ ਸਰਕਾਰੀ ਪ੍ਰਾਈਵੇਟ ਮੁਲਾਜ਼ਮ ਇਹਨਾਂ ਦਾ ਹਰ ਰੋਜ਼ ਸ਼ਿਕਾਰ ਬਣਦੇ ਹਨ। ਪਿਛਲੇ ਕੁਝ ਕੁ ਸਮੇਂ ਵਿੱਚ ਹੀ ਇਹਨਾਂ ਅਵਾਰਾ ਘੁੰਮਦੇ ਕੁੱਤਿਆਂ ਦੀ ਗਿਣਤੀ ਵਿੱਚ ਵੱਡਾ ਵਾਧਾ ਹੋਇਆ ਹੈ।

## ਸਰਹੰਦ ਰੇਲਵੇ ਸਟੇਸ਼ਨ ਨਜ਼ਦੀਕ ਅੰਮ੍ਰਿਤਸਰ ਤੋਂ ਸਰਸਾਵਾ ਜਾ ਰਹੀ ਗਰੀਬ ਰੱਥ ਐਕਸਪ੍ਰੈਸ ਟਰੇਨ ਨੂੰ ਲੱਗੀ ਅਚਾਨਕ ਭਿਆਨਕ ਅੱਗ



**ਰਾਜਪੁਰਾ, 22 ਅਕਤੂਬਰ**
**ਮਨੋਜ ਕੁਮਾਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਵੇਰੇ ਸਰਹੰਦ ਰੇਲਵੇ ਸਟੇਸ਼ਨ ਨਜ਼ਦੀਕ ਅੰਮ੍ਰਿਤਸਰ ਤੋਂ ਸਹਰਸਾ ਜਾ ਰਹੀ ਗਰੀਬ ਰੱਥ ਐਕਸਪ੍ਰੈਸ ਟਰੇਨ ( 12204 ) ਨੂੰਅਚਾਨਕ ਭਿਆਨਕ ਅੱਗ ਲੱਗ ਗਈ। ਇਹ ਅੱਗ ਤਕਰੀਬਨ ਸਵੇਰੇ 07:30 ਵਜੇ ਇਸ ਟਰੇਨ ਦੇ ਕੋਚ ਨੰਬਰ 19 ਵਿੱਚ ਲੱਗੀ ਸੀ। ਸਮਾਂ ਰਹਿੰਦਿਆਂ ਅੱਗ ਲੱਗਣ ਦਾ ਪਤਾ ਲੱਗ ਗਿਆ ਅਤੇ ਅੱਗ ਤੇ ਜਲਦ ਹੀ ਕਾਬੂ ਕਰ ਲਿਆ ਗਿਆ ਅਤੇ ਇਸ ਕੋਚ ਨੂੰ ਬਾਕੀ ਕੋਚਾ ਨਾਲੋਂ ਅਲੱਗ ਕਰ ਦਿੱਤਾ ਗਿਆ। ਇਸ ਘਟਨਾ ਵਿੱਚ ਇੱਕ ਯਾਤਰੀ ਜ਼ਖਮੀ ਹੋ ਗਿਆ ਜਿਸ ਨੂੰ ਕਿ ਸਥਾਨਕ ਹਸਪਤਾਲ ਲਿਜਾਇਆ ਗਿਆ। ਅਤੇ ਬਾਕੀ ਯਾਤਰੀਆਂ ਨੂੰ ਦੂਜੇ ਕੋਚਾਂ ਵਿੱਚ ਸ਼ਿਫਟ ਕਰ ਦਿੱਤਾ ਗਿਆ।

ਕੋਈ ਹੋਰ ਜਾਨੀ ਨੁਕਸਾਨ ਨਹੀਂ ਹੋਇਆ। ਇਸ ਇੱਕ ਕੋਚ ਵਿੱਚ ਅੱਗ ਲੱਗਣ ਕਾਰਨ 3 ਹੋਰ ਏ ਸੀ ਕੋਚ ਪ੍ਰਭਾਵਿਤ ਹੋਏ ਹਨ । ਇਸ ਤੋਂ ਬਾਅਦ ਰੇਲਵੇ ਅਧਿਕਾਰੀਆਂ ਨੇ ਪੁਸ਼ਟੀ ਕੀਤੀ ਕੀ ਸੁਰੱਖਿਆ ਜਾਂਚਾਂ ਦੇ ਬਾਅਦ ਆਪਣੀ ਯਾਤਰਾ ਪੂਰੀ ਕਰੇਗੀ। ਅੱਗ ਲੱਗਣ ਦੇ ਕਾਰਨਾਂ ਦਾ ਅਜੇ ਤੱਕ ਕੁਝ ਵੀ ਪੱਕਾ ਪਤਾ ਨਹੀਂ ਲੱਗ ਸਕਿਆ ਹੈ।

## ਤਰਨਤਾਰਨ ਜਿਮਨੀ ਚੋਣ ਪ੍ਰਚਾਰ ਲਈ ਵਿਧਾਇਕ ਦਿਆਲਪੁਰਾ ਸਾਥੀਆਂ ਸਮੇਤ ਪੁੱਜੇ

**ਮਾਛੀਵਾੜਾ ਸਾਹਿਬ, 22 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਲਕਾ ਸਮਰਾਲਾ ਤੋਂ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਦੇ ਆਗੂਆਂ ਦੇ ਇੱਕ ਕਾਫ਼ਲਾ ਤਰਨਤਾਰਨ ਜਿਮਨੀ ਚੋਣ ਵਿਚ ਪਾਰਟੀ ਉਮੀਦਵਾਰ ਦੇ ਹੱਕ ਵਿਚ ਚੋਣ ਪ੍ਰਚਾਰ ਕਰਨ ਲਈ ਪੁੱਜਾ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਨੇ ਦੱਸਿਆ ਕਿ ਹਾਈਕਮਾਂਡ ਦੀ ਮੌਜੂਦਗੀ ਵਿਚ ‘ਆਪ’ ਉਮੀਦਵਾਰ ਵਲੋਂ ਨਾਮਜ਼ਦਗੀ ਪੱਤਰ ਦਾਖਲ ਕੀਤੇ ਗਏ ਜਿੱਥੇ ਲੋਕਾਂ ਵਿਚ ਦਿਖ ਰਿਹਾ ਭਾਰੀ ਉਤਸ਼ਾਹ ਇਸ ਗੱਲ ਦਾ ਸਬੂਤ ਸੀ ਕਿ ਇਹ ਚੋਣ ਵੀ ਸ਼ਾਨ ਨਾਲ ਜਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਹਲਕਾ ਸਮਰਾਲਾ ਦੇ ਆਗੂਆਂ ਤੇ ਵਰਕਰਾਂ ਦੀ ਤਰਨਤਾਰਨ ਜਿਮਨੀ ਚੋਣ ਵਿਚ ਜਿਹੜੇ ਵੀ ਪਿੰਡ ਡਿਊਟੀ ਲਗਾਉਣੇ ਉੱਥੇ ਪਾਰਟੀ ਦੀਆਂ ਨੀਤੀਆਂ ਦਾ ਡੱਟ ਕੇ ਪ੍ਰਚਾਰ ਕੀਤਾ ਜਾਵੇਗਾ। ਵਿਧਾਇਕ ਨੇ ਕਿਹਾ ਕਿ ਤਰਨਤਾਰਨ ਦੇ ਵੋਟਰ ਬਹੁਤ ਸੂਝਵਾਨ ਹਨ ਜੋ ਇਸ ਗੱਲ ਤੋਂ ਭਲੀਭਾਂਤ ਜਾਣੂ ਹਨ ਕਿ ਪੰਜਾਬ ਦਾ ਵਿਕਾਸ ‘ਆਪ’ ਸਰਕਾਰ ਮੌਕੇ ਹੋਇਆ ਅਤੇ ਜੋ ਗਾਰੰਟੀਆਂ ‘ਆਪ’ ਮੁਖੀ ਕੇਜਰੀਵਾਲ ਨੇ ਦਿੱਤੀਆਂ ਉਹ ਪੂਰੀਆਂ ਕਰਕੇ ਦਿਖਾਈਆਂ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤਰਨਤਾਰਨ ਹਲਕੇ ਦੇ ਲੋਕਾਂ ਨਾਲ ਜੋ ਵਾਅਦਾ ਕਰਨਗੇ ਉਹ ਜ਼ਰੂਰ ਪੂਰਾ ਕਰਕੇ ਦਿਖਾਉਣਗੇ। ਇਸ ਮੌਕੇ ਉਨ੍ਹਾਂ ਨਾਲ ਨਗਰ ਕੌਂਸਲ ਪ੍ਰਧਾਨ ਮੋਹਿਤ ਕੁੰਦਰਾ, ਕੌਂਸਲਰ ਜਗਮੀਤ ਮੱਕੜ, ਸਰਪੰਚ ਬਲਪ੍ਰੀਤ ਸਿੰਘ ਸ਼ਾਮਗੜ੍ਹ, ਚੇਅਰਮੈਨ ਮੇਜਰ ਸਿੰਘ ਬਾਲਿਓਂ, ਪ੍ਰਵੀਨ ਮੱਕੜ, ਨਵਜੀਤ ਸਿੰਘ ਉਟਾਲਾਂ, ਗੁਰਦਰਸ਼ਨ ਸਿੰਘ ਕੂਹਲੀ, ਕਸ਼ਮੀਰੀ ਲਾਲ, ਸਾਬਕਾ ਕੌਂਸਲਰ ਰਣਧੀਰ ਸਿੰਘ ਧੀਰਾ, ਵੀ ਮੌਜੂਦ ਸਨ।

## ਪਹਿਲਾ ਪਾਣੀ ਦੀ ਮਾਰ, ਹੁਣ ਝੋਨੇ ਦੇ ਘਟੇ ਝਾੜ

**ਮਾਛੀਵਾੜਾ ਸਾਹਿਬ, 22 ਅਕਤੂਬਰ**
**-ਸਤੀਸ਼ ਕੁਮਾਰ-**
**-ਕੌਮੀ ਪੱਤ੍ਰਿਕਾ ਬਿਊਰੋ-**

ਕਿਸਾਨੀ ਹੁਣ ਲਾਹੇਵੰਦ ਧੰਦਾ ਹੋਣ ਦੀ ਬਜਾਏ ਘਾਟੇ ਦਾ ਸੌਦਾ ਬਣਦਾ ਜਾ ਰਿਹਾ ਹੈ ਕਿਉਂਕਿ ਕਦੇ ਕੁਦਰਤੀ ਮਾਰਾਂ ਕਦੇ ਨਕਲੀ ਬੀਜਾਂ ਤੇ ਖਾਦਾ ਨੇ ਫਸਲਾਂ ਦੀ ਪੈਦਾਵਾਰ ਤੇ ਮਾਰੂ ਪ੍ਰਭਾਵ ਪਾਇਆ। ਪਿਛਲੇ ਦਿਨੀਂ ਪੰਜਾਬ ਵਿੱਚ ਆਏ ਹੜਾਂ ਦੀ ਮਾਰ ਤੋਂ ਬਾਅਦ ਹੁਣ ਫਸਲਾਂ ਦੇ ਝਾੜ ਘੱਟ ਜਾਣ ਕਾਰਨ ਜਿੱਥੇ ਕਿਸਾਨਾਂ ਦੇ ਚਿਹਰੇ ਮੁਰਝਾਏ ਪਏ ਹਨ ਉੱਥੇ ਹੀ ਕਿਸਾਨੀ ਨਾਲ ਸੰਬੰਧਿਤ ਹਰ ਇੱਕ ਕੰਮ ਕਾਰ ਕਰਨ ਵਾਲੇ ਦੁਕਾਨਦਾਰ ਵੀ ਫਿਕਰਮੰਦ ਹਨ।ਕਿਸਾਨੀ ਦੇ ਅਜੋਕੇ ਮਾੜੇ ਹਾਲਾਤਾਂ ਦੇ ਨਾਲ ਨਾਲ ਆੜਤੀਆਂ ਭਾਈਚਾਰਾ ਵੀ ਨਿਰਾਸ਼ਤਾ ਦੇ ਆਲਮ ਵਿੱਚ ਹੈ ਕਿਉਂਕਿ ਕਿਸਾਨਾਂ ਵੱਲੋਂ ਮੰਡੀ ਵਿੱਚ ਫਸਲ ਜਿੰਨੀ ਜਿਆਦਾ ਆਵੇਗੀ ਆੜ੍ਹਤੀ ਭਾਈਚਾਰੇ ਨੂੰ ਵੀ ਉਨ੍ਹਾਂ ਹੀ ਜਿਆਦਾ ਮੁਨਾਫਾ ਹੋਵੇਗਾ। ਕਿਸਾਨੀ ਸਿਰ ਤੇ ਕਰੋੜਾਂ ਦਾ ਕਾਰੋਬਾਰ ਕਰਨ ਆਲੇ ਬਜ਼ਾਰਾਂ ਵਿੱਚ ਬੈਠੇ ਦੁਕਾਨਦਾਰਾਂ ਦੇ ਚਿਹਰਿਆਂ ਤੇ ਵੀ ਪਹਿਲਾਂ ਵਾਲੀਆ ਵਾਲੀਆਂ ਨਹੀਂ ਕਿਉਂਕਿ ਬਜ਼ਾਰਾਂ ਵਿੱਚ ਵਿਕਣ ਲਈ ਪਿਆ ਦੀਵਾਲੀ ਨਾਲ ਸਬੰਧਤ ਕਰੋੜਾਂ ਦਾ ਸਮਾਨ ਬਹੁਗਿਣਤੀ ਕਿਸਾਨੀ ਭਾਈਚਾਰੇ ਨੇ ਖਰੀਦਣਾ ਹੁੰਦਾ ਕਿਉਂਕਿ ਨੱਬੇ ਫੀਸਦੀ ਸ਼ਹਿਰੀ ਤਾਂ ਤਿਉਹਾਰਾਂ ਦੇ ਦਿਨਾਂ ਵਿੱਚ ਦੁਕਾਨਦਾਰ ਹੁੰਦੇ ਹਨ ਤੇ ਉਹਨਾਂ ਦੀਆਂ ਆਸਾਂ ਕਿਸਾਨੀ ਭਾਈਚਾਰੇ ਦੇ ਉੱਪਰ ਹੁੰਦੀਆਂ ਹਨ। ਝੋਨੇ ਦੇ ਸੀਜ਼ਨ ਦੌਰਾਨ ਪਹਿਲਾਂ ਇਤਿਹਾਸਕ ਨਗਰੀ ਸ੍ਰੀ ਮਾਛੀਵਾੜਾ ਸਾਹਿਬ ਦੀ ਅਨਾਜ ਮੰਡੀ ਦੇ ਹਰ ਖੂੰਜੇ, ਹਰ ਠੇਕੇ,ਹਰ ਢਾਬੇ ਹਰ

ਰੇਹੜੀ ਫੜ੍ਹੀ ਤੇ ਝੋਨਾਂ ਵੇਚਣ ਆਏ ਕਿਸਾਨਾਂ ਦੀਆਂ ਰੌਣਕਾਂ ਹੁੰਦੀਆਂ ਸਨ ਜਿਹੜੀਆਂ ਕਿ ਹੁਣ ਗਾਇਬ ਹਨ! ਸਥਾਨਕ ਸ਼ਹਿਰ ਦੇ ਇੱਕ ਨੈਸ਼ਨਲ ਕਰਿਆਨਾ ਸਟੋਰ ਦੇ ਮੈਨੇਜਰ ਦਾ ਕਹਿਣਾ ਹੈ ਕਿ ਅੱਗੇ ਦੀਵਾਲੀ ਤੋਂ ਇੱਕ ਹਫ਼ਤਾ ਪਹਿਲਾਂ ਸਾਡੇ ਕੋਲ ਵਿਹਲ ਨਹੀਂ ਸੀ ਹੁੰਦਾ ਪਰ ਹੁਣ ਵਿਹਲੇ ਬੈਠਣ ਆਲਾ ਕੰਮ ਹੋਇਆ ਪਿਆ ਹੈ ਜਿਸ ਦਾ ਸਿੱਧਾ ਸਬੰਧ ਕਿਸਾਨੀ ਦੇ ਅਜੋਕੇ ਹਾਲਾਤਾਂ ਦੀ ਮਾੜੀ ਸਥਿਤੀ ਨੂੰ ਬਿਆਨ ਕਰਦਾ ਹੈ।

ਝੋਨੇ ਦੀ ਵੱਜੀ ਆਰਥਿਕ ਮਾਰ ਤੋਂ ਉੱਭਰਨ ਤੋਂ ਪਹਿਲਾਂ ਈ ਕਣਕ ਦੀ ਬਿਜਾਈ ਲਈ ਡਾਈ ਖਾਦ ਜਾਂ ਹੋਰ ਜ਼ਰੂਰੀ ਪਦਾਰਥਾਂ ਨਾਲ ਬਿਨਾਂ ਕੰਮ ਆਉਣ ਵਾਲੇ ਹੋਰ ਨੈਨੋ ਪਦਾਰਥ ਧੱਕੇ ਨਾਲ ਦੇਣੇ ਕਿਸਾਨੀ ਨੂੰ ਹੋਰ ਧੱਕਾ ਮਾਰਦੇ ਹਨ।

ਅਨਾਜ ਮੰਡੀਆਂ ਵਿੱਚ ਗਿੱਲੇ ਸੁੱਕੇ ਜਾਂ ਬਦਰੰਗ ਹੋਣ ਦੇ ਬਹਾਨੇ ਜਿਹੜਾ ਨਜਾਇਜ਼ ਧੱਕਾ ਕਿਸਾਨੀ ਨਾਲ ਹੁੰਦਾ ਉਸ ਬਾਰੇ ਕਿਸਾਨ ਅਜੇ ਬੋਲਦੇ ਨਹੀਂ ਕਿਉਂਕਿ ਉਹ ’ਗਰਜ਼ਾਂ’ ਦੇ ਮਾਰੇ ਹਨ। ਵੇਟ ਖੇਤਰ ਵਿੱਚ ਹਲਦੀ ਰੋਗ ਨਾਲ ਪ੍ਰਭਾਵਿਤ ਫਸਲਾਂ ਦਾ ਜਿਆਦਾ ਨੁਕਸਾਨ ਹੋਇਆ ਹੈ। ਪਿੰਡ ਦੌਲਤਪੁਰ ਵਾਸੀਆਂ ਸਰਪੰਚ ਗੁਰਮੀਤ ਸਿੰਘ ਅਤੇ ਹੋਰਾਂ ਨੇ ਆਖਿਆ ਕਿ ਹਲਦੀ ਰੋਗ ਨੇ ਉਹਨਾਂ ਦੀ ਫਸਲ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ ਤੇ ਕਈ ਥਾਈ ਤਾਂ ਇੱਕ ਕੀਲੇ ਵਿੱਚੋਂ ਫਸਲ ਦੀ ਪੈਦਾਵਾਰ ਪੰਜ ਤੋਂ ਛੇ ਕੁਇੰਟਲ ਤੱਕ ਰਹਿ ਗਈ ਹੈ। ਜਿਸ ਨਾਲ ਉਹਨਾਂ ਦੇ ਖੇਤਾਂ ਵਿੱਚ ਪਾਈਆਂ ਮਹਿੰਗੀਆਂ ਦਵਾਈਆਂ, ਖਾਦਾਂ ਦੇ ਖਰਚੇ ਵੀ ਪੂਰੇ ਨਹੀਂ ਹੋਏ। ਭਾਰਤ ਦਾ ਸਭ ਤੋਂ ਵੱਡਾ ਤਿਉਹਾਰ ਦਿਵਾਲੀ ਹੋਣ ਤੇ ਜਿੱਥੇ ਹਰ ਵਰਗ ਦੇ ਲੋਕ ਖੁਸ਼ੀ ਖੁਸ਼ੀ ਚਾਈ ਚਾਈ ਬਜ਼ਾਰਾਂ ਵਿੱਚ ਖਰੀਦੋ ਫਰੋਸਤ ਕਰਨ, ਘਰ ਵਿੱਚ ਨਵੀਆਂ ਵਸਤਾਂ ਲੈ ਕੇ ਆਉਣ ਲਈ ਹੱਸਦੇ ਹੋਏ ਚਿਹਰਿਆਂ ਨਾਲ ਬਾਜ਼ਾਰਾਂ ਵੱਲ ਤੁਰਦੇ ਸਨ ਅੱਜ ਬਾਜ਼ਾਰਾਂ ਵੱਲ ਜਾਣ ਦਾ ਹੌਂਸਲਾ ਨਹੀਂ ਪੈ ਰਿਹਾ ਕਿਉਂਕਿ ਆਰਥਿਕ ਪੱਖੋਂ ਜੋ ਤੰਗੀ ਕੱਟੀ ਜਾ ਰਹੀ ਹੈ ਉਹ ਬਿਆਨ ਤੋਂ ਬਾਹਰ ਹੈ। ਕਿਸਾਨਾਂ ਦੀ ਇਸ ਆਰਥਿਕ ਤੰਗੀ ਨਾਲ ਹਰ ਵਰਗ ਪ੍ਰਭਾਵਿਤ ਹੋਇਆ ਹੈ ,ਬਾਜ਼ਾਰਾਂ ਵਿੱਚ ਦੁਕਾਨਦਾਰ ਨਿਰਾਸ਼ਾ ਦੀ ਆਲਮ ਵਿੱਚ ਹਨ ਕਿਉਂਕਿ ਮੰਡੀ ਵਿੱਚ ਫਸਲ ਸੁੱਟਣ ਤੋਂ ਬਾਅਦ ਹੀ ਕਿਸਾਨ ਬਾਜ਼ਾਰ ਵਿੱਚ ਦੁਕਾਨਦਾਰਾਂ ਤੋਂ ਸਮਾਨ ਖਰੀਦ ਘਰ ਜਾਂਦੇ ਹਨ।

## ਮਾਪੇ ਅਧਿਆਪਕ ਮਿਲਣੀਆਂ ਨੂੰ ਵੱਡਾ ਹੁੰਲਾਰਾ




**ਮਾਛੀਵਾੜਾ ਸਾਹਿਬ, 22 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਫਾਜ਼ਿਲਕਾ ਦੇ ਵੱਖ-ਵੱਖ ਸਕੂਲਾਂ ਅੰਦਰ ਮਾਪੇ ਅਧਿਆਪਕ ਮਿਲਣੀਆਂ ਨੂ ਵੱਡਾ ਹੁਲਾਰਾ ਮਿਲਿਆ, ਨਰਮਾ ਚੁਗਾਈ ਤੇ ਝੋਨੇ ਦੀ ਵਾਢੀ ਹੋਣ ਦੇ ਬਾਵਜੂਦ ਹਜਾਰਾਂ ਮਾਪਿਆਂ ਨੇ ਆਪਣੇ ਬਚਿਆਂ ਦੀ ਪੜਾਈ ਦਾ ਹਾਲ-ਚਾਲ ਜਾਣਿਆ ਅਤੇ ਸਕੂਲਾਂ ਵਿਚ ਆ ਰਹੀਆਂ ਮੁਸ਼ਕਲਾਂ ਸਬੰਧੀ ਅਧਿਆਪਕਾਂ ਨੂੰ ਜਾਣੂੰ ਕਰਵਾਇਆ। ਪ੍ਰਾਪਤ ਵੇਰਵਿਆਂ ਅਨੁਸਾਰ ਸਰਕਾਰੀ ਸੈਕੰਡਰੀ ਸਕੂਲ ਨੁਕੇਰੀਆ ਅੰਦਰ ਪ੍ਰਭਾਵਸ਼ਾਲੀ ਮਾਪੇ ਅਧਿਆਪਕ ਮਿਲਣੀ ਕਰਵਾਈ ਗਈ।

ਸਕੂਲ ਪ੍ਰਿੰਸੀਪਲ ਹੰਸ ਰਾਜ ਅਤੇ ਸਮੂਹ ਸਟਾਫ ਵੱਲੋਂ ਐਸ.ਐਮ.ਸੀ. ਕਮੇਟੀ ਪੰਚਾਇਤ ਅਤੇ ਮਾਪਿਆਂ ਦਾ ਭਰਵਾਂ ਸਵਾਗਤ ਕੀਤਾ ਗਿਆ। ਅਧਿਆਪਕ ਵੱਲੋਂ ਵਿਦਿਆਰਥੀਆਂ ਦੇ ਪੜਾਈ ਦੇ ਪੱਧਰ, ਖੇਡਾਂ ਅਤੇ ਹੋਰ ਵਿਦਿਅਕ ਗਤੀਵਿਧੀਆ ਸਬੰਧੀ ਮਾਪਿਆਂ ਨੂੰ ਜਾਣਕਾਰੀ ਦਿੱਤੀ ਗਈ। ਸਕੂਲ ਮੁਖੀ ਸ੍ਰੀ ਹੰਸ ਰਾਜ ਵੱਲੋਂ ਮਾਪਿਆਂ ਅਤੇ ਐਸ.ਐਮ.ਸੀ. ਕਮੇਟੀ ਨੂੰ ਪੰਜਾਬ ਸਰਕਾਰ ਵੱਲੋਂ ਕੀਤੇ ਜਾ ਰਹੇ ਵਿਦਿਅਕ ਸੁਧਾਰਾਂ ਸਬੰਧੀ ਜਾਣਕਾਰੀ ਦਿੱਤੀ। ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅਲਿਆਣਾ ਵਿਖੇ ਵੀ ਪ੍ਰਭਾਵਸ਼ਾਲੀ ਮਿਲਣੀ ਕਰਵਾਈ ਗਈ। ਸਕੂਲ ਮੁੱਖ ਅਧਿਆਪਕਾ ਜੋਤੀ ਸੇਤੀਆ ਅਤੇ ਸਮੂਹ ਸਟਾਫ ਵੱਲੋਂ ਸਕੂਲ ਦੀ ਵਧੀਆ ਸਜਾਵਟ ਕੀਤੀ ਗਈ, ਮਾਪਿਆਂ ਅਤੇ ਐਸ.ਐਮ.ਸੀ. ਮੈਂਬਰਾਂ *ਤੇ ਫੁੱਲਾਂ ਦੀ ਵਰਖਾ ਕੀਤੀ ਗਈ, ਮਿਲਣੀ ਨੂੰ ਰੋਚਕ ਬਣਾਉਣ ਲਈ ਮਾਪਿਆਂ ਅਤੇ ਵਿਦਿਆਰਥੀਆਂ ਦੇ ਕਵਿਜ ਮੁਕਾਬਲੇ ਵੀ ਕਰਵਾਏ ਗਏ। ਸਰਕਾਰੀ ਸਕੂਨ ਕੀੜਿਆਂ ਵਾਲੇ ਦੇ ਪ੍ਰਿਸੀਪਲ ਗੁਰਮੀਤ ਸਿੰਘ ਨੇ ਦੱਸਿਆ ਕਿ 80 ਫੀਸਦੀ ਮਾਪਿਆਂ ਨੇ ਸਕੂਲ ਆ ਕੇ ਅਧਿਆਪਕਾਂ ਤੋਂ ਆਪਦੇ ਬਚਿਆਂ ਦੇ ਪੜਾਈ ਅਤੇ ਹੋਰ ਵਿਦਿਅਕ ਗਤੀਵਿਧੀਆਂ ਵਿਚ ਪੱਧਰ ਸਬੰਧੀ ਜਾਣਕਾਰੀ ਪ੍ਰਾਪਤ ਕੀਤੀ, ਸਕੂਲ ਦੀ ਨਵੀਂ ਬਿਲਡਿੰਗ, ਸ਼ਾਨਦਾਰ ਚਾਰਦੀਵਾਰੀ ਅਤੇ ਥੋੜੇ ਸਮੇਂ ਅੰਦਰ ਆਏ ਕ੍ਰਾਂਤੀਕਾਰੀ ਬਦਲਾਵ ਬਾਰੇ ਵੀ ਮਾਪਿਆਂ ਨੂੰ ਜਾਣੂੰ ਕਰਵਾਇਆ ਗਿਆ।

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੀਆਂ ਫਾਜ਼ਿਲਕਾ ਵਿਖੇ ਪ੍ਰਿਸੀਪਲ ਸ੍ਰੀਮਤੀ ਸੁਤੰਤਰ ਪਾਠਕ ਦੀ ਅਗਵਾਈ ਵਿਚ ਮਿਲਣੀ ਕਰਵਾਈ ਗਈ।

ਪਿੰਸਪੀਲ ਮੈਡਮ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੀ.ਐਮ. ਸ੍ਰੀ ਸਕੀਮ ਅਧੀਨ ਸਕੂਲ ਨੂੰ ਲੱਖਾਂ ਰੁਪਏ ਦੀ ਗ੍ਰਾਂਟ ਪ੍ਰਾਪਤ ਹੋਈ ਹੈ ਅਤੇ ਸਾਰੇ ਹੀ ਸਕੂਲ ਨੂੰ ਨਵੀਂ ਦਿਖ ਪ੍ਰਦਾਨ ਕੀਤੀ ਹੈ, ਹੁਣ ਸਕੂਲ ਪ੍ਰਾਈਵੇਟ ਅਤੇ ਹੋਰ ਵਧੀਆ ਸਕੂਲਾਂ ਤੋਂ ਵੀ ਬਹੁਤ ਵਧੀਆ ਸਕੂਲ ਬਣ ਗਿਆ ਹੈ, ਇਸ ਕੰਮ ਲਈ ਸਾਰੇ ਸਟਾਫ ਨੇ ਬਹੁਤ ਮਿਹਨਤ ਕੀਤੀ ਹੈ। ਜ਼ਿਲ੍ਹਾ ਸਿਖਿਆ ਅਫਸਰ ਅਜੈ ਸ਼ਰਮਾ, ਜ਼ਿਲ੍ਹਾ ਸਿਖਿਆ ਸਤੀਸ਼ ਕੁਮਾਰ ਨੇ ਦੱਸਿਆ ਕਿ ਸਾਰੇ ਹੀ ਪ੍ਰਾਈਮਰੀ ਤੇ ਅਪਰ ਪ੍ਰਾਈਮਰੀ ਸਕੂਲਾਂ ਅੰਦਰ ਮਾਪੇ ਅਧਿਆਪਕ ਮਿਲਣੀਆਂ ਦਾ ਆਯੋਜਨ ਕੀਤਾ ਗਿਆ ਅਤੇ ਸਾਰੇ ਹੀ ਐਚ.ਟੀ., ਸੀ.ਐਚ.ਟੀ ਮੁੱਖ ਅਧਿਆਪਕਾਂ ਅਤੇ ਪ੍ਰਿੰਸੀਪਲਾਂ ਨੇ ਸ਼ਲਾਘਾਯੋਗ ਕੰਮ ਕੀਤਾ ਹੈ ਅਤੇ ਸਾਰੇ ਮਾਪੇ, ਐਸ.ਐਮ.ਸੀ. ਕਮੇਟੀਆਂ ਅਤੇ ਪੰਚਾਇਤਾਂ ਇਸ ਪ੍ਰੋਗਰਾਮ ਤੋਂ ਸੰਤੁਸ਼ਟ ਹਨ, ਬੀ.ਪੀ.ਈ.ਓ ਸਾਹਿਬਾਨ, ਜ਼ਿਲ੍ਹਾ ਸਿਖਿਆ ਅਫਸਰ, ਸਟੇਟ ਟੀਮਾਂ ਵੱਲੋਂ ਵੀ ਸਕੂਲ ਵਿਜਿਟ ਕੀਤੇ ਗਏ ਅਤੇ ਸਭ ਥਾਈ ਮਾਪੇ-ਅਧਿਆਪਕ ਮਿਲਣੀ ਬੜੀ ਸਫਲਤਾ ਨਾਲ ਚਲ ਰਹੀ ਸੀ

## ਵਾਤਾਵਰਨ ਦੀ ਸ਼ੁੱਧਤਾ ਲਈ ਪਟਾਕਿਆਂ ਤੋਂ ਹੋਵੇ ਗੁਰੇਜ : ਡਾ. ਰੋਹਿਤ ਗੋਇਲ ਸਿਵਲ ਸਰਜਨ

**ਫਾਜ਼ਿਲਕਾ,22 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਸਿਵਲ ਸਰਜਨ ਡਾ. ਰੋਹਿਤ ਗੋਇਲ ਦੇ ਨਿਰਦੇਸ਼ਾਂ ਅਤੇ ਸਹਾਇਕ ਸਿਵਿਲ ਸਰਜਨ ਡਾਕਟਰ ਅਰਪਿਤ ਗੁਪਤਾ ਦੀ ਯੋਗ ਅਗਵਾਈ ਹੇਠ ਜ਼ਿਲ੍ਹਾ ਸਿਹਤ ਵਿਭਾਗ ਨੇ 20 ਅਕਤੂਬਰ 2025 ਨੂੰ ਮਨਾਏ ਜਾ ਰਹੇ ਦੀਵਾਲੀ ਦੇ ਸ਼ੁੱਭ ਤਿਓਹਾਰ ਦੇ ਮੱਦੇਨਜ਼ਰ ਜਿਲ੍ਹਾ ਵਾਸੀਆਂ ਨੂੰ ਪਟਾਕੇ ਚਲਾਉਣ ਲਈ ਲੋੜੀਂਦੀਆਂ ਸਾਵਧਾਨੀਆਂ ਵਰਤਣ ਦੀ ਸਲਾਹ ਦਿੱਤੀ ਹੈ।

ਇਸ ਦੇ ਨਾਲ ਹੀ ਸਿਵਲ ਸਰਜਨ ਡਾ. ਰੋਹਿਤ ਗੋਇਲ ਨੇ ਦੀਵਾਲੀ ਦੇ ਸ਼ੁਭ ਤਿਓਹਾਰ ’ਤੇ ਵਧਾਈ ਦਿੰਦੇ ਹੋਏ ਇਸ ਨੂੰ ਗ੍ਰੀਨ ਦੀਵਾਲੀ ਦੇ ਤੋਰ ਤੇ ਮਨਾਉਣ ਲਈ ਨਿਵੇਕਲੀ ਮਿਸਾਲ ਕਾਇਮ ਕਰਨ ਦਾ ਸੱਦਾ ਦਿੱਤਾ ਹੈ। ਉਹਨਾਂ ਜ਼ਿਲ੍ਹਾ ਨਿਵਾਸੀਆਂ ਨੂੰ ਆਪਣੇ ਸੰਦੇਸ਼ ਵਿਚ ‘ਗ੍ਰੀਨ ਦੀਵਾਲੀ’ ਮਨਾਉਣ ਦੀ ਲੋੜ ’ਤੇ ਜ਼ੋਰ ਦਿੰਦਿਆ ਕਿਹਾ ਕਿ ਵਾਤਾਵਰਨ ਦੀ ਸ਼ੁੱਧਤਾ ਲਈ ਪਟਾਕੇ ਚਲਾਉਣ ਤੋਂ ਗੁਰੇਜ ਕੀਤਾ ਜਾਵੇ। ਪਰ ਫਿਰ ਵੀ ਕੋਈ ਪਟਾਕੇ ਚਲਾਉਣ ਦੀ ਇੱਛਾ ਰੱਖਦਾ ਹੈ ਤਾ ਲੋੜੀਂਦੀਆਂ ਸਾਵਧਾਨੀਆਂ ਦੀ ਪਾਲਣਾ ਨੂੰ ਯਕੀਨੀ ਬਣਾਇਆ ਜਾਵੇ। ਉਹਨਾਂ ਕਿਹਾ ਕਿ ਦੀਵਾਲੀ ਦੇ ਤਿਓਹਾਰ ਮੌਕੇ ਬੱਚਿਆਂ ਨੂੰ ਵੱਡਿਆਂ ਦੀ ਨਿਗਰਾਨੀ ਹੇਠ ਪਟਾਕੇ ਚਲਾਉਣੇ ਚਾਹੀਦੇ ਹਨ।

ਉਨ੍ਹਾਂ ਕਿਹਾ ਕਿ ਪਟਾਕੇ ਚਲਾਉਂਦੇ ਸਮੇਂ ਰੇਸ਼ਮੀ ਅਤੇ ਢਿੱਲੇ ਕੱਪੜੇ ਨਹੀ, ਸਿਰਫ਼ ਸੂਤੀ ਕੱਪੜੇ ਪਾਉਣੇ ਚਾਹੀਦੇ ਹਨ। ਪਟਾਕੇ ਕਦੇ ਵੀ ਹੱਥ ’ਚ ਫੜ ਕੇ ਨਹੀ ਚਲਾਉਣੇ ਚਾਹੀਦੇ ਤੇ ਅਣਚਲ ਪਟਾਖਿਆਂ ਨੂੰ ਮੁੜ ਤੋਂ ਚਲਾਉਣ ਦੀ ਕੋਸ਼ਿਸ਼ ਵੀ ਨਹੀ ਕਰਨੀ ਚਾਹੀਦੀ। ਕਿਉਂਕਿ ਉਹ ਕਦੇ ਵੀ ਫਟ ਸਕਦੇ ਹਨ। ਜੇਕਰ ਪਟਾਖਿਆਂ ਕਾਰਨ ਅੱਖ ’ਤੇ ਸੱਟ ਲੱਗ ਜਾਂਦੀ ਹੈ ਤਾ ਅੱਖਾਂ ਨੂੰ ਮਲਨਾ ਨਹੀ ਚਾਹੀਦਾ, ਬਲਕਿ ਤੁਰੰਤ ਅੱਖਾਂ ਦੇ ਮਾਹਰ ਡਾਕਟਰ ਨੂੰ ਦਿਖਾਉਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਕਿਸੇ ਵੀ ਅਨਸੁਖਾਵੀਂ ਘਟਨਾ ਤੋਂ ਬਚਣ ਲਈ ਸਿਹਤ ਵਿਭਾਗ ਵੱਲੋਂ ਐਮਰਜੰਸੀ ਸੇਵਾਵਾਂ ਜਾਰੀ ਰੱਖੀਆਂ ਜਾਣਗੀਆਂ।

ਉਨ੍ਹਾਂ ਆਮ ਲੋਕਾ ਨੂੰ ਅਪੀਲ ਕੀਤੀ ਕਿ ਜੇਕਰ ਹੋ ਸਕੇ ਤਾਂ ਘਰਾਂ ਵਿੱਚ ਬਣੀਆਂ ਮਠਿਆਈਆਂ ਹੀ ਖਾਧੀਆਂ ਜਾਣ। ਉਨ੍ਹਾਂ ਨੇ ਲੋਕਾਂ ਨੂੰ ਇਹ ਵੀ ਅਪੀਲ ਕੀਤੀ ਹੈ ਕਿ ਉਹ ਭਰੋਸੇਮੰਦ ਦੁਕਾਨਾਂ ਤੋਂ ਹੀ ਚੰਗੀ ਕੁਆਲਿਟੀ ਦੀਆਂ ਮਠਿਆਈਆਂ ਖਰੀਦਣ ਅਤੇ ਜੇਕਰ ਕੋਈ ਦੁਕਾਨਦਾਰ ਮਿਲਾਵਟ ਕਰਦਾ ਹੈ ਤਾਂ ਸਿਹਤ ਵਿਭਾਗ ਉਸ ਵਿਰੁੱਧ ਬਣਦੀ ਕਾਰਵਾਈ ਅਮਲ ਵਿੱਚ ਲਿਆਵੇਗਾ।

ਇਸ ਸਮੇਂ ਮਾਸ ਮੀਡੀਆ ਵਿੰਗ ਤੋਂ ਮਨਬੀਰ ਸਿੰਘ, ਦਿਵੇਸ਼ ਕੁਮਾਰ, ਰੋਹਿਤ ਸਚਦੇਵਾ ਸਟੈਨੋ ਅਤੇ ਹੋਰ ਸਟਾਫ ਮੌਜੂਦ ਸੀ।

## ਵਧੀਕ ਜ਼ਿਲ੍ਹਾ ਮੈਜਿਸਟਰੇਟ ਵੱਲੋਂ ਤਿਉਹਾਰਾਂ ਦੇ ਸੀਜ਼ਨ ਦੌਰਾਨ ਪਟਾਖੇ ਚਲਾਉਣ ਦਾ ਸਮਾਂ ਨਿਰਧਾਰਿਤ

**ਫਾਜ਼ਿਲਕਾ,22 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵਧੀਕ ਜਿਲਾ ਮੈਜਿਸਟਰੇਟ ਡਾ. ਮਨਦੀਪ ਕੌਰ ਪੀਸੀਐਸ ਨੇ ਭਾਰਤੀ ਨਾਗਰਿਕ ਸੁਰੱਖਿਆ ਸਹਿੰਤਾ 2023 ਦੀ ਧਾਰਾ 163 ( ਪੁਰਾਣੀ ਸੀਆਰਪੀਸੀ 1973 ਦੀ ਧਾਰਾ 144 ) ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਸੁਪਰੀਮ ਕੋਰਟ ਦੀਆਂ ਹਦਾਇਤਾਂ ਨੂੰ ਮੁੱਖ ਰੱਖਦੇ ਹੋਏ ਜ਼ਿਲ੍ਹਾ ਫਾਜਿਲਕਾ ਵਿੱਚ ਤਿਉਹਾਰਾਂ ਮੌਕੇ ਆਮ ਪਬਲਿਕ ਗਰੀਨ ਪਟਾਕੇ ਹੀ ਚਲਾ ਸਕਦੀ ਹੈ ਅਤੇ ਇਸ ਤੋਂ ਇਲਾਵਾ ਹੋਰ ਕਿਸੇ ਵੀ ਸਮੇਂ ਜਾਂ ਕਿਸੇ ਹੋਰ ਦਿਨ ਪਟਾਕੇ ਚਲਾਉਣ ਤੇ ਪਾਬੰਦੀ ਲਗਾਈ ਜਾਂਦੀ ਹੈ। ਹੁਕਮਾਂ ਅਨੁਸਾਰ, 20 ਅਕਤੂਬਰ, 2025 ਨੂੰ ਦੀਵਾਲੀ ਵਾਲੇ ਦਿਨ ਰਾਤ 8:00 ਵਜੇ ਤੋਂ ਰਾਤ 10:00 ਵਜੇ ਤੱਕ ਪਟਾਕੇ ਚਲਾਏ ਜਾ ਸਕਦੇ ਹਨ। 5 ਨਵੰਬਰ 2025 ਨੂੰ ਗੁਰਪੁਰਬ ਵਾਲੇ ਦਿਨ ਸਵੇਰੇ 4:00 ਵਜੇ ਤੋਂ ਸਵੇਰੇ 5:00 ਵਜੇ ਤੱਕ ਅਤੇ ਰਾਤ 9:00 ਵਜੇ ਤੋਂ ਰਾਤ 10:00 ਵਜੇ ਤੱਕ ਪਟਾਕੇ ਚਲਾਏ ਜਾ ਸਕਦੇ ਹਨ। ਹੁਕਮਾਂ ਅਨੁਸਾਰ, 25-26 ਦਸੰਬਰ, 2025 ਨੂੰ ਕ੍ਰਿਸਮਸ ਵਾਲੇ ਦਿਨ ਰਾਤ 11:55 ਵਜੇ ਤੋਂ 12:30 ਵਜੇ (ਅੱਧੀ ਰਾਤ) ਤੱਕ ਪਟਾਕੇ ਚਲਾਉਣ ਦਾ ਸਮਾਂ ਨਿਰਧਾਰਤ ਕੀਤਾ ਗਿਆ ਹੈ।

ਇਸੇ ਤਰ੍ਹਾਂ, 31 ਦਸੰਬਰ, 2025 (ਸਾਲ ਦੇ ਅੰਤ) ਅਤੇ 1 ਜਨਵਰੀ, 2025 (ਨਵੇਂ ਸਾਲ ਦੀ ਸ਼ੁਰੂਆਤ) ਨੂੰ ਪਟਾਕੇ ਚਲਾਉਣ ਦਾ ਸਮਾਂ ਰਾਤ 11:55 ਵਜੇ ਤੋਂ 12:30 ਵਜੇ ਤੱਕ ਨਿਰਧਾਰਤ ਕੀਤਾ ਗਿਆ ਹੈ। ਨਿਰਧਾਰਤ ਸਮੇਂ ਤੋਂ ਇਲਾਵਾ ਕਿਸੇ ਵੀ ਸਮੇਂ ਪਟਾਕੇ ਚਲਾਉਣ ਦੀ ਮਨਾਹੀ ਹੋਵੇਗੀ। ਸੁਪਰੀਮ ਕੋਰਟ ਵੱਲੋਂ ਸਿਵਲ ਰਿਟ ਪਟੀਸ਼ਨ ਨੰਬਰ 728 ਆਫ 2015 ਅਤੇ ਨੈਸ਼ਨਲ ਗਰੀਨ ਟ੍ਰਿਬਿਊਨਲ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਦੀ ਪਾਲਨਾ ਕਰਦਿਆਂ ਸਿਰਫ ਗਰੀਨ ਪਟਾਕਿਆਂ ਦੀ ਹੀ ਆਗਿਆ ਦਿੱਤੀ ਗਈ ਹੈ।

## “ਪੋਸ਼ਣ ਮਾਹ” ਦਾ ਸਮਾਪਤੀ ਸਮਾਰੋਹ ਕਰਵਾਇਆ ਗਿਆ



**ਬਠਿੰਡਾ, 22 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜਿਲ੍ਹਾ ਪ੍ਰੋਗਰਾਮ ਅਫਸਰ ਸ਼ ?ਰੀ ਪੰਕਜ ਕੁਮਾਰ ਦੀ ਅਗਵਾਈ ਹੇਠ ਆਂਗਨਵਾੜੀ ਸੈਂਟਰ ਗੋਨਿਆਣਾ ਖੁਰਦ ਵਿਖੇ ਬਾਲ ਪ੍ਰੋਜੈਕਟ ਅਫਸਰ, ਬਠਿੰਡਾ ਮੈਡਮ ਊਸ਼ਾ ਰਾਣੀ ਵੱਲੋਂ ਬਲਾਕ ਪੱਧਰੀ “ਪੋਸ਼ਣ ਮਾਹ”ਦਾ ਸਮਾਪਤੀ ਸਮਾਰੋਹ ਕਰਵਾਇਆ ਗਿਆ।

ਇਸ ਪ੍ਰੋਗਰਾਮ ਦੌਰਾਨ ਆਂਗਨਵਾੜੀ ਵਰਕਰਾਂ ਵੱਲੋਂ ਘੱਟ ਖ਼ਰਚ ਨਾਲ ਤਿਆਰ ਹੋਣ ਵਾਲੇ ਪੌਸ਼ਟਿਕ ਵਿਅੰਜਨਾਂ ਦੀ ਪ੍ਰਦਰਸ਼ਨੀ ਵੀ ਲਗਾਈ ਗਈ।

ਆਂਗਨਵਾੜੀ ਵਰਕਰ ਸ੍ਰੀਮਤੀ ਰੇਖਾ ਵੱਲੋਂ ਲੋਕਾਂ ਨੂੰ ਪੌਸ਼ਟਿਕ ਭੋਜਨ ਖਾਣ ਲਈ ਉਤਸ਼ਾਹਿਤ ਕੀਤਾ ਗਿਆ ਹੈ।

ਪੋਸ਼ਣ ਮਾਹ ਦਾ ਕੇਂਦਰ ਬਿੰਦੂ ਗਰਭਵਤੀ ਔਰਤਾਂ, ਦੁੱਧ ਪਿਲਾਊ ਮਾਵਾਂ ਅਤੇ 0 ਤੋਂ 6 ਸਾਲ ਤਕ ਦੇ ਬੱਚੇ ਧਿਆਨ ਵਿੱਚ ਰਖਦੇ ਹੋਏ ਕਮਿਊਨਿਟੀ ਨਾਲ ਵਿਚਾਰ ਸਾਂਝੇ ਕੀਤੇ ਗਏ

ਅਤੇ ਦੱਸਿਆ ਗਿਆ ਕਿ ਇਹ ਚਾਰ ਸ਼੍ਰੇਣੀਆਂ ਸਾਡੀ ਸਮਾਜ ਰੂਪੀ ਇਮਾਰਤ ਦੇ ਚਾਰ ਥੰਮਹ ਹਨ ਜੋ ਕਿ ਮਜ਼ਬੂਤ ਹੋਣੇ ਲਾਜ਼ਮੀ ਹਨ ਤਾਂ ਕਿ ਸਮਾਜ ਰੂਪੀ ਇਮਾਰਤ ਵੀ ਮਜ਼ਬੂਤ ਹੋਵੇ।

ਦੱਸਿਆ ਗਿਆ ਕਿਇਸ ਪੋ ?ਗਰਾਮ ਦੌਰਾਨ ਪਿੰਡ ਦੇ ਪੰਚਾਂ ਅਤੇ ਪਿੰਡ ਵਾਸੀਆਂ ਤੋਂ ਇਲਾਵਾ ਆਂਗਨਵਾੜੀ ਵਰਕਰਾਂ ਵੱਲੋਂ ਵੀ ਹਿੱਸਾ ਲਿਆ ਗਿਆ।

## ਚਰਨ ਕੰਵਲ ਸਾਹਿਬ ਸਪੋਰਟਸ ਕਲੱਬ ਵੱਲੋਂ ਲਗਾਏ ਅੱਖਾਂ ਦੇ ਕੈਂਪ ਵਿੱਚ 255 ਮਰੀਜ਼ਾਂ ਦੀ ਜਾਂਚ

**ਮਾਛੀਵਾੜਾ ਸਾਹਿਬ, 22 ਅਕਤੂਬਰ**
**-ਸਤੀਸ਼ ਕੁਮਾਰ-**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਚਰਨ ਕੰਵਲ ਸਾਹਿਬ ਸਪੋਰਟਸ ਐਂਡ ਵੈਲਫੇਅਰ ਕਲੱਬ ਮਾਛੀਵਾੜ ?ਾ ਸਾਹਿਬ ਵਲੋਂ ਸ਼ ?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਸੰਗਰਾਂਦ ਦਿਹਾਡ ? ਮੌਕੇ ਇਤਿਹਾਸਕ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਵਿਖੇ ਅੱਖਾਂ ਦੀ ਜਾਂਚ ਦਾ ਮੁਫ਼ਤ ਮੈਡੀਕਲ ਕੈਂਪ ਲਗਾਇਆ ਗਿਆ। ਇਸ ਮੌਕੇ ਕਲੱਬ ਦੇ ਪ੍ਰਧਾਨ ਜਸਪਾਲ ਸਿੰਘ ਜੱਜ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸ਼ੰਕਰਾ ਆਈ ਹਸਪਤਾਲ ਤੋਂ ਆਈ ਡਾਕਟਰਾਂ ਦੀ ਟੀਮ ਨੇ 255 ਮਰੀਜ਼ਾਂ ਦੀ ਮੁਫ਼ਤ ਜਾਂਚ ਕੀਤੀ। ਇਸ ਮੌਕੇ ਮਰੀਜ਼ਾਂ ਨੂੰ ਜਿੱਥੇ ਦਵਾਈਆਂ ਮੁਫ਼ਤ ਦਿੱਤੀਆਂ ਉੱਥੇ ਐਨਕਾਂ ਵੀ ਮੁਫ਼ਤ ਵੰਡੀਆਂ ਗਈਆਂ। ਡਾਕਟਰਾਂ ਵਲੋਂ ਮਰੀਜ਼ਾਂ ਨੂੰ ਅੱਖਾਂ ਦੀ ਸਾਂਭ ਸੰਭਾਲ ਅਤੇ ਬੀਮਾਰੀਆਂ ਤੋਂ ਬਚਾਅ ਬਾਰੇ ਵੀ ਜਾਗਰੂਕ ਕੀਤਾ ਗਿਆ। ਅੱਜ ਜਾਂਚ ਕਰਵਾਉਣ ਆਏ ਮਰੀਜ਼ਾਂ ’ਚੋਂ 35 ਮਰੀਜ਼ਾਂ ਨੂੰ ਚਿੱਟੇ ਮੋਤੀਏ ਦੀ ਬੀਮਾਰੀ ਪਾਈ ਗਈ ਜਿਨ੍ਹਾਂ ਦਾ ਮੁਫ਼ਤ ਆਪ੍ਰੇਸ਼ਨ ਕੀਤਾ ਜਾਵੇਗਾ। ਇਸ ਮੌਕੇ ਮੈਨੇਜਰ ਜਸਬੀਰ ਸਿੰਘ, ਸ਼੍ਰੋਮਣੀ ਕਮੇਟੀ ਮੈਂਬਰ ਹਰਜਿੰਦਰ ਕੌਰ, ਹਰਜਤਿੰਦਰ ਸਿੰਘ ਪਵਾਤ, ਸਮਾਜ ਸੇਵੀ ਪਰਮਜੀਤ ਕੌਰ ਸੈਣੀ ਲੁਬਾਣਗੜ੍ਹ, ਕੁਲਵੰਤ ਕੌਰ ਨੀਲੋਂ, ਪਾਲੀ ਮਾਗਟ, ਗੁਰਸੇਵਕ ਸਿੰਘ, ਸੰਨੀ ਓਹਰੀ, ਵੀ ਮੌਜੂਦ ਸਨ।

## ਖੇਤੀਬਾੜੀ ਵਿਭਾਗ ਵੱਲੋਂ ਸ਼ਹੀਦ ਚੈਂਚਲ ਸਿੰਘ ਸਰਕਾਰੀ ਸੈਕੰਡਰੀ ਸਕੂਲ ਲਹੁਕਾ ਵਿਖੇ ਪ੍ਰਤੀਯੋਗਤਾ ਦਾ ਆਯੋਜਨ

**ਤਰਨ ਤਾਰਨ, 22 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਡਿਪਟੀ ਕਮਿਸ਼ਨਰ ਤਰਨ ਤਰਨ ਸ੍ਰੀ ਰਾਹੁਲ ਆਈ.ਏ.ਐੱਸ. ਦੇ ਦਿਸ਼ਾ-ਨਿਰਦੇਸ਼ ਅਤੇ ਮੁੱਖ ਖੇਤੀਬਾੜੀ ਅਫਸਰ ਤਰਨ ਤਰਨ ਡਾ. ਤੇਜਬੀਰ ਸਿੰਘ ਦੀ ਦੇਖ-ਰੇਖ ਤਹਿਤ ਸੂਚਨਾ, ਸਿੱਖਿਆ ਤੇ ਪ੍ਰਸਾਰ ਗਤੀਵਿਧੀਆਂ ਸਬੰਧੀ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਬਲਾਕ ਪੱਟੀ ਨੇ ਸ਼ਹੀਦ ਚੈਂਚਲ ਸਿੰਘ ਸਰਕਾਰੀ ਸੈਕੰਡਰੀ ਸਕੂਲ, ਲਹੁਕਾ ਵਿਖੇ ਵਾਤਾਵਰਨ ਅਤੇ ਪਰਾਲੀ ਪ੍ਰਬੰਧਨ ਵਿਸ਼ੇ ’ਤੇ ਪ੍ਰਤੀਯੋਗਤਾ ਦਾ ਆਯੋਜਨ ਕੀਤਾ।

ਇਸ ਮੌਕੇ ਸਕੂਲੀ ਵਿਦਿਆਰਥੀਆਂ ਦੁਆਰਾ ਭਾਸ਼ਣ, ਕਵਿਤਾ ਅਤੇ ਪੇਂਟਿੰਗ ਆਦਿ ਪੇਸ਼ਕਾਰੀ ਦੀ ਸ਼ਲਾਘਾ ਕਰਦਿਆਂ ਡਾ. ਭੁਪਿੰਦਰ ਸਿੰਘ ਬਲਾਕ ਖੇਤੀਬਾੜੀ ਅਫਸਰ, ਪੱਟੀ ਨੇ ਕਿਹਾ ਕਿ ਵਿਦਿਆਰਥੀ ਆਪਣੀ ਸਕੂਲੀ ਪੜ੍ਹਾਈ ਦੇ ਨਾਲ ਨਾਲ ਚੁਗਿਰਦੇ ਦੀਆਂ ਮੁਸ਼ਕਿਲਾਂ ਖਾਸ ਤੌਰ ’ਤੇ ਵਾਤਾਵਰਨ ਪ੍ਰਤੀ ਸੁਚੇਤ ਹੋ ਕੇ ਆਉਣ ਵਾਲੇ ਧਾਰਮਿਕ ਅਤੇ ਪਵਿੱਤਰ ਤਿਉਹਾਰਾਂ ਨੂੰ ਵੀ ਪ੍ਰਦੂਸ਼ਣ ਰਹਿਤ ਮਨਾਉਣਾ ਚਾਹੀਦਾ ਹੈ।

ਪਰਾਲੀ ਪ੍ਰਬੰਧਨ ’ਤੇ ਵਿਚਾਰ ਸਾਂਝੇ ਕਰਦਿਆਂ ਡਾ. ਭੁਪਿੰਦਰ ਸਿੰਘ ਨੇ ਕਿਹਾ ਕਿ ਖੇਤੀ ਕੁਦਰਤ ’ਤੇ ਨਿਰਭਰ ਹੈ ਅਤੇ ਮਿੱਟੀ, ਪਾਣੀ, ਹਵਾ ਅਤੇ ਜੈਵਿਕ ਵੰਨ ਸੁਵੰਨਤਾ ਇਸ ਦੇ ਅਹਿਮ ਅੰਗ ਹਨ। ਉਨ੍ਹਾਂ ਕਿਹਾ ਕਿ ਪਰਾਲੀ ਨੂੰ ਲਗਾਈ ਜਾਂਦੀ ਅੱਗ ਨਾਲ ਜਿੱਥੇ ਵਾਤਵਰਨ ਵਿੱਚ ਵਿਗਾੜ ਪੈਦਾ ਹੁੰਦੇ ਹਨ ਓਥੇ ਧਰਤੀ ਦੀ ਉਪਜਾਊ ਸ਼ਕਤੀ ਵੀ ਘੱਟ ਜਾਂਦੀ ਹੈ ਅਤੇ ਹਵਾ ਵਿੱਚ ਵੀ ਜ਼ਹਿਰੀਲੀਆਂ ਗੈਸਾਂ ਪੈਦਾ ਹੋ ਜਾਂਦੀਆਂ ਹਨ। ਇਸ ਨਾਲ ਖੇਤੀ ਖਰਚੇ ਤਾਂ ਵੱਧਦੇ ਹੀ ਹਨ ਨਾਲ ਦੀ ਨਾਲ ਸਰੀਰਕ ਬਿਮਾਰੀਆਂ ਵਿੱਚ ਵੀ ਵਾਧਾ ਦੇਖਣ ਨੂੰ ਮਿਲਦਾ ਹੈ। ਉਨ੍ਹਾਂ ਕਿਹਾ ਕਿ ਵਾਤਾਵਰਨ ਦੇ ਵਡੇਰੇ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਫ਼ਸਲੀ ਰਹਿੰਦ-ਖੂੰਹਦ ਨੂੰ ਅੱਗ ਬਿਲਕੁਲ ਨਹੀਂ ਲਗਾਉਣੀ ਚਾਹੀਦੀ।ਇਸ ਮੌਕੇ ਡਾ ਗੁਰਬਿੰਦਰ ਸਿੰਘ ਏ.ਡੀ.ਓ. ਨੇ ਜਾਣਕਾਰੀ ਦਿੱਤੀ ਕਿ ਹੈਪੀ ਸੀਡਰ, ਸੁਪਰ ਸੀਡਰ, ਸਮਾਰਟ ਸੀਡਰ ਅਤੇ ਸਰਫੇਸ ਸੀਡਰ ਨਾਲ ਪਰਾਲੀ ਵਿੱਚ ਕਣਕ ਦੀ ਸਿੱਧੀ ਬਿਜਾਈ ਕਰ ਕੇ ਹੋਣ ਵਾਲੇ ਨੁਕਸਾਨ ਤੋਂ ਬਚਾਅ ਕੀਤਾ ਜਾ ਸਕਦਾ ਹੈ। ਉਹਨਾਂ ਜਾਣਕਾਰੀ ਦਿੱਤੀ ਕਿ ਪਰਾਲੀ ਪ੍ਰਬੰਧਨ ਲਈ ਲੋੜੀਂਦੀ ਮਸ਼ੀਨਰੀ ਲਈ ਕਿਸਾਨ ਉੱਨਤ ਕਿਸਾਨ ਐਪ ਦੀ ਵਰਤੋਂ ਕਰਕੇ ਮਸ਼ੀਨਰੀ ਕਿਰਾਏ ’ਤੇ ਲਿਜਾ ਸਕਦੇ ਹਨ।

ਸਮਾਗਮ ਦੀ ਪ੍ਰਧਾਨਗੀ ਕਰਦਿਆਂ ਪ੍ਰਿੰਸੀਪਲ ਸ੍ਰੀਮਤੀ ਡਿੰਪਲ ਅਗਰਵਾਲ ਨੇ ਖੇਤੀਬਾੜੀ ਅਧਿਕਾਰੀਆਂ ਦਾ ਵਡਮੁੱਲੀ ਜਾਣਕਾਰੀ ਦੇਣ ਲਈ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਵਾਤਾਵਰਨ ਦੀ ਸੁਚੱਜੀ ਸਾਂਭ-ਸੰਭਾਲ ਸਾਡੀ ਸਭ ਦੀ ਸਾਂਝੀ ਜਿੰਮੇਵਾਰੀ ਹੈ ਅਤੇ ਇਸ ਦੀ ਬੇਹਤਰੀ ਲਈ ਮਿਲਜੁਲ ਕੇ ਨਿਰੰਤਰ ਉੱਦਮ ਕੀਤੇ ਜਾਣੇ ਚਾਹੀਦੇ ਹਨ ਤਾਂ ਜੋ ਭਵਿੱਖ ਵਿੱਚ ਚੰਗੇ ਨਤੀਜੇ ਮਿਲ ਸਕਣ। ਇਸ ਮੌਕੇ ਮੁਕਾਬਲਿਆਂ ਵਿਚ ਭਾਗ ਲੈਣ ਵਾਲੇ ਪ੍ਰਤੀਯੋਗੀਆਂ ਨੂੰ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਨੇ ਸਨਮਾਨ ਪੱਤਰ ਅਤੇ ਮਮੈਂਟੋ ਦੇ ਕੇ ਨਿਵਾਜਿਆ।

# ਡਿਪਰੈਸ਼ਨ ਦੀਆਂ ਅਲਾਮਤਾਂ ਨੂੰ ਨਜ਼ਰਅੰਦਾਜ਼ ਨਾ ਕਰੋ



ਕਈ ਵਾਰ ਵਿਅਕਤੀ ਖ਼ੁਸ਼ ਹੁੰਦਾ ਹੈ ਤੇ ਕਦੀ ਦੁੱਖੀ ਹੁੰਦਾ ਹੈ। ਇਹ ਜੀਵਨ ਤੇ ਮਨੁੱਖੀ ਸੁਭਾਅ ਦਾ ਅਹਿਮ ਹਿੱਸਾ ਹੈ। ਜ਼ਿੰਦਗੀ ਭਰ ਅਜਿਹਾ ਚੱਲਦਾ ਰਹਿੰਦਾ ਹੈ ਪਰ ਜੇ ਕੋਈ ਹਰ ਸਮੇਂ ਦੁੱਖੀ ਰਹਿੰਦਾ ਹੈ ਤਾਂ ਇਹ ਠੀਕ ਨਹੀਂ। ਇਸ ਨੂੰ 'ਡਿਪਰੈਸ਼ਨ' ਕਿਹਾ ਜਾਂਦਾ ਹੈ। ਡਿਪਰੈਸ਼ਨ ਤੋਂ ਪੀੜ੍ਹਤ ਵਿਅਕਤੀ ਹਮੇਸ਼ਾ ਨਿਰਾਸ਼ਾਵਾਦੀ ਤੇ ਦੁੱਖੀ ਰਹਿੰਦਾ ਹੈ। ਉਹ ਕਿਸੇ ਦੀ ਫ਼ਿਕਰਮੰਦੀ ਨੂੰ ਵੀ ਸ਼ੱਕ ਦੀ ਨਿਗ੍ਹਾ ਨਾਲ ਵੇਖਣ ਲੱਗਦਾ ਹੈ। ਸਾਡਾ ਸਰੀਰ ਹਰ ਬਿਮਾਰੀ ਦੀ ਆਮਦ ਤੋਂ ਪਹਿਲਾਂ ਸਾਨੂੰ ਕੁੱਝ ਸੰਕੇਤ ਦਿੰਦਾ ਹੈ ਤਾਂ ਕਿ ਅਸੀਂ ਬਿਮਾਰੀ ਦੇ ਫ਼ੈਲਣ ਤੋਂ ਪਹਿਲਾਂ ਹੀ ਉਸ ਦਾ ਇਲਾਜ ਕਰਵਾ ਸਕੀਏ। ਡਿਪਰੈਸ਼ਨ ਵੀ ਆਪਣੀਆਂ ਮੁੱਢਲੀਆਂ ਅਲਾਮਤਾਂ ਛੱਡਦਾ ਹੈ। ਇਨਾਂ ਨੂੰ ਸਮਾਂ ਰਹਿੰਦਿਆਂ ਸਮਝ ਕੇ ਅਸੀਂ ਮਾਨਸਿਕ ਵਿਗਾੜ ਬਣਨ ਤੋਂ ਬਚ ਸਕਦੇ ਹਾਂ।

### ਵਜ਼ਨ ਘੱਟਣਾ ਜਾਂ ਵਧਣਾ

ਡਿਪਰੈਸ਼ਨ 'ਚ ਕਈ ਲੋਕ ਬਹੁਤ ਜ਼ਿਆਦਾ ਖਾਣਾ ਖਾਂਦੇ ਹਨ ਤੇ ਕਈ ਬਹੁਤ ਹੀ ਘੱਟ। ਇਸ ਤੋਂ ਇਲਾਵਾ ਡਿਪਰੈਸ਼ਨ ਨੀਂਦ ਨਾਲ ਸਬੰਧਤ ਸਮੱਸਿਆਂ ਨੂੰ ਵੀ ਵਧਾ ਦਿੰਦਾ ਹੈ। ਨੀਂਦ ਦੀ ਘਾਟ ਕਰ ਕੇ ਭੁੱਖ ਲਗਦੀ ਹੈ ਤੇ ਆਦਮੀ ਮੋਟਾ ਹੋਣਾ ਸ਼ੁਰੂ ਹੋ ਜਾਂਦਾ ਹੈ।

### ਬਦਨ ਤੇ ਸਿਰ ਦਰਦ

ਡਿਪਰੈਸ਼ਨ 'ਚ ਕਈ ਵਾਰ ਜੋੜਾਂ ਵਿਚ ਦਰਦ ਰਹਿਣ ਲੱਗਦਾ ਹੈ। ਜਦੋਂ ਅਸੀਂ ਆਪਣੀਆਂ ਭਾਵਨਾਵਾਂ ਨੂੰ ਪ੍ਰਗਟ ਕਰਨ ਦੀ ਥਾਂ ਆਪਣੇ ਮਨ ਵਿਚ ਹੀ ਰੱਖਣ ਲੱਗਦੇ ਹਾਂ ਤਾਂ ਸਰੀਰ ਇਨ੍ਹਾਂ ਨੂੰ ਦਰਦ ਦੇ ਰੂਪ 'ਚ ਬਾਹਰ ਕੱਢਣ ਲੱਗਦਾ ਹੈ। ਅਜਿਹੇ ਮੌਕੇ ਸੈਂਟਰਲ ਨਰਵਸ ਸਿਸਟਮ ਨਾਲ ਸਬੰਧਤ (ਸਿਰ, ਰੀੜ੍ਹ ਦੀ ਹੱਡੀ ਆਦਿ) 'ਚ ਦਰਦਾਂ ਰਹਿ ਸਕਦੀਆਂ ਹਨ। ਅਜਿਹੀਆਂ ਦਰਦਾਂ ਅਤੇ ਵਿਅਕਤੀ ਦੇ ਵਿਵਹਾਰ ਤੋਂ ਡਿਪਰੈਸ਼ਨ ਹੋਣ ਦਾ ਪਤਾ ਲਗਾਇਆ ਜਾ ਸਕਦਾ ਹੈ।

### ਹਾਜ਼ਮੇ ਦੀ ਖ਼ਰਾਬੀ

ਸਾਡੀਆਂ ਮਾਨਸਿਕ ਭਾਵਨਾਵਾਂ ਸਾਡੀ ਪਾਚਨ ਪ੍ਰਕਿਰਿਆ ਉੱਪਰ ਵੀ ਅਸਰ ਪਾਉਂਦੀਆਂ ਹਨ। ਡਿਪਰੈਸ਼ਨ ਹੋਣ 'ਤੇ ਹਾਜਮਾ ਵੀ ਖ਼ਰਾਬ ਹੋ ਜਾਂਦਾ ਹੈ। ਪੇਟ ਗੈਸ, ਕਬਜ਼ ਅਤੇ ਪੇਟ ਨਾਲ ਸਬੰਧਤ ਕਈ ਹੋਰ ਬਿਮਾਰੀਆਂ ਹੋ ਸਕਦੀਆਂ ਹਨ।

### ਨੀਂਦ 'ਚ ਬੋਲਣਾ

ਡਿਪਰੈਸ਼ਨ ਕਈ ਤਰ੍ਹਾਂ ਦਾ ਹੁੰਦਾ ਹੈ। ਕਈ ਲੋਕ ਸਾਰੀ-ਸਾਰੀ ਰਾਤ ਨਹੀਂ ਸੌਂਦੇ ਤੇ ਕਈ ਜ਼ਰੂਰਤ ਤੋਂ ਜ਼ਿਆਦਾ ਸੌਂਦੇ ਹਨ। ਕਿਸੇ ਨੂੰ ਦਿਨ ਵੇਲੇਂ ਨੀਂਦ ਆਉਂਦੀ ਹੈ। ਡਿਪਰੈਸ਼ਨ ਦਾ ਸ਼ਿਕਾਰ ਹੋਣ 'ਤੇ ਵਿਅਕਤੀ ਨੂੰ ਆਪਣੇ ਸਰੀਰ 'ਚ ਐਨਰਜੀ ਦੀ ਘਾਟ ਮਹਿਸੂਸ ਹੋਣ ਲੱਗਦੀ ਹੈ ਤੇ ਉਹ ਦਿਨ ਭਰ ਥਕਾਵਟ ਮਹਿਸੂਸ ਕਰਦਾ ਰਹਿੰਦਾ ਹੈ। ਇਹ ਵੀ ਵੇਖਿਆ ਗਿਆ ਹੈ ਕਿ ਡਿਪਰੈਸ਼ਨ ਦੇ ਬਹੁਤ ਸਾਰੇ ਮਰੀਜ਼ ਸੌਂਦੇ ਸਮੇਂ ਬੋਲਦੇ ਰਹਿੰਦੇ ਹਨ, ਕੁੱਝ ਲੋਕ ਨੀਂਦ 'ਚ ਰੋਂਦੇ ਵੀ ਹਨ। ਅਜਿਹਾ ਆਪਣੀਆਂ ਭਾਵਨਾਵਾਂ ਨੂੰ ਮਨ 'ਚ ਦਬਾਉਣ ਕਾਰਨ ਹੁੰਦਾ ਹੈ, ਜੋ ਨੀਂਦ ਵੇਲੇ ਗੱਲਬਾਤ ਦੇ ਰੂਪ 'ਚ ਬਾਹਰ ਨਿਕਲਦੀਆਂ ਹਨ। ਜਿਸ ਕਰ ਕੇ ਉਨ੍ਹਾਂ ਨੂੰ ਇਸ ਬਿਮਾਰੀ ਦਾ ਸਾਹਮਣਾ ਕਰਨਾ ਪੈਂਦਾ ਹੈ। •

# ਡ੍ਰਾਈ ਆਈ ਸਿੰਡਰੋਮ ਦੀ ਸਮੱਸਿਆ

ਜਦੋਂ ਕਿਸੇ ਵਿਅਕਤੀ ਦੇ ਅੱਖਾਂ 'ਚੋਂ ਹੰਝੂ ਨਹੀਂ ਆਉਂਦੇ ਤਾਂ ਇਸ ਤਰ੍ਹਾਂ ਦੀ ਸਥਿਤੀ ਨੂੰ ਡ੍ਰਾਈ ਆਈ ਕਿਹਾ ਜਾਂਦਾ ਹੈ ਕਿਉਂਕਿ ਇਹ ਹੰਝੂ ਅੱਖਾਂ ਨੂੰ ਨਮੀ ਤੇ ਪੋਸ਼ਣ ਪ੍ਰਦਾਨ ਕਰਦੇ ਹਨ। ਇਸ ਨਾਲ ਅੱਖਾਂ 'ਚ ਖਾਰਿਸ਼, ਖੁਰਦਰਾਪਨ ਆਦਿ ਦੀ ਸਥਿਤੀ ਪੈਦਾ ਹੋ ਜਾਂਦੀ ਹੈ। ਦਿਨ ਵੇਲੇ ਸਾਡੀਆਂ ਅੱਖਾਂ ਥਕਾਵਟ ਮਹਿਸੂਸ ਕਰਦੀਆਂ ਹਨ। ਇਹ ਇਕ ਗੰਭੀਰ ਸਮੱਸਿਆ ਹੈ ਅਤੇ ਵੇਲੇ ਸਿਰ ਇਲਾਜ ਨਾ ਕਰਵਾਉਣ 'ਤੇ ਅੱਖਾਂ 'ਚ ਛਾਲੇ (ਅਲਸਰ) ਜਾਂ ਜ਼ਖ਼ਮ ਹੋ ਸਕਦੇ ਹਨ। ਇਸ ਸਥਿਤੀ ਨੂੰ 'ਡ੍ਰਾਈ ਆਈ ਸਿੰਡਰੋਮ' ਆਖਦੇ ਹਨ। ਸਾਡੀਆਂ ਬਹੁਤ ਸਾਰੀਆਂ ਆਦਤਾਂ ਇਸ ਦੇ ਲਈ ਜ਼ਿੰਮੇਵਾਰ ਹੁੰਦੀ ਹਨ।

### ਜ਼ਿਆਦਾ ਸਮਾਂ ਏਅਰ-ਕੰਡੀਸ਼ਨਰ ਕਮਰੇ 'ਚ ਰਹਿਣਾ

ਕਮਰੇ ਦੇ ਵਾਤਾਵਰਨ 'ਚ ਫੈਲੀ ਨਮੀ ਹੁੰਮਸ ਪੈਦਾ ਕਰਦੀ ਹੈ ਅਤੇ ਏਅਰ ਕੰਡੀਸ਼ਨਰ ਕਮਰੇ 'ਚ ਫ਼ੈਲੀ ਨਮੀ ਨੂੰ ਸੋਖ ਕੇ ਉਸ ਨੂੰ ਖੁੱਲ੍ਹੇ ਵਾਤਾਵਰਨ 'ਚ ਸੁੱਟ ਦਿੰਦੇ ਹਨ। ਜਿਸ ਕਾਰਨ ਕਮਰੇ ਦਾ ਮਾਹੌਲ ਠੰਢਾ ਹੋਣ ਦੇ ਨਾਲ-ਨਾਲ ਖ਼ੁਸ਼ਕ ਵੀ ਹੋ ਜਾਂਦਾ ਹੈ। ਇਸ ਨਾਲ ਅੱਖਾਂ 'ਚ ਜਲਨ, ਖਾਰਿਸ਼ ਮਹਿਸੂਸ ਹੋ ਸਕਦੀ ਹੈ। ਇਸ ਦੇ ਨਾਲ ਜੇ ਧੁੰਦਲਾਪਨ ਨਜ਼ਰ ਆਵੇ ਤਾਂ ਇਹ ਡ੍ਰਾਈ ਆਈ ਸਿੰਡਰੋਮ ਦੇ ਲੱਛਣ ਹੋ ਸਕਦੇ ਹਨ। ਅਜਿਹੀ ਸਥਿਤੀ 'ਚ ਆਫਥੈਲਮਿਸਟ ਪਾਸੋਂ ਜਾਂਚ ਕਰਵਾਓ।

### ਅਸਥਾਈ ਡ੍ਰਾਈ ਆਈ

ਏਅਰ ਕੰਡੀਸ਼ਨਡ ਮਾਹੌਲ 'ਚ ਲੰਬੇ ਸਮੇਂ ਤਕ ਰਹਿਣਾ, ਸਰਦ ਮੌਸਮ, ਜ਼ਿਆਦਾ ਸਮਾਂ ਕੰਪਿਊਟਰ ਸਕਰੀਨ 'ਤੇ ਨਿਗ੍ਹਾ ਟਿਕਾਉਣ ਜਾਂ ਵਧੇਰੇ ਟੈਲੀਵਿਜ਼ਨ ਵੇਖਣ ਨਾਲ ਵੀ 'ਡ੍ਰਾਈ ਆਈ ਸਿੰਡਰੋਮ' ਦੀ ਸਮੱਸਿਆ ਆ ਸਕਦੀ ਹੈ।



### ਕ੍ਰੌਨਿਕ ਡ੍ਰਾਈ ਆਈ

ਜੇ ਪਲਕਾਂ ਦੀ ਬਾਹਰੀ ਪਰਤ ਜ਼ਿਆਦਾ ਖ਼ੁਸ਼ਕ ਰਹਿਣ ਲੱਗੇ ਤਾਂ ਇਸ ਸਥਿਤੀ ਨੂੰ ਕ੍ਰੌਨਿਕ ਡ੍ਰਾਈ ਆਈ ਆਖਦੇ ਹਨ।

### ਉਪਾਅ

ਏਸੀ ਕਮਰੇ 'ਚ ਜ਼ਿਆਦਾ ਲੰਬੇ ਸਮੇਂ ਤੱਕ ਨਾ ਬੈਠੋ। ਨਿਗ੍ਹਾ ਨੂੰ ਜ਼ਿਆਦਾ ਸਮਾਂ ਕੰਪਿਊਟਰ- ਟੀਵੀ ਦੀ ਸਕਰੀਨ ਉੱਪਰ ਨਹੀਂ ਟਿਕਾਉਣਾ ਚਾਹੀਦਾ। ਪੜ੍ਹਦੇ ਜਾਂ ਕੰਪਿਊਟਰ 'ਤੇ ਕੰਮ ਕਰਦੇ ਸਮੇਂ ਥੋੜ੍ਹੀ-ਥੋੜ੍ਹੀ ਦੇਰ ਬਾਅਦ ਪਲਕਾਂ ਨੂੰ ਝਮਕਦੇ ਰਹੋ। ਕੰਪਿਊਟਰ ਜਾਂ ਲੈਪਟਾਪ 'ਤੇ ਕੰਮ ਕਰਦੇ ਸਮੇਂ ਐਂਟੀ-ਗਲੇਅਰ ਐਨਕਾਂ ਦਾ ਇਸਤੇਮਾਲ ਕਰੋ।

ਦਿਨ 'ਚ ਤਿੰਨ ਜਾਂ ਚਾਰ ਵਾਰ ਅੱਖਾਂ ਨੂੰ ਠੰਢੇ ਪਾਣੀ ਨਾਲ ਧੋਵੋ। ਗੰਦੇ ਹੱਥ ਅੱਖਾਂ ਨੂੰ ਨਾ ਲਗਾਓ। ਅੱਖਾਂ ਸਬੰਧੀ ਅਜਿਹੀ ਕਿਸੇ ਵੀ ਸਮੱਸਿਆ ਦੇ ਹੋਣ ਤੋਂ ਪਹਿਲਾਂ ਹੀ ਅੱਖਾਂ ਦੇ ਮਾਹਿਰ ਡਾਕਟਰ ਨਾਲ ਸੰਪਰਕ ਕਰੋ।

• ਫੀਚਰ ਡੈਸਕ

**ਹਰੇ ਰੰਗ ਦੇ ਫਲਾਂ-ਸਬਜ਼ੀਆਂ ਵਿਚ ਮਿਲਣ ਵਾਲੇ ਰਸਾਇਣ 'ਇੰਡੋਲ' 'ਐਰੋਸੈਟਿਕ ਕੰਪਾਉਂਡ', 'ਲਿਊਟੀਨ' ਅਤੇ 'ਜੀਜ਼ੇਨਥਿਨ' ਹਨ। ਇਹ ਨਜ਼ਰ ਨੂੰ ਠੀਕ ਰੱਖਣ ਵਿਚ ਸਹਾਈ ਹੁੰਦੇ ਹਨ...**

# ਸੱਤ ਰੰਗਾਂ 'ਚ ਲੁਕੇ ਸਿਹਤ ਦੇ ਭੇਤ



ਅਮਰਜੀਤ ਕੌਰ ਵਿਰਦੀ
ਮੋਬਾਈਲ 95307-49092




ਭੋਜਨ ਦੀ ਸਹੀ ਚੋਣ ਕਰਨਾ ਗਿਆਨ ਵੀ ਹੈ ਅਤੇ ਕਲਾ ਵੀ। ਭੋਜਨ ਦੇ ਸਾਰੇ ਤੱਤ ਸਾਨੂੰ ਸਾਡੇ ਆਲੇ-ਦੁਆਲੇ ਤੋਂ ਹੀ ਪ੍ਰਾਪਤ ਹੁੰਦੇ ਹਨ, ਲੋੜ ਹੈ ਤਾਂ ਇਸ ਗੱਲ ਬਾਰੇ ਜਾਣਕਾਰੀ ਦੀ ਕਿ ਕਿਸ ਭੋਜਨ ਪਦਾਰਥ ਤੋਂ ਸਾਨੂੰ ਕੀ ਪ੍ਰਾਪਤ ਹੁੰਦਾ ਹੈ ਅਤੇ ਸਾਡੇ ਸਰੀਰ ਨੂੰ ਉਸ ਦੀ ਕਿੰਨੀ ਮਾਤਰਾ ਵਿਚ ਲੋੜ ਹੈ ਤਾਂ ਜੋ ਸਾਡੇ ਸਰੀਰ ਦੇ ਵਾਧੇ ਵਿਕਾਸ ਦੀਆਂ ਸਾਰੀਆਂ ਕਿਰਿਆਵਾਂ ਨਿਯਮਿਤ ਰਹਿਣ। ਭੋਜਨ ਦੀ ਸਹੀ ਚੋਣ ਸਰੀਰ ਦੀਆਂ ਕੁਦਰਤੀ ਆਫ਼ਤਾਂ ਵਿੱਚੋਂ ਵੀ ਪਾਰ ਲੰਘਾ ਦਿੰਦੀ ਹੈ। ਇਸ ਲਈ ਲੋੜ ਹੈ ਕਿ ਚੰਗੇ ਤਜਰਬਿਆਂ ਵਾਲੀ ਜਾਣਕਾਰੀ ਹਾਸਲ ਕਰ ਕੇ ਬੇਬੇ ਦੇ ਨੁਸਖ਼ਿਆਂ ਦਾ ਲਾਭ ਉਠਾਇਆ ਜਾਵੇ।

ਬੇਬੇ ਨੇ ਕਿਹਾ ਕਿ ਭੋਜਨ ਬਾਰੇ ਗੱਲ ਕਰਨਾ ਕੋਈ ਨਵੀਂ ਗੱਲ ਨਹੀਂ ਹੈ ਬਲਕਿ ਬਹੁਤ ਪੁਰਾਣੇ ਸਮੇਂ ਤੋਂ ਹੀ ਸਾਡੇ ਵਿਦਵਾਨ, ਹਕੀਮ, ਰਿਸ਼ੀ-ਮੁਨੀ ਸਭ ਵੱਖ-ਵੱਖ ਢੰਗ ਤਰੀਕਿਆਂ ਨਾਲ ਭੋਜਨ ਦੀ ਸਹੀ ਚੋਣ ਬਾਰੇ ਦੱਸਦੇ ਰਹੇ ਹਨ। ਯੋਗ ਅਭਿਆਸ ਜਾਂ ਕਸਰਤ ਵੀ ਮੁੱਢ ਤੋਂ ਚੱਲੀ ਆ ਰਹੀ ਹੈ। ਫ਼ਰਕ ਇਹ ਪੈ ਗਿਆ ਹੈ ਕਿ ਪਹਿਲਾਂ ਪੁਰਸ਼ਾਂ ਅਤੇ ਇਸਤਰੀਆਂ ਨੂੰ ਸਰੀਰਕ ਕੰਮ ਕਾਫ਼ੀ ਕਰਨੇ ਪੈਂਦੇ ਸੀ, ਜਿਸ ਨਾਲ ਊਰਜਾ ਜੋ ਭੋਜਨ ਤੋਂ ਪ੍ਰਾਪਤ ਹੁੰਦੀ ਸੀ ਇਹ ਵਰਤੀ ਜਾਂਦੀ ਸੀ ਤੇ ਸਰੀਰ ਤੰਦਰੁਸਤ ਰਹਿੰਦਾ ਸੀ।

ਅਜੋਕੇ ਕੰਪਿਊਟਰ ਯੁੱਗ ਵਿਚ ਬੈਠ ਕੇ ਕੰਮ ਕਰਨ ਦਾ ਸਮਾਂ ਵੱਧ ਗਿਆ ਹੈ। ਬੱਚੇ ਤੇ ਨੌਜਵਾਨ ਜੰਕ ਫੂਡ ਵੱਲ ਤੁਰ ਪਏ ਹਨ। ਐਸੀ ਸਥਿਤੀ ਵਿਚ ਲੋੜ ਹੈ ਭੋਜਨ ਦੇ ਤੱਤਾਂ ਤੇ ਸਮੂਹਾਂ ਬਾਰੇ ਜਾਣਕਾਰੀ ਦੇਣ ਦੀ। ਹਾਲਾਂਕਿ, ਰੋਜ਼ਾਨਾ ਅਖ਼ਬਾਰਾਂ, ਰਸਾਲੇ, ਰੇਡੀਓ, ਟੈਲੀਵਿਜ਼ਨ ਆਦਿ ਉਪਰਾਲਿਆਂ ਨਾਲ ਕਾਫ਼ੀ ਜਾਗਰੂਕਤਾ ਆ ਚੁੱਕੀ ਹੈ ਪਰ ਅਜੇ ਵੀ ਬਹੁਤ ਸਾਰੀ ਜਨਸੰਖਿਆ ਆਪਣੇ ਕੰਮ, ਵਜ਼ਨ ਅਤੇ ਉਮਰ ਮੁਤਾਬਕ ਸੰਤੁਲਨ ਬਣਾ ਕੇ ਭੋਜਨ ਦੀ ਚੋਣ ਤੇ ਕਸਰਤ ਸਬੰਧੀ ਪੂਰੀ ਤਰ੍ਹਾਂ ਵਾਕਿਫ਼ ਨਹੀਂ ਹੈ। ਇਸ ਲਈ ਸਰਲ 'ਤੇ ਸੰਖੇਪ ਨੁਕਤਿਆਂ ਨੂੰ ਜਾਨਣ ਦੀ ਲੋੜ ਹੈ। ਸਭ ਤੋਂ ਪਹਿਲਾਂ ਆਪਣਾ ਭਾਰ ਆਪਣੀ ਉਚਾਈ ਮੁਤਾਬਕ ਗਿਆਤ ਕਰੋ ਤੇ ਫਿਰ ਉਸ ਨੂੰ ਨਿਰਧਾਰਿਤ ਰੱਖੋ। ਉੱਚਾਈ ਦੇ ਮੁਤਾਬਕ ਭਾਰ ਗਿਆਤ ਕਰਨ ਦਾ ਤਰੀਕਾ ਹੈ ਕਿ ਇੰਚਾਂ ਵਿਚ ਜਿੰਨੀ ਤੁਹਾਡੀ ਉਚਾਈ ਹੈ, ਓਨੇ ਕਿਲੋਗ੍ਰਾਮ ਤੁਹਾਡਾ ਵਜ਼ਨ ਹੋਣਾ ਚਾਹੀਦਾ ਹੈ।

ਜਿੱਥੇ ਭੋਜਨ ਦੇ ਖਾਣ ਵਿਚ ਸੰਤੁਲਨ ਜ਼ਰੂਰੀ ਹੈ, ਓਥੇ ਭੋਜਨ ਅਤੇ ਕੰਮ-ਕਸਰਤ ਦਾ ਸੰਤੁਲਨ ਵੀ ਜ਼ਰੂਰੀ ਹੈ। ਇਸ ਲਈ ਧਿਆਨ ਰੱਖੋ ਕਿ ਜੋ ਖਾਓ, ਉਸ ਨੂੰ ਪਚਾਓ। ਭੋਜਨ ਤੋਂ ਪ੍ਰਾਪਤ ਊਰਜਾਂ ਅਤੇ ਕੰਮ-ਕਸਰਤ ਲਈ ਊਰਜਾ ਤੋਂ ਇਲਾਵਾ ਪ੍ਰਾਪਤ ਕੀਤੀ ਊਰਜਾ ਅਤੇ ਵਰਤੀ ਗਈ ਊਰਜਾ ਬਾਰੇ ਜਾਣਕਾਰੀ ਰੱਖਣੀ ਬੇਹੱਦ ਲਾਜ਼ਮੀ ਹੈ। ਇਹੀ ਤੰਦਰੁਸਤੀ ਦਾ ਸਭ ਤੋਂ ਵੱਡਾ ਰਾਜ਼ ਹੈ। ਮਸ਼ੀਨਾਂ, ਜੋ ਮਨੁੱਖੀ ਸਰੀਰ ਦੀ ਨਕਲ ਹਨ, ਉਨ੍ਹਾਂ ਨੂੰ ਵੀ ਕੰਮ ਕਰਨ ਲਈ ਸਾਫ਼ ਸੁਥਰੇ ਈਂਧਨ-ਡੀਜ਼ਲ, ਪੈਟਰੋਲ, ਗੈਸ, ਕੋਲਾ, ਭਾਫ਼, ਬਿਜਲੀ, ਐਟਾਮਿਕ ਜਾਂ ਸੂਰਜੀ ਊਰਜਾ ਲੈਣ ਦੀ ਲੋੜ ਪੈਂਦੀ ਹੈ। ਥੋੜ੍ਹੀ ਜਿਹੀ ਮਿਲਾਵਟ ਹੀ ਮਸ਼ੀਨ ਦੇ ਕੰਮ 'ਚ ਰੁਕਾਵਟ ਪੈਦਾ ਕਰ ਦਿੰਦੀ ਹੈ ਜਾਂ ਉਹ ਰੁਕ-ਰੁਕ ਕੇ ਚੱਲਣ ਲੱਗਦੀ ਹੈ। ਇਸੇ ਤਰ੍ਹਾਂ ਅਸਲ ਸਰੀਰ, ਜਿਸ ਦੀਆਂ ਬਾਹਰੀ ਮਾਸ਼ਪੇਸ਼ੀਆਂ ਹੀ ਨਹੀਂ ਬਲਕਿ ਦਿਲ, ਦਿਮਾਗ਼ ਤੇ ਰੂਹ ਵੀ ਕੰਮ ਕਰਦੇ ਹਨ, ਨੂੰ ਕਿੰਨੇ ਸਾਫ਼-ਸੁਥਰੇ ਭੋਜਨ ਦੀ ਲੋੜ ਹੋਵੇਗੀ, ਊਰਜਾ ਪ੍ਰਾਪਤ ਕਰਨ ਲਈ। ਯਾਦ ਰੱਖੋ ਕਿ ਸਰੀਰ ਇਕ ਇਕਾਈ ਹੈ ਅਤੇ ਇਸ ਦੇ ਵੱਖਰੇ-ਵੱਖਰੇ ਅੰਗ ਵੱਖ-ਵੱਖ ਕੰਮ ਕਰਦੇ ਹਨ। ਇਸ ਤਰ੍ਹਾਂ ਭੋਜਨ ਇਕ ਇਕਾਈ ਹੈ ਅਤੇ ਇਸ ਦੇ ਵੱਖ-ਵੱਖ ਅੰਸ਼ ਵੀ ਸਰੀਰ ਦੇ ਵੱਖ-ਵੱਖ ਅੰਗਾਂ ਨੂੰ ਵੱਖ-ਵੱਖ ਤਰ੍ਹਾਂ ਦੀ ਸ਼ਕਤੀ ਪ੍ਰਦਾਨ ਕਰਦੇ ਹਨ।

- ਭੋਜਨ 'ਚ ਸ਼ਾਮਲ ਅਨਾਜ ਤੋਂ ਪ੍ਰਾਪਤ ਹੋਣ ਵਾਲੇ ਕਾਰਬੋਹਾਈਡਰੇਟਸ ਸਾਡੇ ਸਰੀਰ ਨੂੰ ਕੰਮ ਕਰਨ ਲਈ ਸਭ ਤੋਂ ਵੱਧ ਊਰਜਾ ਪ੍ਰਦਾਨ ਕਰਦੇ ਹਨ।
- ਦਾਲਾਂ, ਦੁੱਧ, ਆਂਡਾ, ਮੱਛੀ, ਮੀਟ ਆਦਿ ਪ੍ਰੋਟੀਨ ਦੇ ਮੁੱਖ ਸਰੋਤ ਹਨ ਅਤੇ ਇਹ ਸਾਡੇ ਸਰੀਰ ਦੇ ਸੈੱਲਾਂ ਦੇ ਵਿਕਾਸ ਅਤੇ ਟੁੱਟ-ਭੱਜ ਦੀ ਮੁਰੰਮਤ ਕਰਨ ਲਈ ਬੇਹੱਦ ਜ਼ਰੂਰੀ ਹਨ।
- ਸਫ਼ੈਦ ਰੰਗ ਦੀਆਂ ਸਾਰੀਆਂ ਸਬਜ਼ੀਆਂ, ਸਾਗ-ਪੱਤੇ ਅਤੇ ਫਲ ਵਿਟਾਮਿਨਾਂ, ਖਣਿਜ ਤੱਤਾਂ ਦੇ ਭਰਪੂਰ ਵਸੀਲੇ ਹਨ। ਇਹ ਸਰੀਰ ਦੇ ਸਾਰੇ ਅੰਗਾਂ ਦੇ ਕੰਮ ਨੂੰ ਸੁਚਾਰੂ ਰੂਪ ਵਿਚ ਚਲਾਉਣ ਤੇ ਤੰਦਰੁਸਤ ਰੱਖਣ 'ਚ ਮਦਦ ਕਰਦੇ ਹਨ।
- ਭੋਜਨ 'ਚ ਸ਼ਾਮਲ ਤੇਲ, ਮੱਖਣ, ਘਿਓ ਆਦਿ ਤੋਂ ਸਾਨੂੰ ਫੈਟ ਜਾਂ ਚਰਬੀ ਪ੍ਰਾਪਤ ਹੁੰਦੀ ਹੈ, ਜੋ ਚਮੜੀ ਨੂੰ ਤਰੋਤਾਜ਼ਾ ਤੇ ਤੰਦਰੁਸਤ ਰੱਖਣ, ਅੰਗਾਂ ਨੂੰ ਸੁਰੱਖਿਆ ਕਵਚ ਪਹਿਨਾਉਣ, ਸਰੀਰ ਦੇ ਤਾਪਮਾਨ ਨੂੰ ਕਾਬੂ ਹੇਠ ਰੱਖਣ ਲਈ ਜ਼ਰੂਰੀ ਹੈ।



### ਸੰਤੁਲਿਤ ਭੋਜਨ

ਵੱਖ-ਵੱਖ ਰੰਗ ਦੇ ਫਲ ਅਤੇ ਸਬਜ਼ੀਆਂ ਮਿਲਾ ਕੇ ਖਾਣ ਨਾਲ ਉਨ੍ਹਾਂ ਵਿੱਚੋਂ ਮਿਲਣ ਵਾਲੇ ਬਾਇਓ-ਫਲੇਵੋਨੋਇਡਜ਼ ਅਤੇ ਬਾਇਓ-ਕੈਮੀਕਲਜ਼, ਜੋ ਬਹੁਤ ਲਾਭਕਾਰੀ ਹਨ ਸਾਡੇ ਸਰੀਰ ਨੂੰ ਪ੍ਰਾਪਤ ਹੁੰਦੇ ਹਨ। ਇਸ ਤੋਂ ਇਲਾਵਾ ਇਨ੍ਹਾਂ ਤੋਂ ਸਾਨੂੰ ਵਿਟਾਮਿਨਜ਼, ਖਣਿਜ ਵੀ ਪ੍ਰਾਪਤ ਹੁੰਦੇ ਹਨ। ਸਾਨੂੰ ਆਪਣੇ ਭੋਜਨ ਵਿਚ ਵੱਖ-ਵੱਖ ਰੰਗਾਂ ਦੇ ਫਲਾਂ ਨੂੰ ਵੀ ਸ਼ਾਮਲ ਕਰਨਾ ਚਾਹੀਦਾ ਹੈ। ਇਨ੍ਹਾਂ ਫਲਾਂ ਵਿਚ ਮਿੱਠੇ ਅਤੇ ਖੱਟੇ, ਦੋਵਾਂ ਤਰ੍ਹਾਂ ਦੇ ਫਲ ਹੋਣੇ ਚਾਹੀਦੇ ਹਨ। ਵੱਖ-ਵੱਖ ਰੰਗਾਂ ਦੀਆਂ ਸਬਜ਼ੀਆਂ ਨੂੰ ਪੱਕਾ ਕੇ ਅਤੇ ਕੱਚੀਆਂ ਵੀ ਖਾਧਾ ਜਾ ਸਕਦਾ ਹੈ। ਇਸ ਤੋਂ ਇਲਾਵਾ ਹਰੇ ਰੰਗ ਦੀਆਂ 'ਹਰਬਜ਼' ਅਤੇ 'ਸ਼ਰੱਬਜ਼' ਵਿਚ ਪੱਤੇਦਾਰ ਸਲਾਦ, ਤੁਲਸੀ, ਧਨੀਆ, ਪੁਦੀਨਾ, ਹਰੀ ਮਿਰਚ ਆਦਿ ਵੀ ਭੋਜਨ 'ਚ ਜ਼ਰੂਰ ਸ਼ਾਮਲ ਕਰਨੇ ਚਾਹੀਦੇ ਹਨ। ਇਸ ਤੋਂ ਇਲਾਵਾ ਦਾਲਾਂ, ਦੁੱਧ, ਪਨੀਰ, ਆਂਡਾ, ਮੱਛੀ ਆਦਿ ਪ੍ਰੋਟੀਨ ਦੇ ਮੁੱਖ ਸੋਮੇ ਹੋਣ ਕਾਰਨ ਇਨ੍ਹਾਂ ਨੂੰ ਵੀ ਭੋਜਨ 'ਚ ਜ਼ਰੂਰ ਸ਼ਾਮਲ ਕਰੋ। ਵੱਖ-ਵੱਖ ਰੰਗਾਂ ਦੀਆਂ ਦਾਲਾਂ ਨੂੰ ਛਿਲਕੇ ਸਮੇਤ ਪਕਾ ਕੇ ਵੀ ਖਾਧਾ ਜਾ ਸਕਦਾ ਹੈ ਅਤੇ ਪੁੰਗਾਰ ਕੇ ਵੀ। ਸਾਰੇ ਅਨਾਜ ਕਾਰਬੋਹਾਈਡਰੇਟ ਦੇ ਵਧੀਆ ਸਾਧਨ ਹਨ। ਛਿਲਕੇ ਵਾਲੇ ਵੱਖ-ਵੱਖ ਅਨਾਜਾਂ ਨੂੰ ਮਿਲਾ ਕੇ ਵੀ ਪਕਾਇਆ ਜਾ ਸਕਦਾ ਹੈ। ਇਸ ਤੋਂ ਇਲਾਵਾ ਆਲੂ ਵੀ ਕਾਰਬੋਹਾਈਡਰੇਟ ਦਾ ਭਰਪੂਰ ਵਸੀਲਾ ਹੋਣ ਕਾਰਨ ਇਸ ਨੂੰ ਵੀ ਭੋਜਨ 'ਚ ਜ਼ਰੂਰ ਸ਼ਾਮਲ ਕਰੋ। ਆਪਣੇ ਖਾਣੇ ਵਿਚ ਘਿਓ ਅਤੇ ਤੇਲ ਵੀ ਜ਼ਰੂਰ ਸ਼ਾਮਲ ਕਰੋ ਪਰ ਯਾਦ ਰੱਖੋ ਕਿ ਸੈਚੁਰੇਟਿਡ ਵਸਾ ਦਾ ਇਕ ਹਿੱਸਾ (ਮੱਖਣ ਇਕ ਹਿੱਸਾ) ਅਤੇ ਅਨਸੈਚੁਰੇਟਿਡ ਵਸਾ (ਤੇਲ) ਤਿੰਨ ਹਿੱਸੇ ਹੋਣਾ ਚਾਹੀਦਾ ਹੈ।

ਇਸ ਤੋਂ ਇਲਾਵਾ ਵੱਖ-ਵੱਖ ਫਲਾਂ ਅਤੇ ਸਬਜ਼ੀਆਂ ਦੇ ਬੀਜ ਵੀ ਭੋਜਨ ਵਿਚ ਜ਼ਰੂਰੀ ਸਹਾਇਕ ਦੇ ਤੌਰ 'ਤੇ ਸ਼ਾਮਲ ਕੀਤੇ ਜਾ ਸਕਦੇ ਹਨ। ਇਨ੍ਹਾਂ ਵਿੱਚੋਂ ਕੱਦੂ, ਖੀਰਾ, ਖਰਬੂਜਾ, ਤਰਬੂਜ, ਚਰੌਂਜੀ, ਅਲਸੀ, ਤਿਲ, ਮੂੰਗਫਲੀ, ਖਸਖਸ, ਸੁੱਕੇ ਮੇਵੇ, ਗਰਮ ਮਸਾਲੇ ਅਹਿਮ ਹਨ।

ਇਸ ਤੋਂ ਇਲਾਵਾ ਸਿਹਤਮੰਦ ਰਹਿਣ ਲਈ ਦਿਨ ਵਿਚ ਕਾਫ਼ੀ ਮਾਤਰਾ 'ਚ ਤਾਜ਼ਾ ਤੇ ਸ਼ੁੱਧ ਪਾਣੀ ਪੀਵੋ। ਇਸ ਵਿਚ ਨਿੰਬੂ ਅਤੇ ਪੁਦੀਨੇ ਦਾ ਰਸ ਵੀ ਸ਼ਾਮਲ ਕੀਤ ਜਾ ਸਕਦਾ ਹੈ। ਸਾਫ਼ ਅਤੇ ਤਾਜ਼ੀ ਹਵਾ ਵਿਚ ਸੈਰ ਅਤੇ ਕਸਰਤ ਕਰੋ। ਸਵੇਰੇ-ਸ਼ਾਮ ਕੁੱਝ ਦੇਰ ਲਈ ਆਪਣੀ ਚਮੜੀ ਨੂੰ ਧੁੱਪ ਜ਼ਰੂਰ ਲਗਾਓ।

### ਵੱਖ-ਵੱਖ ਰੰਗਾਂ ਦੇ ਫਲਾਂ-ਸਬਜ਼ੀਆਂ ਦੇ ਲਾਭ

ਕੁਦਰਤ ਨੇ ਰੰਗ ਬਰੰਗੇ ਫੁੱਲ, ਫਲ, ਸਬਜ਼ੀਆਂ ਪੈਦਾ ਕੀਤੀਆਂ ਹਨ। ਹਰ ਰੰਗ ਦੇ ਵੱਖਰੇ-ਵੱਖਰੇ ਗੁਣ ਹੁੰਦੇ ਹਨ ਅਤੇ ਅਸੀਂ ਇਨ੍ਹਾਂ ਨੂੰ ਆਪਣੇ ਭੋਜਨ ਵਿਚ ਸ਼ਾਮਲ ਕਰ ਕੇ ਇਨ੍ਹਾਂ ਗੁਣਾਂ ਦਾ ਲਾਭ ਲੈ ਸਕਦੇ ਹਾਂ।

### ਪੀਲਾ ਤੇ ਸੰਤਰੀ ਰੰਗ

ਇਨ੍ਹਾਂ ਰੰਗਾਂ ਦੇ ਫਲਾਂ-ਸਬਜ਼ੀਆਂ ਵਿਚ ਬੀਟਾ-ਕੈਰੋਟੀਨ ਮੌਜੂਦ ਹੁੰਦਾ ਹੈ। ਬੀਟਾ-ਕੈਰੋਟੀਨ 'ਵਿਟਾਮਿਨ-ਸੀ' ਦੇ ਨਾਲ ਰਲ ਕੇ ਲਾਭ ਦਿੰਦੇ ਹਨ। ਇਨ੍ਹਾਂ ਨੂੰ ਇਕੱਠੇ ਰੂਪ ਵਿਚ 'ਸੀ-ਕੰਪਲੈਕਸ' ਜਾਂ ਵਿਟਾਮਿਨ-ਪੀ ਵੀ ਆਖਦੇ ਹਨ। ਇਹੀ 'ਬਾਇਓਫਲੇਵੋਨੋਇਡਜ਼' ਹਨ। ਅਜਿਹੇ ਫਲਾਂ-ਸਬਜ਼ੀਆਂ ਦੀ ਵਰਤੋਂ ਕਰਨ ਨਾਲ ਸਰੀਰ ਦੀ ਰੋਗਾਂ ਨਾਲ ਲੜਨ ਦੀ ਸਮਰਥਾ (ਅਮਿਊਨਿਟੀ) ਵਧਦੀ ਹੈ, ਚਮੜੀ ਚਮਕਦਾਰ ਰਹਿੰਦੀ ਹੈ, ਹੱਡੀਆਂ ਨੂੰ ਮਜ਼ਬੂਤੀ ਮਿਲਦੀ ਹੈ, ਅੱਖਾਂ 'ਚ ਮੋਤੀਆਬਿੰਦ (ਗਲੂਕੋਮਾ) ਹੋਣ ਦਾ ਖ਼ਤਰਾ ਘੱਟ ਹੁੰਦਾ ਹੈ। ਅਜਿਹੇ ਫਲਾਂ-ਸਬਜ਼ੀਆ ਵਿਚ ਖਰਬੂਜਾ, ਆੜੂ, ਖੁਰਮਾਨੀ, ਪੀਲੇ ਅਲੂਚੇ (ਪਲਮ), ਨਿੰਬੂ ਜਾਤੀ ਦੇ ਸਾਰੇ ਫਲ-ਸੰਤਰਾ, ਮੁਸੰਮੀ, ਕਿੰਨੂ, ਨਿੰਬੂ, ਚਕੋਤਰਾ, ਗਲਗਲ, ਪਹਾੜੀ ਗਾਜਰ, ਪੀਲੀ ਸ਼ਿਮਲਾ ਮਿਰਚ, ਅਮਰੂਦ ਆਦਿ ਪ੍ਰਮੁੱਖ ਹਨ।

### ਲਾਲ ਰੰਗ

ਫਲ ਅਤੇ ਸਬਜ਼ੀਆਂ ਦਾ ਲਾਲ ਅਤੇ ਗੁਲਾਬੀ ਰੰਗ ਇਨ੍ਹਾਂ ਵਿਚ ਪਾਏ ਜਾਣ ਵਾਲੇ ਰਸਾਇਣ ਲਾਈਕੋਪੀਨ ਅਤੇ ਐਥੋਸਾਇਨਿਨ ਕਾਰਨ ਹੁੰਦਾ ਹੈ। ਲਾ ਰੰਗ ਦੇ ਫਲ ਅਤੇ ਸਬਜ਼ੀਆਂ ਸਰੀਰ ਨੂੰ ਕੈਂਸਰ ਵਰਗੀਆਂ ਬਿਮਾਰੀਆਂ ਤੋਂ ਦੂਰ ਰੱਖਣ ਵਿਚ ਸਹਾਈ ਹੁੰਦੇ ਹਨ, ਖ਼ਾਸ ਕਰ ਕੇ ਪ੍ਰੋਸਟੈਟ ਕੈਂਸਰ ਤੋਂ ਬਚਾਉਂਦੇ ਹਨ। ਇਹ ਦਿਲ ਨਾਲ ਸਬੰਧਤ ਮੁਸ਼ਕਿਲਾਂ ਨੂੰ ਘਟਾਉਣ 'ਚ ਵੀ ਸਹਾਈ ਹੁੰਦੇ ਹਨ। ਅਜਿਹੇ ਫਲਾਂ-ਸਬਜ਼ੀਆਂ ਵਿਚ ਟਮਾਟਰ, ਸੇਬ, ਤਰਬੂਜ, ਗੁਲਾਬੀ ਅੰਗੂਰ, ਰਸਭਰੀ, ਬੇਰੀਜ਼ ਆਦਿ ਮੁੱਖ ਹਨ।

### ਹਰਾ ਰੰਗ

ਹਰੇ ਰੰਗ ਦੇ ਫਲਾਂ-ਸਬਜ਼ੀਆਂ ਵਿਚ ਮਿਲਣ ਵਾਲੇ ਰਸਾਇਣ 'ਇੰਡੋਲ' 'ਐਰੋਸੈਟਿਕ ਕੰਪਾਉਂਡ', 'ਲਿਊਟੀਨ' ਅਤੇ 'ਜੀਜ਼ੇਨਥਿਨ' ਹਨ। ਇਹ ਨਜ਼ਰ ਨੂੰ ਠੀਕ ਰੱਖਣ ਵਿਚ ਸਹਾਈ ਹੁੰਦੇ ਹਨ। ਹਰਿਆਲੀ ਵੇਖਣ ਨਾਲ ਖ਼ੁਸ਼ੀ ਵੀ ਮਿਲਦੀ ਹੈ ਅਤੇ ਇਹ ਸਾਨੂੰ ਕੈਂਸਰ ਤੋਂ ਵੀ ਬਚਾਉਂਦੇ ਹਨ। ਅਜਿਹੇ ਫਲਾਂ-ਸਬਜ਼ੀਆਂ ਵਿਚ ਬਰੋਕਲੀ, ਪੱਤਾ ਗੋਭੀ, ਸਰ੍ਹੋਂ, ਮਟਰ, ਘੀਆ, ਕੀਵੀ, ਮੂੰਗੀ ਦੀ ਦਾਲ ਆਦਿ ਮੁੱਖ ਹਨ।

### ਜਾਮਨੀ ਤੇ ਨੀਲਾ ਰੰਗ

ਜਾਮਨੀ ਅਤੇ ਨੀਲੇ ਰੰਗ ਦੇ ਫਲਾਂ-ਸਬਜ਼ੀਆਂ ਵਿਚ ਕਾਫ਼ੀ ਮਾਤਰਾ ਵਿਚ ਫਲੇਵੋਨੋਇਡਜ਼, ਜੀਜ਼ੇਨਥੀਨ, ਵਿਟਾਮਿਨ-ਸੀ ਅਤੇ ਰੇਸ਼ੇ ਮਿਲਦੇ ਹਨ। ਇਹ ਸਰੀ ਵਿਚ ਕੈਲਸ਼ੀਅਨ ਸੋਖਣ ਦੀ ਸ਼ਕਤੀ ਵਧਾਉਂਦੇ ਨੇ। ਮਾੜੇ ਕੋਲੈਸਟਰੋਲ (ਐੱਲਡੀਐੱਲ) ਨੂੰ ਘਟਾਉਣ ਵਿਚ ਸਹਾਈ ਹੁੰਦੇ ਹਨ, ਅੱਖਾਂ ਦੀ ਰੈਟਿਨਾ ਨੂੰ ਸ਼ਕਤੀ ਦਿੰਦੇ ਹਨ ਅਤੇ ਰੋਗਾਂ ਨਾਲ ਲੜਨ ਦੀ ਸਮਰਥਾ ਵਧਾਉਂਦੇ ਅਤੇ ਕੈਂਸਰ ਦੀ ਰੋਕਥਾਮ 'ਚ ਸਹਾਈ ਹੁੰਦੇ ਹਨ। ਅਜਿਹੇ ਫਲਾਂ-ਸਬਜ਼ੀਆਂ ਵਿਚ ਬੈਂਗਣ, ਲਾਲ ਬੰਦ ਗੋਭੀ, ਐਸਪੈਰੇਗਸ, ਜਾਮਨੀ ਗਾਜਰ, ਪਲਮ, ਬਲਿਊ-ਬੇਰੀ, ਜਾਮਨੀ ਅੰਗੂਰ, ਆਲੂ ਬੁਖ਼ਾਰਾ ਆਦਿ ਸ਼ਾਮਲ ਹਨ।

### ਸਫ਼ੈਦ ਰੰਗ

ਸਫ਼ੈਦ ਰੰਗ ਦੇ ਫਲਾਂ ਅਤੇ ਸਬਜ਼ੀਆਂ ਵਿਚ ਏਲੀਸੀਨ, ਇੰਡੋਲ, ਬੀਟਾ-ਗਲੂਕੇਨਜ਼, ਲਿਗਨੇਨਜ਼ ਆਦਿ ਰਸਾਇਣ ਪਾਏ ਜਾਂਦੇ ਹਨ। ਇਨ੍ਹਾਂ ਤੱਤਾਂ ਨਾਲ ਰੋਗਾਂ ਖ਼ਤਮ ਕਰਨ ਦੀ ਸ਼ਕਤੀ ਮਿਲਦੀ ਹੈ।

• ਫੀਚਰ ਡੈਸਕ

# ਦਿਲ 'ਤੇ ਭਾਰੀ ਪੈ ਸਕਦੀ ਹੈ ਵਿਟਾਮਿਨ- ਡੀ ਦੀ ਘਾਟ

ਸਰੀਰ 'ਚ ਵਿਟਾਮਿਨ-ਡੀ ਦੀ ਘਾਟ ਆਉਣ ਨਾਲ ਸਾਨੂੰ ਕਈ ਬਿਮਾਰੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਆਓ, ਜਾਣਦੇ ਹਾਂ ਕਿ ਵਿਟਾਮਿਨ-ਡੀ ਦੀ ਸਾਡੇ ਸਰੀਰ 'ਚ ਕੀ ਅਹਿਮੀਅਤ ਹੈ ?

### ਕੀ ਕੰਮ ਕਰਦਾ ਹੈ ਵਿਟਾਮਿਨ-ਡੀ?

ਵਿਟਾਮਿਨ-ਡੀ ਸਾਡੇ ਸਰੀਰ ਦੇ ਮਹੱਤਵਪੂਰਨ ਅੰਗਾਂ ਨੂੰ ਠੀਕ ਰੱਖਣ 'ਚ ਬਹੁਤ ਮਦਦ ਕਰਦਾ ਹੈ। ਇਸ ਦੀ ਘਾਟ ਨਾਲ ਕਈ ਬਿਮਾਰੀਆਂ ਜਿਵੇਂ ਡਾਇਬਟੀਜ (ਸ਼ੂਗਰ), ਕੋਲੋਨ, ਛਾਤੀਆਂ ਅਤੇ ਪ੍ਰੋਸਟੇਟ ਗਲੈਂਡ (ਗਦੂਦਾਂ) ਦਾ ਕੈਂਸਰ ਹੋ ਸਕਦਾ ਹੈ। ਇਕ ਤੰਦਰੁਸਤ ਵਿਅਕਤੀ ਨੂੰ ਵੀ ਰੋਜ਼ਾਨਾ ਘੱਟੋ ਘੱਟ 75 ਫ਼ੀਸਦੀ ਵਿਟਾਮਿਨ-ਡੀ ਪੂਰਾ ਕਰਨ ਲਈ ਸੂਰਜ ਦੀ ਰੌਸ਼ਨੀ ਦਾ ਇਸਤੇਮਾਲ ਕਰਨਾ ਚਾਹੀਦਾ ਹੈ। ਧੁੱਪ 'ਚ ਘੱਟ ਰਹਿਣ ਨਾਲ ਵਿਟਾਮਿਨ-ਡੀ ਦੀ ਘਾਟ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਸ ਤੋਂ ਇਲਾਵਾ ਹੱਡੀਆਂ ਦੀ ਮਜ਼ਬੂਤੀ ਲਈ ਵੀ ਵਿਟਾਮਿਨ-ਡੀ ਦਾ ਸਰੀਰ ਵਿਚ ਲੋੜੀਂਦੀ ਮਾਤਰਾ 'ਚ ਹੋਣਾ ਬੇਹੱਦ ਜ਼ਰੂਰੀ ਹੁੰਦਾ ਹੈ।



### ਜਾਂਚ

ਵਿਟਾਮਿਨ-ਡੀ ਦੀ ਘਾਟ ਬਾਰੇ ਜਾਣਕਾਰੀ ਲੈਣ ਲਈ 25 ਫ਼ੀਸਦੀ ਹਾਈਡ੍ਰੋਕਸੀ ਵਿਟਾਮਿਨ-ਡੀ ਬਲੱਡ ਟੈਸਟ ਕਰਵਾਇਆ ਜਾਂਦਾ ਹੈ। ਇਹ ਟੈਸਟ 40 ਸਾਲ ਦੀ ਉਮਰ ਤੋਂ ਬਾਅਦ ਇਕ ਵਾਰ ਜ਼ਰੂਰ ਕਰਵਾ ਲੈਣਾ ਚਾਹੀਦਾ ਹੈ।

### ਉਪਾਅ

ਜਦੋਂ ਸੂਰਜ ਦੀਆਂ ਕਿਰਨਾਂ ਸਰੀਰ 'ਤੇ ਪੈਂਦੀਆਂ ਹਨ ਤਾਂ ਇਹ ਸਰੀਰ 'ਚ ਵਿਟਾਮਿਨ-ਡੀ ਦਾ ਨਿਰਮਾਣ ਕਰਦੀਆਂ ਹਨ।

• ਫੀਚਰ ਡੈਸਕ

# ਕੈਂਸਰ ਰੋਗ ਦੇ ਕਾਰਨ ਤੇ ਲੱਖਣ

ਕੈਂਸਰ ਇਕ ਜਾਨਲੇਵਾ ਬਿਮਾਰੀ ਹੈ। ਕਈ ਵਾਰ ਕੈਂਸਰ ਇਸ ਲਈ ਲਾਇਲਾਜ ਹੋ ਜਾਂਦਾ ਹੈ ਕਿਉਂਕਿ ਇਸ ਦੇ ਲੱਛਣਾਂ ਦਾ ਜਲਦੀ ਪਤਾ ਨਹੀਂ ਲੱਗਦਾ। ਲੱਖਾਂ ਲੋਕ ਇਸ ਬਿਮਾਰੀ ਦੇ ਸ਼ਿਕਾਰ ਹਨ, ਇਸ ਲਈ ਇਹ ਜਾਣਕਾਰੀ ਹੋਣੀ ਲਾਜ਼ਮੀ ਹੈ ਕਿ ਕੈਂਸਰ ਕਿਉਂ ਹੁੰਦਾ ਹੈ।

### ਕਾਰਨ

ਕੈਂਸਰ ਕਿਸੇ ਵੀ ਚੀਜ਼ ਤੋਂ ਅਤੇ ਸਰੀਰ ਦੇ ਕਿਸੇ ਵੀ ਹਿੱਸੇ ਵਿਚ ਹੋ ਸਕਦਾ ਹੈ। ਸੂਰਜ ਦੀ ਰੌਸਨੀ ਵੀ ਕੈਂਸਰ ਦਾ ਕਾਰਨ ਬਣ ਸਕਦੀ ਹੈ। ਕਾਫ਼ੀ ਕੁੱਝ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਤੁਹਾਡਾ ਇਮਿਊਨ ਸਿਸਟਮ ਇਨ੍ਹਾਂ ਨੂੰ ਕਿੰਨਾ ਕੁ ਬਰਦਾਸ਼ਤ ਕਰਦਾ ਹੈ।

### ਫ੍ਰੀ ਰੈਡੀਕਲਜ਼

ਅਸੀਂ ਜਾਣਦੇ ਹਾਂ ਕਿ ਇਨਸਾਨ ਆਕਸੀਜਨ ਤੋਂ ਬਿਨਾਂ ਜਿਊਂਦਾ ਨਹੀਂ ਰਹਿ ਸਕਦਾ। ਸਾਡੇ ਸਰੀਰ ਵਿਚ ਸਮੇਂ ਨਾਲ ਫ੍ਰੀ ਰੈਡੀਕਲਜ਼ ਵੀ ਬਣਦੇ ਰਹਿੰਦੇ ਹਨ। ਇਹ ਫ੍ਰੀ ਰੈਡੀਕਲਜ਼ ਕੈਂਸਰ ਅਤੇ ਕਈ ਹੋਰ ਗੰਭੀਰ ਬਿਮਾਰੀਆਂ ਦਾ ਕਾਰਨ ਬਣਦੇ ਹਨ। ਪ੍ਰਦੂਸ਼ਣ ਅਤੇ ਖਾਣ-ਪੀਣ ਦੇ ਮਾੜੇ ਤਰੀਕਿਆਂ ਕਾਰਨ ਸਰੀਰ 'ਚ ਫ੍ਰੀ ਰੈਡੀਕਲਜ਼ ਵਧੇਰੇ ਬਣਦੇ ਹਨ। ਇਸ ਲਈ ਸਿਹਤਮੰਦ ਰਹਿਣ ਵਾਸਤੇ ਸੰਤੁਲਿਤ ਭੋਜਨ ਦਾ ਸੇਵਨ ਬੇਹੱਦ ਜ਼ਰੂਰੀ ਹੈ।

### ਤੰਬਾਕੂ

ਤੰਬਾਕੂ ਕੈਂਸਰ ਦਾ ਸਭ ਤੋਂ ਵੱਡਾ ਕਾਰਨ ਹੈ। ਤੰਬਾਕੂ ਖਾਣ ਨਾਲ ਮੂੰਹ ਦੇ ਕੈਂਸਰ ਦੀਆਂ ਸੰਭਾਵਨਾਵਾਂ ਕਾਫ਼ੀ ਵਧ ਜਾਂਦੀਆਂ ਹਨ। ਇਸ ਤੋਂ ਇਲਾਵਾ ਸਿਗਰਟ, ਬੀੜੀ ਜਾਂ ਹੁੱਕਾ ਪੀਣ ਵਾਲਿਆਂ ਨੂੰ ਫੇਫੜਿਆਂ ਦੇ ਕੈਂਸਰ ਦੀਆਂ ਸੰਭਾਵਨਾਵਾਂ ਕਾਫ਼ੀ ਜ਼ਿਆਦਾ ਹੁੰਦੀਆਂ ਹਨ।

### ਪ੍ਰਦੂਸ਼ਣ

ਵਧਦਾ ਹੋਇਆ ਪ੍ਰਦੂਸ਼ਣ ਵੀ ਕੈਂਸਰ ਦਾ ਇਕ ਅਹਿਮ ਕਾਰਨ ਹੈ। ਖੇਤਾਂ 'ਚ ਵਰਤੇ ਜਾਣ ਕੀਟਨਾਸ਼ਕ ਅਤੇ ਲੋੜ ਤੋਂ ਜ਼ਿਆਦਾ ਖਾਦਾਂ ਪਾਣੀ 'ਚ ਘੁਲ ਕੇ ਜ਼ਮੀਨਦੋਜ਼ ਪਾਣੀ ਨੂੰ ਜ਼ਹਿਰੀਲਾ ਕਰ ਰਹੀਆਂ ਹਨ। ਇਹ ਦੂਸ਼ਿਤ ਪਾਣੀ ਕੈਂਸਰ ਅਤੇ ਕਈ ਹੋਰ ਗੰਭੀਰ ਬਿਮਾਰੀਆਂ ਦਾ ਕਾਰਨ ਬਣ ਰਿਹਾ ਹੈ। ਇਸ ਤੋਂ ਇਲਾਵਾ ਫ਼ੈਕਟਰੀਆਂ ਤੇ ਮੋਟਰ ਗੱਡੀਆਂ ਦੇ ਧੂੰਏਂ ਤੋਂ ਹੋਣ ਵਾਲਾ ਪ੍ਰਦੂਸ਼ਣ ਵੀ ਇਸ ਬਿਮਾਰੀ ਨੂੰ ਹੋਰ ਵਿਰਾਟ ਰੂਪ ਦੇਣ ਦਾ ਕਾਰਨ ਬਣ ਰਿਹਾ ਹੈ।



### ਸ਼ਰਾਬਖੋਰੀ

ਜੇ ਤੁਸੀ ਤੰਬਾਕੂ ਵੀ ਖਾਂਦੇ ਹੋ ਅਤੇ ਇਸ ਦੇ ਨਾਲ ਸ਼ਰਾਬ ਪੀਣ ਦੇ ਵੀ ਆਦੀ ਹੋ ਤਾਂ ਤੁਸੀ ਕੈਂਸਰ ਦੀਆਂ ਸੰਭਾਵਨਾਵਾਂ ਨੂੰ ਕਈ ਗੁਣਾਂ ਵਧਾ ਲੈਂਦੇ ਹੋ। ਇਸ ਨਾਲ ਮੂੰਹ, ਗਲੇ, ਆਈਸੋਫੇਗਸ ਅਤੇ ਜਿਗਰ ਦੇ ਕੈਂਸਰ ਦਾ ਖ਼ਤਰਾ ਵਧ ਜਾਂਦਾ ਹੈ।

### ਐੱਸਬੈਸਟੋਸ

ਸੀਮਿੰਟ ਦੀਆਂ ਚਾਦਰਾਂ ਅਤੇ ਸਪੱਨ ਪਾਈਪਾਂ ਦੇ ਨਿਰਮਾਣ 'ਚ ਵਰਤਿਆ ਜਾਣ ਵਾਲਾ ਤੱਤ ਐੱਸਬੈਸਟੋਸ ਆਪਣੇ ਆਪ ਵਿਚ ਕੈਂਸਰ ਦਾ ਵੱਡਾ ਕਾਰਕ ਹੈ। ਇਨ੍ਹਾਂ ਚੀਜ਼ਾਂ ਦਾ ਨਿਰਮਾਣ ਕਰਨ ਵਾਲੀਆਂ ਫੈਕਟਰੀਆਂ 'ਚ ਕੰਮ ਕਰਨ ਵਾਲੇ ਲੋਕਾਂ ਨੂੰ ਕੈਂਸਰ ਹੋਣ ਦੀਆਂ ਸੰਭਾਵਨਾਵਾਂ ਕਈ ਗੁਣਾਂ ਵਧ ਜਾਂਦੀਆਂ ਹਨ। ਇਸ ਦੇ ਨਾਲ ਹੀ ਜੇ ਅਜਿਹੀਆਂ ਫੈਕਟਰੀਆਂ 'ਚ ਕੰਮ ਕਰਨ ਵਾਲੇ ਕਾਮੇ ਸ਼ਰਾਬ ਅਤੇ ਤੰਬਾਕੂਨੋਸ਼ੀ ਵੀ ਕਰਦੇ ਹੋਣ ਤਾਂ ਕੈਂਸਰ ਦਾ ਖ਼ਤਰਾ ਹੋਰ ਵੀ ਵਧ ਜਾਂਦਾ ਹੈ।

### ਦਵਾਈਆਂ

ਦਵਾਈਆਂ ਦੀ ਵਰਤੋਂ ਲੋੜ ਤੋਂ ਜ਼ਿਆਦਾ ਕਰਨ ਨਾਲ ਵੀ ਕੈਂਸਰ ਹੋਣ ਦਾ ਖ਼ਤਰਾ ਵਧ ਜਾਂਦਾ ਹੈ। ਇਨ੍ਹਾਂ ਦਵਾਈਆਂ 'ਚ ਮੌਜੂਦ ਕੈਮੀਕਲਜ਼ ਸਰੀਰ ਦੇ ਸੈੱਲਜ਼ ਨੂੰ ਅਤੇ ਸਰੀਰ 'ਚ ਕੰਮ ਕਰਨ ਵਾਲੀਆਂ ਵੱਖ-ਵੱਖ ਪ੍ਰਣਾਲੀਆਂ ਨੂੰ ਪ੍ਰਭਾਵਿਤ ਕਰ ਸਕਦੇ ਹਨ। ਇਸ ਲਈ ਸੈਲਫ-ਮੈਡੀਕੇਸ਼ਨ ਤੋਂ ਸਦਾ ਪਰਹੇਜਗਾਰ ਰਹਿਣਾ ਚਾਹੀਦਾ ਹੈ। ਡਾਕਟਰ ਦੀ ਸਲਾਹ ਨਾਲ ਹੀ ਦਵਾਈ ਲੈਣੀ ਚਾਹੀਦੀ ਹੈ।

### ਖਾਣਾ

ਵਿਗਿਆਨਕ ਖੋਜਾਂ ਤੋਂ ਇਹ ਗੱਲ ਵੀ ਉੱਭਰ ਕੇ ਸਾਹਮਣੇ ਆਈ ਹੈ ਕਿ ਜੋ ਲੋਕ ਜ਼ਿਆਦਾ ਮੀਟ, ਨਮਕ ਦਾ ਸੇਵਨ ਕਰਦੇ ਹਨ ਉਨ੍ਹਾਂ ਨੂੰ ਪੇਟ, ਕੋਲਨ, ਯੂਟਰਸ ਤੇ ਪ੍ਰੋਸਟੇਟ ਗਲੈਂਡ ਦਾ ਕੈਂਸਰ ਹੋ ਸਕਦਾ ਹੈ।

### ਉਮਰ

ਵੈਸੇ ਤਾਂ ਕੈਂਸਰ ਦੀ ਬਿਮਾਰੀ ਕਿਸੇ ਵੀ ਉਮਰ ਵਿਚ ਹੋ ਸਕਦੀ ਹੈ ਪਰ 60 ਸਾਲ ਅਤੇ ਇਸ ਤੋਂ ਉੱਪਰਲੀ ਉਮਰ ਦੇ ਲੋਕ ਇਸ ਦੇ ਜ਼ਿਆਦਾ ਸ਼ਿਕਾਰ ਬਣਦੇ ਹਨ। ਜਿਸ ਤਰ੍ਹਾਂ ਸਾਡੀ ਉਮਰ ਵਧਦੀ ਹੈ ਉਸ ਦੇ ਨਾਲ-ਨਾਲ ਸਾਡੇ ਸਰੀਰ ਦੀਆਂ ਮਾਸਪੇਸ਼ੀਆਂ ਵੀ ਵਧਦੀਆਂ ਹਨ। ਇਸ ਨਾਲ ਮਾਸਪੇਸ਼ੀਆਂ ਸੁੱਕ ਕੇ ਕੈਂਸਰ ਦੀ ਰਸੌਲੀ ਦਾ ਰੂਪ ਧਾਰਨ ਕਰ ਸਕਦੀਆਂ ਹਨ।

### ਫੇਫੜਿਆਂ ਦੇ ਕੈਂਸਰ ਦੇ ਲੱਛਣ

ਜ਼ਿਆਦਾਤਰ ਔਰਤਾਂ ਫੇਫੜਿਆਂ ਦੇ ਕੈਂਸਰ ਦੀਆਂ ਸ਼ਿਕਾਰ ਹੁੰਦੀਆਂ ਹਨ। ਇਸ ਨਾਲ ਸਾਹ ਲੈਣ 'ਚ ਪਰੇਸ਼ਾਨੀ ਅਤੇ ਘੁਟਣ ਮਹਿਸੂਸ ਹੁੰਦੀ ਹੈ। ਫੇਫੜਿਆਂ ਦਾ ਕੈਂਸਰ ਅਜਿਹਾ ਹੈ, ਜਿਸ ਨਾਲ ਹਰ ਸਾਲ ਅਨੇਕਾਂ ਆਦਮੀ ਤੇ ਔਰਤਾਂ ਮੌਤ ਦੇ ਮੂੰਹ 'ਚ ਚਲੇ ਜਾਂਦੇ ਹਨ। ਦੁਨੀਆ ਦੇ ਕਈ ਦੇਸ਼ਾਂ ਵਿਚ ਫੇਫੜਿਆਂ ਦੇ ਕੈਂਸਰ ਨਾਲ ਮਰਨ ਵਾਲੀਆਂ ਔਰਤਾਂ ਦੀ ਗਿਣਤੀ ਕਾਫ਼ੀ ਜ਼ਿਆਦਾ ਹੈ। ਜੇ ਕਿਸੇ ਵਿਅਕਤੀ ਨੂੰ ਲਗਾਤਾਰ ਖਾਂਸੀ ਰਹਿੰਦੀ ਹੋਵੇ ਅਤੇ ਉਹ ਕਈ ਤਰ੍ਹਾਂ ਦੀਆਂ ਦਵਾਈਆਂ ਲੈਣ ਨਾਲ ਵੀ ਠੀਕ ਨਾ ਹੁੰਦੀ ਹੋਵੇ ਤਾਂ ਇਸ ਦੀ ਕਿਸੇ ਮਾਹਿਰ ਡਾਕਟਰ ਪਾਸੋਂ ਜਾਂਚ ਕਰਵਾਉਣੀ ਚਾਹੀਦੀ ਹੈ। ਇਹ ਕਿਸੇ ਗੰਭੀਰ ਬਿਮਾਰੀ ਜਾਂ ਕੈਂਸਰ ਦਾ ਲੱਛਣ ਹੋ ਸਕਦਾ ਹੈ।

### ਸਿਰ ਦਰਦ ਤੇ ਘੁਟਣ ਮਹਿਸੂਸ ਹੋਣੀ

ਸਿਰ 'ਚ ਦਰਦ ਰਹਿਣਾ ਤੇ ਘੁਟਣ ਦੀ ਸ਼ਿਕਾਇਤ ਵੀ ਕਈ ਵਾਰ ਫੇਫੜਿਆਂ ਦੇ ਕੈਂਸਰ ਦਾ ਸ਼ਿਕਾਰ ਵਿਅਕਤੀ 'ਚ ਮੁੱਖ ਲੱਛਣ ਦੇ ਰੂਪ 'ਚ ਵੇਖੇ ਗਏ ਹਨ। ਇਸ ਪ੍ਰਕਾਰ ਦਾ ਦਰਦ ਕਾਫ਼ੀ ਦਿਨਾਂ ਤਕ ਰਹਿੰਦਾ ਹੈ। ਫੇਫੜਿਆਂ 'ਚ ਜਦੋਂ ਟਿਊਮਰ ਫੈਲ ਜਾਂਦੇ ਹਨ ਤਾਂ ਸਾਹ ਲੈਣ 'ਚ ਪਰੇਸ਼ਾਨੀ ਵਧ ਜਾਂਦੀ ਹੈ ਤੇ ਘੁਟਣ ਮਹਿਸੂਸ ਹੋਣ ਲੱਗਦੀ ਹੈ। ਟਿਊਮਰ ਕਾਰਨ ਫੇਫੜਿਆਂ ਦੇ ਜ਼ਿਆਦਾਤਰ ਹਿੱਸੇ 'ਚ ਹਵਾ ਦੀ ਪਹੁੰਚ ਪ੍ਰਭਾਵਿਤ ਹੋਣ ਕਾਰਨ ਅਜਿਹਾ ਹੁੰਦਾ ਹੈ। ਹੋਰਨਾਂ ਕਾਰਨਾਂ ਕਰ ਕੇ ਵੀ ਸਾਹ ਲੈਣ 'ਚ ਪਰੇਸ਼ਾਨੀ ਆ ਸਕਦੀ ਹੈ। ਇਸ ਲਈ ਅਜਿਹੀ ਸਮੱਸਿਆ ਹੋਣ 'ਤੇ ਤੁਰੰਤ ਡਾਕਟਰੀ ਦੀ ਸਲਾਹ ਲਵੋ।

### ਗਲੇ 'ਚ ਲਗਾਤਾਰ ਖ਼ਰਾਬੀ ਰਹਿਣਾ

ਗਲੇ 'ਚ ਲਗਾਤਾਰ ਖ਼ਰਾਬੀ ਰਹਿਣਾ ਜਾਂ ਵਾਰ-ਵਾਰ ਗਲਾ ਬੈਠਣਾ ਵੀ ਗਲੇ ਦੇ ਕੈਂਸਰ ਦੇ ਸੰਕੇਤ ਹੋ ਸਕਦੇ ਹਨ ਪਰ ਇਹ ਵੀ ਧਿਆਨ ਰਹੇ ਕਿ ਇਹ ਲੱਛਣ ਉਦੋਂ ਵੀ ਹੋ ਸਕਦੇ ਹਨ ਜਦੋਂ ਫੇਫੜਿਆਂ 'ਚ ਸੋਜ਼ਿਸ਼ ਹੋਵੇ। ਜੇ ਖਾਂਸੀ ਕਰਦੇ ਸਮੇਂ ਜਾਂ ਉਲਟੀ ਨਾਲ ਖ਼ੂਨ ਆਉਂਦਾ ਹੋਵੇ ਤਾਂ ਇਸ ਨੂੰ ਨਜ਼ਰਅੰਦਾਜ਼ ਨਾ ਕਰੋ 'ਤੇ ਤੁਰੰਤ ਡਾਕਟਰੀ ਸਹਾਇਤਾ ਲਵੋ।

### ਕਿੱਥੋਂ ਤਕ ਫੈਲ ਸਕਦਾ ਹੈ ਫੇਫੜਿਆਂ ਦਾ ਕੈਂਸਰ?

ਜਿਗਰ ਨੂੰ ਆਪਣੀ ਪਕੜ 'ਚ ਲੈ ਲੈਣ ਵਾਲਾ ਮੈਟਾਸਟੈਟਿਕ ਕੈਂਸਰ ਫੇਫੜਿਆਂ ਨੂੰ ਵੀ ਪ੍ਰਭਾਵਿਤ ਕਰਦਾ ਹੈ ਅਤੇ ਜ਼ਿਆਦਾਤਰ ਮਾਮਲਿਆਂ 'ਚ ਇਸ 'ਚ ਕੋਈ ਮੁੱਢਲੇ ਲੱਛਣ ਪਤਾ ਨਹੀਂ ਲੱਗਦੇ। ਡਾਕਟਰੀ ਜਾਂਚ ਰਾਹੀਂ ਹੀ ਇਸ ਦੀ ਲੱਖਣ ਕੀਤੀ ਜਾ ਸਕਦੀ ਹੈ। ਕਈ ਵਾਰ ਫੇਫੜਿਆਂ ਦਾ ਕੈਂਸਰ ਹੱਡੀਆਂ ਦੇ ਕੈਂਸਰ ਦਾ ਕਾਰਨ ਵੀ ਬਣ ਸਕਦਾ ਹੈ। ਹੱਡੀਆਂ ਦਾ ਕੈਂਸਰ ਹੋਣ 'ਤੇ ਹੱਡੀਆਂ 'ਚ ਦਰਦ ਰਹਿਣ ਵਰਗੀਆਂ ਅਲਾਮਤਾਂ ਪ੍ਰਗਟ ਹੋ ਸਕਦੀਆਂ ਹਨ। ਇਹ ਦਰਦ ਆਮ-ਤੌਰ 'ਤੇ ਰੀੜ੍ਹ ਦੀ ਹੱਡੀ, ਪਸਲੀਆਂ 'ਚ ਜ਼ਿਆਦਾ ਵੇਖਣ ਨੂੰ ਮਿਲਦੀ ਹੈ। ਕੁੱਝ ਮਾਮਲਿਆਂ 'ਚ ਮਾਸਪੇਸ਼ੀਆਂ ਦੀ ਕਮਜ਼ੋਰੀ ਅਤੇ ਠੀਕ ਤਰੀਕੇ ਨਾਲ ਕੰਮ ਨਾ ਕਰਨਾ ਵੀ, ਛੇਤੀ ਥਕਾਵਟ ਮਹਿਸੂਸ ਕਰਨਾ, ਥੋੜ੍ਹਾ ਜਿਹਾ ਕੰਮ ਕਰਨਾ, ਪੌੜੀਆਂ ਚੜ੍ਹਨਾ ਅਤੇ ਸਾਹ ਫੁੱਲਣਾ ਆਦਿ ਵੀ ਫੇਫੜਿਆਂ ਦੇ ਕੈਂਸਰ ਦੇ ਭਿਆਨਕ ਲੱਛਣ ਹੋ ਸਕਦੇ ਹਨ।

• ਫੀਚਰ ਡੈਸਕ



# ਅੱਧੇ ਸਿਰ ਦਾ ਬੇਹਾਲ ਕਰਨ ਵਾਲਾ ਦਰਦ - ਮਾਈਗ੍ਰੇਨ

ਸਿਰ ਦਰਦ ਅਜਿਹੀ ਸਮੱਸਿਆ ਹੈ ਜੋ ਅਕਸਰ ਸਾਨੂੰ ਪਰੇਸ਼ਾਨ ਕਰਦੀ ਹੈ। ਹਰ ਬੱਚੇ, ਬੁੱਢੇ, ਨੌਜਵਾਨ, ਔਰਤ ਅਤੇ ਮਰਦ ਨੂੰ ਕਦੇ ਨਾ ਕਦੇ ਇਸ ਦਾ ਸਾਹਮਣਾ ਜ਼ਰੂਰ ਕਰਨਾ ਪੈਂਦਾ ਹੈ। ਅਕਸਰ ਇਹ ਵੀ ਵੇਖਿਆ ਗਿਆ ਹੈ ਕਿ ਕੁੱਝ ਲੋਕ ਅੱਧੇ ਸਿਰ ਵਿਚ ਦਰਦ ਰਹਿਣ ਦੀ ਸ਼ਿਕਾਇਤ ਕਰਦੇ ਹਨ। ਅਜਿਹੀ ਦਰਦ ਉਨ੍ਹਾਂ ਨੂੰ ਬੁਰੀ ਤਰ੍ਹਾਂ ਪਰੇਸ਼ਾਨ ਅਤੇ ਬੇਚੈਨ ਕਰ ਦਿੰਦੀ ਹੈ। ਇਸ ਨੂੰ ਡਾਕਟਰੀ ਭਾਸ਼ਾ ਵਿਚ 'ਮਾਈਗ੍ਰੇਨ' ਆਖਦੇ ਹਨ।

### ਕਾਰਨ

ਲੰਬੇ ਸਮੇਂ ਤੋਂ ਰਹਿਣ ਵਾਲੀ ਕਬਜ਼, ਪੇਟ ਗੈਸ, ਜਿਗਰ ਦੀਆਂ ਬਿਮਾਰੀਆਂ, ਪੁਰਾਣਾ ਜ਼ੁਕਾਮ, ਰੀੜ੍ਹ ਦੀ ਹੱਡੀ ਦਾ ਦਰਦ, ਕੰਨ ਦਾ ਦਰਦ, ਨਸ਼ੇ ਦੀ ਖਿੱਚ ਆਦਿ ਮਾਈਗ੍ਰੇਨ ਦੀਆਂ ਨਿਸ਼ਾਨੀਆਂ ਹਨ।

### ਇਲਾਜ

ਐਲੋਪੈਥਿਕ ਦਵਾਈਆਂ ਤੋਂ ਇਲਾਵਾ ਐਕੁਪ੍ਰੈਸ਼ਰ ਜ਼ਰੀਏ ਹੱਥਾਂ ਅਤੇ ਪੈਰਾਂ ਦੇ ਕੁੱਝ ਵਿਸ਼ੇਸ਼ ਬਿੰਦੂਆਂ ਨੂੰ ਦਬਾਉਣ ਜਾਂ ਪ੍ਰੈਸ਼ਰ ਦੇਣ ਨਾਲ ਇਸ ਉੱਪਰ ਕਾਬੂ ਪਾਇਆ ਜਾ ਸਕਦਾ ਹੈ। ਇਸ ਤੋਂ ਇਲਾਵਾ ਹੱਥਾਂ ਦੀਆਂ ਉਂਗਲੀਆਂ ਦੀ ਮਾਲਿਸ਼ ਕਰਨ ਨਾਲ ਵੀ ਇਸ ਨੂੰ ਦੂਰ ਕੀਤਾ ਜਾ ਸਕਦਾ ਹੈ। ਮਾਇਗ੍ਰੇਨ ਦੀ ਦਰਦ ਨੂੰ ਦੂਰ ਕਰਨ ਲਈ ਪੈਰਾਂ ਤੇ ਹੱਥਾਂ ਦੇ ਅੰਗੂਠਿਆਂ ਦੀ ਰੋਜ਼ ਮਾਲਿਸ਼ ਕਰਨੀ ਚਾਹੀਦੀ ਹੈ।

• ਫੀਚਰ ਡੈਸਕ

ਹੌਲਦਾਰ ਕਰਮ ਸਿੰਘ ਨੇ ਫ਼ੌਜ ਦੀ ਨੌਕਰੀ ਤੋਂ ਬਾਅਦ ਖੇਤੀ ਦੇ ਕਿੱਤੇ ਨੂੰ ਅਪਣਾਇਆ। ਉਨ੍ਹਾਂ ਨੇ ਮੁਰਗੀ ਪਾਲਣ, ਡੇਅਰੀ ਫਾਰਮਿੰਗ ਅਤੇ ਕੇਲਿਆਂ ਦੀ ਖੇਤੀ ਨੂੰ ਅਪਣਾਇਆ ਤੇ ਅੱਜ ਇਕ ਅਗਾਂਹਵਧੂ ਕਿਸਾਨ ਹਨ...

# ਕੇਲਿਆਂ ਦੀ ਖੇਤੀ ਕਰਨ ਵਾਲਾ ਸਫਲ ਕਿਸਾਨ ਕਰਮ ਸਿੰਘ



• ਗੁਰਦੀਪ ਭੱਲੜੀ

ਭਾਰਤੀ ਫ਼ੌਜ ਵਿਚ 17 ਸਾਲ ਤੋਂ ਜ਼ਿਆਦਾ ਸੇਵਾ ਕਰਨ ਉਪਰੰਤ 1983 ਵਿਚ ਸੇਵਾ ਮੁਕਤ ਹੋਏ ਰੂਪਨਗਰ ਜ਼ਿਲ੍ਹੇ ਦੇ ਅਜੋਲੀ ਪਿੰਡ ਦੇ ਵਸਨੀਕ ਹੌਲਦਾਰ ਕਰਮ ਸਿੰਘ ਨੇ ਪਿਛਲੇ 35 ਸਾਲ ਤੋਂ ਖੇਤੀ ਵਿਭਿੰਨਤਾ ਤੇ ਸਹਾਇਕ ਧੰਦਿਆਂ ਨੂੰ ਅਪਣਾ ਕੇ ਇਲਾਕੇ ਦੇ ਕਿਸਾਨਾਂ ਲਈ ਨਵੀਂ ਮਿਸਾਲ ਕਾਇਮ ਕੀਤੀ ਹੈ।

ਕਰਮ ਸਿੰਘ ਨੇ ਆਪਣੇ ਪੁੱਤਰ ਸੁੱਚਾ ਸਿੰਘ ਨੂੰ ਵੀ ਪੰਜ ਏਕੜ ਦੀ ਖੇਤੀਬਾੜੀ 'ਚ ਆਪਣੇ ਨਾਲ ਰੱਖਿਆ ਹੈ। ਕਰਮ ਸਿੰਘ ਨੇ ਜ਼ਿਲ੍ਹੇ ਵਿਚ ਪਹਿਲੀ ਵਾਰ ਕੇਲਿਆਂ ਦੀ ਖੇਤੀ ਦਾ ਉਪਰਾਲਾ ਕੀਤਾ ਹੈ। ਇਸ ਤੋਂ ਇਲਾਵਾ ਉਹ ਮੁਰਗੀ ਫਾਰਮ, ਦੁੱਧ ਦਾ ਕਾਰੋਬਾਰ ਅਤੇ ਬਰਫ਼ ਦਾ ਕਾਰਖ਼ਾਨਾ ਵੀ ਚਲਾ ਰਹੇ ਹਨ।

## ਕੇਲਿਆਂ ਦੀ ਖੇਤੀ

ਕਰਮ ਸਿੰਘ ਨੇ ਦੱਸਿਆ ਕਿ ਬਿਹਾਰ ਦੇ ਪੂਰਨੀਆਂ ਜ਼ਿਲ੍ਹੇ ਤੋਂ ਉਨ੍ਹਾਂ ਕੋਲ ਰਹਿਣ ਵਾਲੇ ਖੇਤ ਮਜ਼ਦੂਰ ਫਾਗੂ ਮੁਖੀਆਂ ਨੇ ਉਨ੍ਹਾਂ ਨੂੰ ਕੇਲਿਆ ਦੀ ਖੇਤੀ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ ਇਕ ਏਕੜ ਵਿਚ 1200 ਬੂਟੇ ਲਗਾਏ, ਜੋ ਉਨ੍ਹਾਂ ਨੇ ਬਿਹਾਰ ਤੋਂ ਖ਼ਰੀਦ ਦੇ ਲਿਆਂਦੇ ਗਏ। ਇਸ ਕੰਮ ਉੱਪਰ ਟਰਾਂਸਪੋਰਟੇਸ਼ਨ ਸਮੇਤ ਕਰੀਬ 50 ਹਜ਼ਾਰ ਰੁਪਏ ਖ਼ਰਚ ਆਇਆ। ਉਨ੍ਹਾਂ ਦੱਸਿਆ ਕਿ ਸਾਲ ਵਿਚ ਕੇਲਿਆਂ ਦੀ ਇਕ ਫ਼ਸਲ ਦੀ ਪੈਦਾਵਾਰ ਹੁੰਦੀ ਹੈ ਤੇ ਲਗਭਗ 240 ਕੇਲੇ ਇਕ ਬੂਟੇ 'ਤੇ ਲਗਦੇ ਹਨ। ਹਰ ਸਾਲ ਕੇਲਿਆਂ ਦੀ ਪਨੀਰੀ ਇਨ੍ਹਾਂ ਬੂਟਿਆਂ ਤੋਂ ਹੀ ਤਿਆਰ ਹੋ ਜਾਂਦੀ ਹੈ। ਬੂਟਿਆਂ ਦਾ ਰੱਖ-ਰਖਾਉ ਬਹੁਤ ਧਿਆਨ ਨਾਲ ਕਰਨਾ ਪੈਂਦਾ ਹੈ, ਪ੍ਰੰਤੂ ਇਸ ਤੋਂ ਪ੍ਰਾਪਤ ਹੋਣ ਵਾਲੀ ਆਮਦਨ ਨਾਲ ਮਿਹਨਤ ਦੀ ਸਾਰੀ ਥਕਾਵਟ ਦੂਰ ਹੋ ਜਾਂਦੀ ਹੈ। ਹੁਣ ਉਹ ਕੇਲਿਆਂ ਦੀ ਅਗਲੇ ਮਹੀਨੇ ਆਉਣ ਵਾਲੀ ਫ਼ਸਲ ਦੀ ਉਡੀਕ ਕਰ ਰਹੇ ਹਨ।

## ਫ਼ਸਲੀ ਵਿਭਿੰਨਤਾ ਦਾ ਮੁਦੱਈ

ਕਰਮ ਸਿੰਘ ਨੇ ਦਸਿਆ ਕਿ ਉਹ ਲੋੜ ਤੋਂ ਵੱਧ ਸਪਰੇਆਂ ਦੇ ਸ਼ੁਰੂ ਤੋਂ ਹੀ ਵਿਰੁੱਧ ਰਹੇ ਹਨ। ਉਨ੍ਹਾਂ ਨੇ ਖ਼ੁਰਾਕੀ ਲੋੜਾਂ ਦੀ ਪੂਰਤੀ ਲਈ ਫ਼ਸਲੀ ਵਿਭਿੰਨਤਾ ਨੂੰ ਅਪਣਾਏ ਜਾਣ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਪੰਜਾਬ ਦੀ ਕਿਰਸਾਨੀ 'ਚ ਆਏ ਸੁਧਾਰਾਂ ਨੇ ਛੋਟੇ ਕਿਸਾਨਾਂ ਦੀ ਆਰਥਿਕਤਾ ਨੂੰ ਹੁਲਾਰਾ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਸਹਾਇਕ ਧੰਦੇ ਦੇ ਤੌਰ 'ਤੇ ਉਨ੍ਹਾਂ ਨੇ ਦੁੱਧ ਦੇ ਕਾਰੋਬਾਰ ਨੂੰ ਵੀ ਅਪਣਾਇਆ ਹੈ। ਇਹ ਧੰਦਾ ਰੋਜ਼ਾਨਾ ਆਮਦਨ ਦਾ ਵਧੀਆ ਜ਼ਰੀਆ ਹੈ। ਉਨ੍ਹਾਂ ਕਿਹਾ ਕਿ ਸਫਲ ਕਿਰਸਾਨੀ ਲਈ ਹਰ ਕਿਸਾਨ ਨੂੰ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ, ਬਾਗ਼ਬਾਨੀ ਵਿਭਾਗ, ਪਸ਼ੂ ਪਾਲਣ ਵਿਭਾਗ, ਡੇਅਰੀ ਪਾਲਣ ਆਦਿ ਵਿਭਾਗਾਂ ਦੇ ਮਾਹਿਰਾਂ ਦੀ ਰਾਏ ਜ਼ਰੂਰੀ ਲੈਂਦੇ ਰਹਿਣਾ ਚਾਹੀਦਾ ਹੈ। •

94173-35325

### ਮੁਰਗੀ ਫਾਰਮ ਤੇ ਬਰਫ਼ ਦਾ ਕਾਰਖ਼ਾਨਾ

ਅਜੋਲੀ ਪਿੰਡ ਨੰਗਲ-ਸ੍ਰੀ ਅਨੰਦਪੁਰ ਸਾਹਿਬ-ਚੰਡੀਗੜ੍ਹ ਮੁੱਖ ਮਾਰਗ 'ਤੇ ਸਥਿਤ ਹੈ। ਪਿੰਡ ਵਿਚ ਕਰਮ ਸਿੰਘ ਕੋਲ ਪੰਜ ਏਕੜ ਜ਼ਮੀਨ ਹੈ, ਜਿਥੇ ਉਹ ਆਪਣੀ ਖੇਤੀਬਾੜੀ ਸਫਲਤਾਪੂਰਵਕ ਕਰ ਰਹੇ ਹਨ। ਉਨ੍ਹਾਂ ਦੇ ਮੁਰਗੀ ਫਾਰਮ ਦੀ ਸਮਰਥਾ 7500 ਮੁਰਗੀਆਂ ਹੈ। ਇਸ ਤੋਂ ਇਲਾਵਾ ਉਨ੍ਹਾਂ ਨੇ ਕੰਟਰੈਕਟ ਫਾਰਮਿੰਗ ਨੂੰ ਵੀ ਅਪਣਾਇਆ ਹੈ। ਉਹ ਆਪਣੇ ਪੋਲਟਰੀ ਫਾਰਮ ਵਿਚ ਇਕ ਕੰਪਨੀ ਤੋਂ ਚੂਜੇ ਲਿਆ ਕੇ ਉਨ੍ਹਾਂ ਨੂੰ ਪਾਲਦੇ ਹਨ ਅਤੇ 35 ਦਿਨਾਂ ਵਿਚ ਜਦ ਇਹ ਚੂਜੇ ਡੇਢ ਤੋਂ 2 ਕਿੱਲੋ ਦੇ ਮੁਰਗੇ ਦਾ ਰੂਪ ਲੈ ਲੈਂਦੇ ਹਨ ਤਾਂ ਇਨ੍ਹਾਂ ਨੂੰ ਵੇਚ ਦਿੱਤਾ ਜਾਂਦਾ ਹੈ। ਮੁਰਗੀ ਫਾਰਮ 'ਚ ਚੂਜਿਆਂ ਦੀ ਸਮੁੱਚੀ ਦੇਖ-ਰੇਖ ਖ਼ੁਰਾਕ ਤੇ ਰੱਖ-ਰਖਾਉ ਦਾ ਜ਼ਿੰਮਾ ਸੁੱਚਾ ਸਿੰਘ ਦਾ ਹੈ। ਕਰਮ ਸਿੰਘ ਨੇ ਦੱਸਿਆ ਕਿ ਉਹ ਆਪਣੇ ਕਾਰਖ਼ਾਨੇ ਦੀ ਰੋਜ਼ਾਨਾ ਬਰਫ਼ ਦੀਆਂ 150 ਸਿਲੀਆਂ ਤਿਆਰ ਕਰਨ ਦੀ ਸਮਰਥਾ ਹੈ ਅਤੇ ਇਹ ਧੰਦਾ ਵੀ ਉਨ੍ਹਾਂ ਨੂੰ ਸਾਰਾ ਸਾਲ ਚੰਗਾ ਮੁਨਾਫ਼ਾ ਦਿੰਦਾ ਹੈ।



ਬਰੌਕਲੀ ਵਿਚ ਵਿਟਾਮਿਨ, ਲੋਹਾ, ਕੈਲਸ਼ੀਅਮ, ਪ੍ਰੋਟੀਨ, ਵਿਟਾਮਿਨ ਤੇ ਹੋਰ ਤੱਤ ਭਰਪੂਰ ਮਾਤਰਾ 'ਚ ਹੁੰਦੇ ਹਨ। ਜਾਮਨੀ ਰੰਗ ਦੀ ਬਰੌਕਲੀ ਵਿਚ ਕੈਂਸਰ ਨੂੰ ਘੱਟ ਕਰਨ ਵਾਲੇ ਤੱਤ ਹੁੰਦੇ ਹਨ। ਇਹ ਕੋਲੈਸਟਰੋਲ ਨੂੰ ਘਟਾਉਣ, ਅੱਖਾਂ ਦੀ ਰੋਸ਼ਨੀ ਵਧਾਉਣ, ਚਮੜੀ ਦੀਆਂ ਬਿਮਾਰੀਆਂ ਰੋਕਣ 'ਚ ਬੇਹੱਦ ਅਸਰਦਾਰ ਹੈ...

# ਬਰੌਕਲੀ ਦੀ ਫ਼ਸਲ ਦੀ ਸੁਚੱਜੀ ਕਾਸ਼ਤ





• ਡਾ. ਬਲਵਿੰਦਰ ਸਿੰਘ ਢਿੱਲੋਂ

94654-20097

ਬਰੌਕਲੀ ਇਕ ਉੱਤਮ ਹਰੀ ਸਬਜ਼ੀ ਹੈ ਅਤੇ ਇਸ ਨੂੰ ਸਲਾਦ ਦੇ ਤੌਰ 'ਤੇ ਵੀ ਵਰਤਿਆ ਜਾਂਦਾ ਹੈ। ਇਸ ਵਿਚ ਵਿਟਾਮਿਨ, ਲੋਹਾ ਅਤੇ ਕੈਲਸ਼ੀਅਮ ਭਰਪੂਰ ਮਾਤਰਾ 'ਚ ਹੁੰਦੇ ਹਨ। ਇਸ ਵਿਚ 3.3 ਫ਼ੀਸਦੀ ਪ੍ਰੋਟੀਨ, ਵਿਟਾਮਿਨ-ਏ, ਵਿਟਾਮਿਨ-ਸੀ, ਥਾਇਆਮੀਨ, ਨਾਇਸੀਨ ਤੇ ਰਿਬੋਫਲਾਵਿਨ ਆਦਿ ਤੱਤ ਵੀ ਹੁੰਦੇ ਹਨ। ਜਾਮਨੀ ਰੰਗ ਦੀ ਬਰੌਕਲੀ ਵਿਚ ਗਲੂਕੋਸੀਨੋਲੇਟ 72-212 ਮਿਲੀਗ੍ਰਾਮ ਪ੍ਰਤੀ 100 ਗ੍ਰਾਮ ਪਾਇਆ ਜਾਂਦਾ ਹੈ। ਇਸ ਵਿਚ ਕੈਂਸਰ ਨੂੰ ਘੱਟ ਕਰਨ ਵਾਲੇ ਤੱਤ ਵੀ ਹੁੰਦੇ ਹਨ। ਇਹ ਸਬਜ਼ੀ ਕੋਲੈਸਟਰੋਲ ਘਟਾਉਣ, ਅੱਖਾਂ ਦੀ ਰੋਸ਼ਨੀ ਵਧਾਉਣ, ਚਮੜੀ ਦੀ ਸੁਰੱਖਿਆ, ਕਬਜ਼ ਰੋਕਣ ਤੇ ਐਲਰਜੀ ਘਟਾਉਣ 'ਚ ਵੀ ਮਦਦ ਕਰਦੀ ਹੈ। ਠੰਢਾ ਅਤੇ ਸਿੱਲ੍ਹਾ ਮੌਸਮ ਇਸ ਦੀ ਕਾਸ਼ਤ ਲਈ ਬਹੁਤ ਵਧੀਆ ਹੈ। ਇਹ ਫ਼ਸਲ ਜ਼ਿਆਦਾ ਤਾਪਮਾਨ ਨਹੀਂ ਸਹਿ ਸਕਦੀ। ਇਸ ਦੀ ਪੈਦਾਵਾਰ ਲਈ 17-23 ਡਿਗਰੀ ਸੈਂਟੀਗ੍ਰੇਡ ਤਾਪਮਾਨ ਉੱਤਮ ਹੈ। ਇਸ ਦੀ ਕਾਸ਼ਤ ਕਈ ਤਰ੍ਹਾਂ ਦੀ ਜ਼ਮੀਨ, ਜਿਸ ਵਿਚ ਜੈਵਿਕ ਮਾਦਾ ਭਰਪੂਰ ਮਾਤਰਾ 'ਚ ਹੋਵੇ, ਉਸ ਵਿਚ ਸਫਲਤਾ ਪੂਰਵਕ ਕੀਤੀ ਜਾ ਸਕਦੀ ਹੈ।

## ਉੱਨਤ ਕਿਸਮਾਂ

**ਪਾਲਮ ਸਮਰਿਧੀ** : ਇਸ ਦੇ ਪੱਤੇ ਚੌੜੇ ਤੇ ਗੂੜ੍ਹੇ ਹਰੇ ਰੰਗ ਦੇ ਹੁੰਦੇ ਹਨ। ਮੁੱਖ ਅਤੇ ਛੋਟੇ ਗੁੱਟਾਂ ਦਾ ਰੰਗ ਗੂੜ੍ਹਾ ਹਰਾ ਹੁੰਦਾ ਹੈ। ਗੁੱਟ ਗੁੰਦਵੇਂ, ਗੋਲ ਤੇ ਨਰਮ ਹੁੰਦੇ ਹਨ। ਪਨੀਰੀ ਪੁੱਟ ਕੇ ਖੇਤ 'ਚ ਲਗਾਉਣ ਤੋਂ ਕਰੀਬ 72 ਦਿਨਾਂ ਬਾਅਦ ਮੁੱਖ ਗੁੱਟ ਕਟਾਈ ਲਈ ਤਿਆਰ ਹੋਣ ਲੱਗਦੇ ਹਨ। ਇਹ ਕਿਸਮ ਸਬਜ਼ੀ ਤੇ ਸਲਾਦ ਵਾਸਤੇ ਢੁਕਵੀਂ ਹੈ।

**ਪੰਜਾਬ ਬਰੌਕਲੀ-1** : ਇਸ ਦੇ ਪੱਤੇ ਛੋਟੇ, ਲਹਿਰਦਾਰ ਤੇ ਗੂੜ੍ਹੇ ਹਰੇ ਰੰਗ ਦੇ ਹੁੰਦੇ ਹਨ। ਗੁੱਟ ਗੁੰਦਵੇਂ ਤੇ ਨਰਮ ਹੁੰਦੇ ਹਨ। ਪਨੀਰੀ ਖੇਤ 'ਚ ਲਗਾਉਣ ਤੋਂ ਕਰੀਬ 65 ਦਿਨਾਂ ਬਾਅਦ ਮੁੱਖ ਗੁੱਟ ਕਟਾਈ ਲਈ ਤਿਆਰ ਹੋ ਜਾਂਦੇ ਹਨ। ਇਹ ਕਿਸਮ ਵੀ ਸਬਜ਼ੀ ਤੇ ਵਾਸਤੇ ਢੁਕਵੀਂ ਹੈ।

## ਬੀਜ ਦੀ ਮਾਤਰਾ

ਪਨੀਰੀ ਬੀਜਣ ਦਾ ਸਮਾਂ ਅਗਸਤ-ਸਤੰਬਰ ਹੈ। ਜਦੋਂ ਪਨੀਰੀ ਇਕ ਮਹੀਨੇ ਦੀ ਹੋ ਜਾਵੇ ਤਾਂ ਇਸ ਨੂੰ ਪੁੱਟ ਕੇ ਖੇਤ 'ਚ ਲਾ ਦਿਓ। ਇਕ ਏਕੜ ਵਾਸਤੇ 250 ਗ੍ਰਾਮ ਬੀਜ ਕਾਫ਼ੀ ਹੈ। ਫ਼ਸਲ ਵੇਲੇ ਸਿਰ ਲਗਾਣ ਨਾਲ ਇਹ ਨਿਸਾਰ ਤੋਂ ਬਚੀ ਰਹਿੰਦੀ ਹੈ। ਪਨੀਰੀ ਨੂੰ ਸ਼ਾਮ ਵੇਲੇ ਠੀਕ ਵੱਤਰ ਵਿਚ ਪੁੱਟ ਕੇ ਖੇਤ 'ਚ ਲਾਉ ਤੇ ਫਿਰ ਪਾਣੀ ਦੇ ਦਿਉ। ਕਤਾਰਾਂ ਤੇ ਬੂਟਿਆਂ ਵਿਚਕਾਰ ਫ਼ਾਸਲਾ 45 ਸੈਂ.ਮੀ. ਰੱਖੋ।

## ਨਦੀਨਾਂ ਦੀ ਰੋਕਥਾਮ

ਬਰੌਕਲੀ ਦੀ ਫ਼ਸਲ 'ਚ ਨਦੀਨਾਂ ਦੀ ਰੋਕਥਾਮ ਲਈ 750 ਮਿਲੀਲਿਟਰ ਬਾਸਾਲਿਨ 45 ਈਸੀ (ਫਲੂਕਲੋਰਾਲਿਨ) ਪ੍ਰਤੀ ਏਕੜ ਬੂਟੇ ਲਗਾਉਣ ਤੋਂ ਪਹਿਲਾਂ ਜ਼ਮੀਨ 'ਚ ਮਿਲਾਉ। ਜ਼ਮੀਨ ਦੀ ਤਿਆਰੀ ਪਿੱਛੋਂ ਖੇਤ ਵਿਚ ਬੂਟੇ ਲਗਾਉਣ ਤੋਂ ਘੱਟੋ-ਘੱਟ 4 ਦਿਨ ਪਹਿਲਾਂ ਨਦੀਨ ਨਾਸ਼ਕ ਨੂੰ ਸਿੰਚਾਈ ਰਾਹੀਂ ਖੇਤ 'ਚ ਮਿਲਾਉ। ਹਲਕੀ ਵਾਹੀ ਨਾਲ ਨਦੀਨ ਨਾਸ਼ਕ ਨੂੰ ਖੇਤ ਦੀ ਉਪਰਲੀ ਤਹਿ 'ਚ ਮਿਲਾਇਆ ਜਾ ਸਕਦਾ ਹੈ। ਚਾਲੀ ਦਿਨਾਂ ਬਾਅਦ ਇਕ ਗੋਡੀ ਵੀ ਕਰੋ। ਸਟੌਂਪ 30 ਈਸੀ (ਪੈਂਡੀਮੈਥਾਲਿਨ) ਇਕ ਲੀਟਰ ਪ੍ਰਤੀ ਏਕੜ ਜਾਂ ਸਟੌਂਪ 30 ਈਸੀ 750 ਮਿਲੀਲਿਟਰ ਦਵਾਈ ਨੂੰ 200 ਲੀਟਰ ਪਾਣੀ 'ਚ ਘੋਲ ਕੇ ਇਕਸਾਰ ਸਪਰੇਅ ਕਰੋ ਅਤੇ ਬੂਟੇ ਲਗਾਉਣ ਤੋਂ 35 ਦਿਨਾਂ ਬਾਅਦ ਇਕ ਗੋਡੀ ਕਰੋ। ਸਟੌਂਪ ਦੀ ਵਰਤੋਂ ਚੰਗੀ ਸਿੱਲ੍ਹ ਵਾਲੇ ਖੇਤ 'ਚ ਬੂਟੇ ਲਗਾਉਣ ਤੋਂ ਇਕ ਦਿਨ ਪਹਿਲਾਂ ਕਰਨੀ ਚਾਹੀਦੀ ਹੈ।

## ਖਾਦ ਪ੍ਰਬੰਧ

ਇਸ ਫ਼ਸਲ ਵਿਚ 40 ਟਨ ਗਲੀ ਸੜੀ ਰੂੜੀ, 50 ਕਿੱਲੋ ਨਾਈਟ੍ਰੋਜਨ (110 ਕਿੱਲੋ ਯੂਰੀਆ), 25 ਕਿੱਲੋ ਫਾਸਫੋਰਸ (155 ਕਿੱਲੋ ਸੁਪਰਫਾਸਫੇਟ) ਤੇ 25 ਕਿੱਲੋ ਪੋਟਾਸ਼ (40 ਕਿੱਲੋ ਮਿਊਰੇਟ ਆਫ ਪੋਟਾਸ਼) ਪ੍ਰਤੀ ਏਕੜ ਪਾਉਣੀ ਜ਼ਰੂਰੀ ਹੈ। ਸਾਰੀ ਰੂੜੀ, ਫਾਸਫੋਰਸ ਤੇ ਪੋਟਾਸ਼ ਅਤੇ ਅੱਧੀ ਨਾਈਟ੍ਰੋਜਨ ਪਨੀਰੀ ਲਗਾਉਣ ਤੋਂ ਪਹਿਲਾਂ ਤੇ ਅੱਧੀ ਨਾਟੀਟ੍ਰੋਜਨ ਇਕ ਮਹੀਨੇ ਬਾਅਦ ਪਾਉ।

## ਸਿੰਚਾਈ

ਪਹਿਲਾ ਪਾਣੀ ਪਨੀਰੀ ਲਗਾਉਣ ਤੋਂ ਤੁਰੰਤ ਬਾਅਦ ਲਗਾਉ। ਬਾਅਦ ਵਾਲੀਆਂ ਸਿੰਚਾਈਆਂ ਗਰਮੀਆਂ 'ਚ 7-8 ਦਿਨ ਅਤੇ ਸਰਦੀਆਂ 'ਚ 10-15 ਦਿਨ ਦੇ ਵਕਫ਼ੇ 'ਤੇ ਜ਼ਮੀਨ ਦੀ ਕਿਸਮ ਅਨੁਸਾਰ ਕਰੋ। ਕੁੱਲ 8-12 ਪਾਣੀਆਂ ਦੀ ਲੋੜ ਹੈ।

## ਕਟਾਈ ਤੇ ਮੰਡੀਕਰਨ

ਜਿਉਂ ਹੀ ਗੁੱਟ ਮੰਡੀਕਰਨ ਲਈ ਸਹੀ ਆਕਾਰ ਦੇ ਹੋਣ, ਇਨ੍ਹਾਂ ਨੂੰ ਕੱਟ ਲਵੋ। ਇਨ੍ਹਾਂ ਦਾ ਛੇਤੀ ਹੀ ਮੰਡੀਕਰਨ ਕਰ ਦਿਉ ਕਿਉਂਕਿ ਇਹ ਜ਼ਿਆਦਾ ਦੇਰ ਨਹੀਂ ਰੱਖੇ ਜਾ ਸਕਦੇ। ਵਿਚਕਾਰਲਾ ਗੁੱਟ ਕੱਟਣ ਤੋਂ 10-12 ਦਿਨ ਬਾਅਦ ਛੋਟੇ ਗੁੱਟਾਂ ਦੀ ਕਟਾਈ ਸ਼ੁਰੂ ਕਰੋ। •

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਪੌਲੀ ਨੈੱਟ ਹਾਊਸ 'ਚ ਉਗਾਈ ਜਾਣ ਵਾਲੀ ਬੀਜ ਰਹਿਤ ਖੀਰੇ ਦੀ ਨਵੀਂ ਕਿਸਮ ਜਾਰੀ ਕੀਤੀ ਗਈ ਹੈ। ਇਹ ਪੰਜਾਬ ਦੀ ਪਹਿਲੀ ਬੀਜ ਰਹਿਤ ਕਿਸਮ ਹੈ। ਇਹ ਕਿਸਮ ਬਿਜਾਈ ਤੋਂ 45 ਦਿਨ ਬਾਅਦ ਤੁੜਾਈਯੋਗ ਹੋ ਜਾਂਦੀ ਹੈ। ਝਾੜ ਕਰੀਬ 300 ਕੁਇੰਟਲ ਪ੍ਰਤੀ ਏਕੜ ਹੈ...

# ਖੀਰੇ ਦੀ ਨਵੀਂ ਕਿਸਮ ਪੰਜਾਬ ਖੀਰਾ-1



• ਆਰਕੇ ਢੱਲ, ਦਿਲਬਾਗ ਸਿੰਘ

94176-25278

ਪੌਲੀ ਨੈੱਟ ਹਾਊਸ 'ਚ ਖੀਰੇ ਦੀ ਕਾਸਤ ਬਹੁਤ ਲਾਹੇਵੰਦ ਹੈ। ਪੌਲੀ ਹਾਊਸ ਵਿਚ ਖੀਰੇ ਦੀਆਂ ਸਾਲ 'ਚ ਦੋ ਫ਼ਸਲਾਂ ਲਈਆਂ ਜਾ ਸਕਦੀਆਂ ਹਨ। ਬੀਜ ਰਹਿਤ ਖੀਰਾ ਪੌਲੀ ਹਾਊਸ 'ਚ ਵਧੇਰੇ ਝਾੜ ਦਿੰਦਾ ਹੈ ਕਿਉਂਕਿ ਫਲ ਬਣਨ ਲਈ ਬੀਜ ਰਹਿਤ ਕਿਸਮਾਂ ਨੂੰ ਪਰਪਰਾਗਣ ਦੀ ਲੋੜ ਨਹੀ ਪੈਂਦੀ। ਹਾਲ ਹੀ 'ਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨੇ ਪੌਲੀ ਨੈੱਟ ਹਾਊਸ 'ਚ ਕਾਸ਼ਤ ਕਰਨ ਲਈ ਬੀਜ ਰਹਿਤ ਖੀਰੇ ਦੀ 'ਪੰਜਾਬ ਖੀਰਾ-1' ਨਾਂ ਦੀ ਕਿਸਮ ਜਾਰੀ ਕੀਤੀ ਹੈ। ਇਸ ਦੇ ਫਲ ਬੀਜ ਅਤੇ ਕੁੜਤਣ ਰਹਿਤ, ਗੂੜ੍ਹੇ ਹਰੇ ਤੇ ਦਰਮਿਆਨੇ ਅਕਾਰ (13-16 ਸੈਂਟੀਮੀਟਰ) ਦੇ ਹੁੰਦੇ ਹਨ। ਇਹ ਪੰਜਾਬ 'ਚ ਖੀਰੇ ਦੀ ਪਹਿਲੀ ਬੀਜ ਰਹਿਤ ਕਿਸਮ ਹੈ। ਇਹ ਕਿਸਮ ਬਿਜਾਈ ਤੋਂ 45 ਦਿਨ ਬਾਅਦ ਤੁੜਾਈਯੋਗ ਹੋ ਜਾਂਦੀ ਹੈ। ਝਾੜ ਕਰੀਬ 300 ਕੁਇੰਟਲ ਪ੍ਰਤੀ ਏਕੜ ਹੈ।

## ਮੌਸਮ ਤੇ ਜ਼ਮੀਨ

ਖੀਰੇ ਦੇ ਬੀਜ ਦੇ ਜੰਮ ਲਈ ਢੁੱਕਵਾਂ ਤਾਪਮਾਨ 25-29 ਡਿਗਰੀ ਸੈਂਟੀਗ੍ਰੇਡ ਹੋਣਾ ਚਾਹੀਦਾ ਹੈ। ਫ਼ਸਲ ਦੇ ਵਾਧੇ ਲਈ ਦਿਨ ਦਾ ਤਾਪਮਾਨ 22-24 ਡਿਗਰੀ ਤੇ ਰਾਤ ਦਾ ਤਾਪਮਾਨ 19-20 ਡਿਗਰੀ ਸੈਂਟੀਗ੍ਰੇਡ ਬੇਹੱਦ ਅਨੁਕੂਲ ਹੈ। ਖੀਰੇ ਦੀ ਫ਼ਸਲ ਮੌਸਮ ਦੇ ਲਿਹਾਜ਼ ਨਾਲ ਬਹੁਤ ਨਾਜ਼ੁਕ ਹੁੰਦੀ ਹੈ ਤੇ ਜ਼ਿਆਦਾ ਠੰਢ ਜਾਂ ਕੋਰੇ ਨੂੰ ਬਰਦਾਸਤ ਨਹੀ ਕਰ ਸਕਦੀ। ਜ਼ਿਆਦਾ ਸਿੱਲ੍ਹੇ ਮੌਸਮ ਵਿਚ ਗਿਚੀ ਗਲਣ ਦਾ ਰੋਗ ਹੋ ਜਾਂਦਾ ਹੈ। ਖੀਰੇ ਦੀ ਫ਼ਸਲ ਲਈ ਜ਼ਮੀਨ ਮੈਰਾ ਤੇ ਚੰਗੀ ਜਲ ਨਿਕਾਸੀ ਵਾਲੀ ਹੋਣੀ ਚਾਹੀਦੀ ਹੈ।

## ਬੀਜ ਦੀ ਮਾਤਰਾ

ਪੌਲੀ ਨੈੱਟ ਹਾਊਸ 'ਚ ਖੀਰੇ ਦੀ ਫ਼ਸਲ ਸਾਲ 'ਚ ਦੋ ਵਾਰ ਲਗਾਈ ਜਾ ਸਕਦੀ ਹੈ। ਪਹਿਲੀ ਫ਼ਸਲ ਅਗਸਤ ਦੇ ਆਖ਼ਰੀ ਹਫ਼ਤੇ ਤੋਂ ਸਤੰਬਰ ਦੇ ਪਹਿਲੇ ਹਫ਼ਤੇ ਵਿਚ ਬੀਜੀ ਜਾਂਦੀ ਹੈ ਪਰ ਬੀਜਣ ਸਮੇਂ ਤਾਪਮਾਨ ਤੇ ਨਮੀ ਦਾ ਧਿਆਨ ਰੱਖਣਾ ਜ਼ਰੂਰੀ ਹੈ ਕਿਉਂਕਿ ਇਸ ਮੌਸਮ ਵਿਚ ਗਿੱਚੀ ਗਲਣ ਰੋਗ ਤੇ ਚਿੱਟੀ ਮੱਖੀ ਦਾ ਹਮਲਾ ਜ਼ਿਆਦਾ ਹੁੰਦਾ ਹੈ। ਦੂਜੀ ਫ਼ਸਲ ਦਸੰਬਰ ਦੇ ਆਖ਼ਰੀ ਹਫ਼ਤੇ ਤੋਂ ਜਨਵਰੀ ਦੇ ਪਹਿਲੇ ਹਫ਼ਤੇ ਦਰਮਿਆਨ ਪਲਾਸਟਿਕ ਦੀਆਂ ਟਰੇਆਂ 'ਚ ਬੀਜੋ ਤੇ ਕਰੀਬ 30 ਦਿਨਾਂ ਬਾਅਦ ਪੌਲੀ ਨੈੱਟ ਹਾਊਸ ਵਿਚ ਲਾਓ। ਬਿਜਾਈ ਤੋ ਪਹਿਲਾਂ ਕੈਪਟਾਨ/ਥੀਰਮ/ਬਾਵਿਸਟਨ 2-3 ਗ੍ਰਾਮ ਪ੍ਰਤੀ ਕਿੱਲੋ ਬੀਜ ਦੇ ਹਿਸਾਬ ਨਾਲ ਸੋਧ ਲਵੋ। ਸਤੰਬਰ 'ਚ ਬੀਜੀ ਹੋਈ ਪਨੀਰੀ 12-15 ਦਿਨਾਂ ਬਾਅਦ ਪੌਲੀ ਹਾਊਸ 'ਚ ਲਗਾਉਣ ਲਈ ਤਿਆਰ ਹੋ ਜਾਂਦੀ ਹੈ। ਇਸ ਮੌਸਮ 'ਚ ਪਨੀਰੀ ਨੂੰ ਚਿੱਟੀ ਮੱਖੀ ਦੇ ਹਮਲੇ ਤੋਂ ਬਚਾਉਣ ਵਾਸਤੇ ਪਲਾਸਟਿਕ ਨੈੱਟ ਨਾਲ ਢਕ ਦਿਓ। ਇਸ ਨਾਲ ਫ਼ਸਲ ਉੱਤੇ ਵਿਸ਼ਾਣੂਆਂ ਦੇ ਹਮਲੇ ਤੋਂ ਬਚਾਅ ਰਹਿੰਦਾ ਹੈ। ਇਕ ਏਕੜ ਦੇ ਪੌਲੀ ਨੈੱਟ ਹਾਊਸ 'ਚ 12 ਤੋਂ 13 ਹਜ਼ਾਰ ਬੂਟਿਆਂ ਦੀ ਲੋੜ ਹੈ। ਪਨੀਰੀ ਨੂੰ ਪੌਲੀ ਹਾਊਸ 'ਚ ਲਗਾਉਣ ਤੋ ਪਹਿਲਾਂ ਇਸ ਦੀਆਂ ਟਰੇਆਂ ਤੇ ਬਾਵਿਸਟਨ 2 ਗ੍ਰਾਮ ਪ੍ਰਤੀ ਲੀਟਰ ਪਾਣੀ ਨਾਲ ਛਿੜਕਾਅ ਕਰੋ ਅਤੇ ਜੇ ਪਨੀਰੀ 'ਤੇ ਚਿੱਟੀ ਮੱਖੀ ਹੋਵੇ ਤਾਂ ਕੋਨਫੀਡੋਰ ਦਾ ਛਿੜਕਾਅ ਵੀ ਕੀਤਾ ਜਾ ਸਕਦਾ ਹੈ, ਜਿਸ ਦੀ ਮਾਤਰਾ 0.4 ਮਿਲੀਲਿਟਰ ਪ੍ਰਤੀ ਲੀਟਰ ਪਾਣੀ ਹੁੰਦੀ ਹੈ।

### ਪਟੜੇ ਬਣਾਉਣਾ ਤੇ ਪਾਈਪ ਵਿਛਾਉਣੇ

ਪੌਲੀ ਹਾਊਸ 'ਚ ਪਟੜੇ (ਬੈੱਡ) ਤਿਆਰ ਕਰਦੇ ਸਮੇਂ ਹੇਠਲੇ ਪਾਸਿਓਂ ਬੈੱਡ 100 ਸੈਂਟੀਮੀਟਰ ਚੌੜਾ ਬਣਾਓ ਤੇ ਬੈੱਡ ਤਿਆਰ ਹੋਣ ਤੋਂ ਬਾਅਦ ਉੱਪਰਲੇ ਪਾਸਿਓਂ 60-70 ਸੈਂਟੀਮੀਟਰ ਚੌੜਾ ਰੱਖੋ। ਬੂਟੇ ਪਟੜਿਆਂ ਦੇ ਦੋਵੇਂ ਪਾਸੇ ਕਤਾਰਾਂ 'ਚ ਲਗਾਓ। ਇਕ ਕਤਾਰ ਜੋੜੇ ਵਿਚ ਦੂਜੀ ਕਤਾਰ ਦੇ ਬੂਟਿਆਂ ਦੀ ਬਿਜਾਈ/ਲਵਾਈ ਤ੍ਰਿਕੋਣੇ ਆਧਾਰ ਵਿਚ ਕਰੋ, ਭਾਵ ਇਕ ਕਤਾਰ ਜੋੜੇ ਵਿਚ ਦੂਜੀ ਕਤਾਰ ਦੇ ਬੂਟਿਆਂ ਨੂੰ ਪਹਿਲੀ ਕਤਾਰ ਦੇ ਬੂਟਿਆਂ ਦੇ ਵਿਚਕਾਰ ਲਗਾਉਣਾ ਚਾਹੀਦਾ ਹੈ। ਇਸ ਨਾਲ ਬੂਟੇ ਨੂੰ ਧੁੱਪ ਤੇ ਹਵਾ ਬਰਾਬਰ ਮਿਲਦੀ ਹੈ ਤੇ ਫਲ ਵੀ ਜ਼ਿਆਦਾ ਲਗਦਾ ਹੈ।



## ਫ਼ਾਸਲਾ ਤੇ ਸਿੰਚਾਈ

ਕਤਾਰਾਂ ਵਿਚਲਾ ਫ਼ਾਸਲਾ 45-50 ਸੈਂਟੀਮੀਟਰ ਤੇ ਬੂਟਿਆਂ ਵਿਚਕਾਰ ਫ਼ਾਸਲਾ 30 ਸੈਂਟੀਮੀਟਰ ਰੱਖੋ। ਇਕ ਬੈੱਡ 'ਤੇ ਦੋ ਡਰਿਪ ਲਾਈਨਾਂ (ਪਾਈਪ) ਵਿਛਾਉ। ਪਾਈਪ ਦੇ ਡਰਿਪਰਾਂ ਵਿਚਕਾਰ ਫ਼ਾਸਲਾ ਇਕ ਫੁੱਟ ਤੇ ਡਰਿਪਰ ਦੀ ਪਾਣੀ ਨਿਕਾਸੀ ਸਮਰਥਾ 2 ਲੀਟਰ ਪ੍ਰਤੀ ਘੰਟਾ ਰੱਖੋ।

## ਵੇਲਾਂ ਦੀ ਕਾਂਟ-ਛਾਂਟ

ਖੀਰੇ ਦੇ ਬੂਟੇ ਨੂੰ ਪਲਾਸਟਿਕ ਦੀ ਤਾਰ ਜਾਂ ਸੇਬੇ ਦੀ ਮਦਦ ਨਾਲ ਉੱਪਰ ਵੱਲ ਨੂੰ ਚਾੜ੍ਹੋ। ਜਦ ਬੂਟੇ ਦਾ ਵਾਧਾ ਕਰੀਬ 2-3 ਫੁੱਟ ਹੋ ਜਾਵੇ ਤਾਂ ਬੂਟੇ ਦੇ ਹੇਠਲੇ ਪਾਸਿਉਂ ਲਗਪਗ ਇਕ ਫੁੱਟ ਤਕ ਸਾਰੇ ਫੁੱਲ ਮਸਲ ਦਿਓ ਤਾਂ ਜੋ ਬੂਟੇ ਦਾ ਵਾਧਾ ਉੱਪਰ ਵੱਲ ਨੂੰ ਜ਼ਿਆਦਾ ਹੋ ਸਕੇ। ਜੇ ਬੂਟੇ ਦੀ ਇਕ ਗੰਢ 'ਤੇ ਜ਼ਿਆਦਾ ਫੁੱਲ ਹੋਣ ਅਤੇ ਮਾਦਾ ਫੁੱਲ ਸੁੱਕਣ ਲੱਗ ਜਾਣ ਤਾਂ ਲੋੜ ਮੁਤਾਬਕ ਕੁਝ ਮਾਦਾ ਫੁੱਲਾਂ ਨੂੰ ਮਸਲਿਆ ਜਾ ਸਕਦਾ ਹੈ। ਬੂਟੇ ਤੋਂ ਨਿਕਲਣ ਵਾਲੀਆਂ ਕਮਜ਼ੋਰ ਸ਼ਾਖਾਵਾਂ ਨੂੰ ਕੱਟ ਦਿਓ। ਇਸ ਨਾਲ ਵੇਲਾਂ ਨਰੋਈਆਂ ਤੇ ਫਲ ਭਰਪੂਰ ਰਹਿੰਦੀਆਂ ਹਨ।

## ਤੁੜਾਈ

ਫਲ ਜਦ ਕੱਚੇ ਤੇ ਗੂੜ੍ਹੇ ਹਰੇ ਰੰਗ ਦੇ ਹੋਣ ਤਾਂ ਤੋੜ ਲਵੋ। ਤੁੜਾਈਆਂ ਫਲਾਂ ਦੇ ਵਾਧੇ ਅਨੁਸਾਰ 3-4 ਦਿਨ ਦੇ ਵਕਫ਼ੇ 'ਤੇ ਕਰਦੇ ਰਹੋ। ਇਸ ਨਾਲ ਨਵੇਂ ਫਲ ਜਲਦੀ ਲਗਦੇ ਹਨ ਤੇ ਝਾੜ 'ਚ ਵਾਧਾ ਹੁੰਦਾ ਹੈ।

## ਬਿਮਾਰੀਆਂ ਤੇ ਕੀੜੇ-ਮਕੌੜੇ

ਪੌਲੀ ਹਾਊਸ 'ਚ ਖੀਰੇ 'ਤੇ ਪੀਲੇ ਧੱਬਿਆਂ ਦਾ ਰੋਗ, ਗਿੱਚੀ ਗਲਣਾ, ਝੁਲਸ ਰੋਗ, ਵਿਸ਼ਾਣੂ ਰੋਗ ਤੇ ਜੜ੍ਹ-ਗੰਢ ਨਿਮਾਟੋਡ ਬਿਮਾਰੀਆਂ ਲਗਦੀਆਂ ਹਨ। ਕੀੜੇ-ਮਕੌੜਿਆਂ ਵਿਚ ਚਿੱਟੀ ਮੱਖੀ, ਤੇਲਾ, ਥਰਿੱਪ ਤੇ ਲਾਲ ਮਕੌੜਾ ਜੂੰ ਖੀਰੇ ਦੀ ਫ਼ਸਲ 'ਤੇ ਹਮਲਾ ਕਰਦੀਆਂ ਹਨ। •

• ਡਾ ਨਰੇਸ਼ ਕੁਮਾਰ ਗੁਲਾਟੀ

97811-26255

ਪਰਾਲੀ ਨੂੰ ਸਾੜਨ ਨਾਲ ਜ਼ਮੀਨ 'ਚ ਮੌਜੂਦ ਤੱਤਾਂ ਦਾ ਭਾਰੀ ਨੁਕਸਾਨ ਹੁੰਦਾ ਹੈ। ਇਸ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਪ੍ਰਭਾਵਿਤ ਹੁੰਦੀ ਹੈ ਤੇ ਖਾਦਾਂ 'ਤੇ ਖ਼ਰਚਾ ਵੀ ਵਧਦਾ ਹੈ...

# ਬੇਸ਼ਕੀਮਤੀ ਸਰਮਾਇਆ ਪਰਾਲੀ



ਧਰਤੀ ਮਾਂ ਸਾਡੇ ਲਈ ਬੇਸ਼ੁਮਾਰ ਕੀਮਤੀ ਵਸਤਾਂ ਪੈਦਾ ਕਰਦੀ ਹੈ।ਦੁਨੀਆ ਦੀ ਹਰੇਕ ਸ਼ੈਅ ਸਿਧੇ ਜਾਂ ਅਸਿਧੇ ਰੂਪ ਵਿਚ ਧਰਤੀ ਦੀ ਹੀ ਦੇਣ ਹੈ।ਜ਼ਰਾ ਵਿਚਾਰ ਕਰੀਏ ਤਾਂ ਕਿੰਨਾ ਅਜੀਬ ਲਗਦਾ ਹੈ ਕਿ ਉਹ ਪੂਰੀ ਸ੍ਰਿਸ਼ਟੀ ਨੂੰ ਪਲਦੀ ਹੈ ਪਰ ਅਸੀਂ ਉਸ ਦੀਆਂ ਇਨ੍ਹਾਂ ਦਾਤਾਂ ਨੂੰ ਆਪਣੇ ਅਵੇਸਲੇਪਨ ਕਾਰਨ ਅੱਗ ਦੇ ਭਾਂਬੜਾਂ ਹਵਾਲੇ ਕਰ ਦਿੰਦੇ ਹਾਂ।

ਇਸ ਗੱਲ 'ਚ ਕੋਈ ਦੋ ਰਾਏ ਨਹੀਂ ਕਿ ਜ਼ਮੀਨ, ਮਿੱਟੀ, ਭੌਂ ਦਾ ਸਾਡੇ ਕੋਲ ਕੋਈ ਬਦਲ ਉਪਲਬਧ ਨਹੀ ਹੈ। ਕੁੱਲ ਮਿਲਾ ਕੇ ਧਰਤੀ ਨੂੰ ਅੱਗ ਦੇ ਹਵਾਲੇ ਕਰਨਾ ਸਾਡੇ ਲਈ ਅਪਣੇ ਪੈਰਾਂ 'ਤੇ ਆਪ ਕੁਹਾੜਾ ਮਾਰਨ ਵਾਲੀ ਗੱਲ ਹੈ।ਝੋਨੇ ਅਤੇ ਕਣਕ ਦੀ ਫ਼ਸਲ ਜ਼ਮੀਨ ਵਿੱਚੋ ਕਰੀਬ 300 ਕਿੱਲੋ ਨਾਈਟਰੋਜਨ, 30 ਕਿੱਲੋ ਫਾਸਫੋਰਸ, 300 ਕਿੱਲੋ ਪੋਟਾਸ਼, 350 ਗ੍ਰਾਮ ਜ਼ਿੰਕ, 3,000 ਗ੍ਰਾਮ ਲੋਹਾ, 55 ਗ੍ਰਾਮ ਮੈਂਗਨੀਜ ਤੇ ਹੋਰ ਸੂਖ਼ਮ ਤੱਤ ਸਾਲਾਨਾ ਦਰ ਨਾਲ ਖਿੱਚਦੇ ਹਨ।ਇਨ੍ਹਾਂ ਸਾਰੇ ਖ਼ੁਰਾਕੀ ਤੱਤਾਂ ਵਿੱਚੋ 59-84 ਫ਼ੀਸਦੀ ਫ਼ਸਲ ਦੇ ਮੁਢਲੇ ਵਾਧੇ ਸਮੇਂ ਧਰਤੀ ਵਿੱਚੋ ਪ੍ਰਾਪਤ ਕੀਤੇ ਜਾਂਦੇ ਹਨ।ਇਨ੍ਹਾਂ ਅੰਕੜਿਆਂ ਤੋ ਸਪਸ਼ਟ ਹੈ ਕਿ ਫ਼ਸਲ ਦੇ ਮੁਢਲੇ ਵਾਧੇ ਦੌਰਾਨ ਖਾਦਾਂ ਦੀ ਖਪਤ ਵਧੇਰੇ ਹੁੰਦੀ ਹੈ। ਮਾਹਿਰਾਂ ਅਨੁਸਾਰ ਝੋਨੇ ਦੇ ਪ੍ਰਤੀ ਟਨ ਪਰਾਲ ਵਿਚ 5.5 ਕਿੱਲੋ ਨਾਈਟਰੋਜਨ, 2.3 ਕਿੱਲੋ ਫਾਸਫੋਰਟਸ, 25 ਕਿੱਲੋ ਪੋਟਾਸ਼ 1.2 ਕਿੱਲ ਗੰਧਕ, 400 ਕਿੱਲੋ ਜੈਵਿਕ ਕਾਰਬਨ ਹੁੰਦੇ ਹਨ।ਝੋਨੇ ਦੀ ਫ਼ਸਲ ਰਾਹੀਂ ਧਰਤੀ ਵਿੱਚੋ ਪ੍ਰਾਪਤ ਕੀਤੇ ਖ਼ੁਰਾਕੀ ਤੱਤਾਂ ਵਿੱਚੋ 25 ਫ਼ੀਸਦੀ ਨਾਈਟਰੋਜਨ ਅਤੇ ਫਾਸਫੋਰਸ, 50 ਫ਼ੀਸਦੀ ਗੰਧਕ, 15 ਫ਼ੀਸਦੀ ਪੋਟਾਸ਼ ਦੀ ਮਾਤਰਾ ਪਰਾਲੀ ਵਿਚ ਹੀ ਰਹਿ ਜਾਂਦੇ ਹਨ।ਇਹ ਅੰਕੜੇ ਇਸ ਗੱਲ ਵੱਲ ਇਸ਼ਾਰਾ ਕਰਦੇ ਹਨ ਕਿ ਇਸ ਸਰਮਾਏ ਦੀ ਸੰਭਾਲ ਸਾਡੀ ਕਾਮਯਾਬ ਖੇਤੀ ਦੀ ਚਾਬੀ ਹੈ।

ਇਸ ਸਰਮਾਏ ਨੂੰ ਸਾੜਨ ਨਾਲ ਜਿੱਥੇ ਅਸੀਂ ਇਨ੍ਹਾਂ ਖ਼ੁਰਾਕੀ ਤੱਤਾਂ ਤੋਂ ਜ਼ਮੀਨ ਨੂੰ ਵਾਝਿਆਂ ਕਰ ਲੈਂਦੇ ਹਾਂ ਉੱਥੇ ਜ਼ਮੀਨ 'ਚ ਮੌਜੂਦ ਸੂਖ਼ਮ ਜੀਵ ਅਤੇ ਮਿੱਤਰ ਕੀੜੇ ਵੀ ਅੱਗ ਨਾਲ ਸੜ ਜਾਂਦੇ ਹਨ। ਇਸ ਤੋਂ ਇਲਾਵਾ ਪਰਾਲੀ ਅਤੇ ਨਾੜ ਨੂੰ ਸਾੜਨ ਨਾਲ ਵੱਡਮੁੱਲੇ ਵਾਤਾਵਰਨ ਵਿਚ ਹਾਨੀਕਾਰਕ ਤੇ ਜ਼ਹਿਰੀਆਂ ਗੈਸਾਂ, ਕਾਰਬਨ ਡਾਈਆਕਸਾਈਡ, ਕਾਰਬਨ ਮੋਨੋਆਕਸ਼ਾਈਡ, ਮੀਥੇਨ ਆਦਿ ਦੀ ਮਾਤਰਾ ਵੀ ਵਧ ਜਾਂਦੀ ਹੈ ਅਤੇ ਪਾਰਟੀਕੁਲੇਟ ਮੈਟਰ ਨਾਲ ਵਾਤਾਵਰਨ ਦਾ ਵੱਡੀ ਪੱਧਰ 'ਤੇ ਘਾਣ ਹੁੰਦਾ ਹੈ।

ਜ਼ਮੀਨ ਨੂੰ ਤੰਦੂਰ ਬਣਾਉਣ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਘਟਦੀ ਹੈ ਅਤੇ ਸੰਪੂਰਨ ਸ੍ਰਿਸ਼ਟੀ ਵਿਚ ਪਰਮੇਸ਼ਰ ਦੀ ਇਸ ਨਿਵੇਕਲੀ ਸਿਰਜਣਾ ਨੂੰ ਢਾਹ ਲਗਦੀ ਹੈ।ਪਸ਼ੂ, ਪੰਛੀ, ਰੁੱਖ ਆਦਿ ਹਰ ਜੀਵ ਪਰਾਲੀ ਨੂੰ ਸਾੜੇ ਜਾਣ ਨਾਲ ਪੈਦਾ ਹੋਣ ਵਾਲੇ ਧੂੰਏਂ ਤੋਂ ਪ੍ਰਭਾਵਿਤ ਹੁੰਦਾ ਹੈ। ਪਰਾਲ ਰੂਪੀ ਇਸ ਖ਼ਜ਼ਾਨੇ ਦੀ ਸੁਚੱਜੀ ਸੰਭਾਲ ਅੱਜ ਦੇ ਕਿਸਾਨ ਦੀ ਕਾਮਯਾਬੀ ਦੀ ਮੁਢਲੀ ਕੁੰਜੀ ਹੈ। ਜਿਹੜਾ ਕਿਸਾਨ ਪਰਾਲੀ ਦੀ ਸਹੀ ਸੰਭਾਲ ਲਈ ਕਮਰ ਕੱਸਦਾ ਹੈ ਅਤੇ ਮੁਦੇ ਅਧੀਨ ਇਸ ਕਸੌਟੀ 'ਤੇ ਖਰਾ ਉਤਰਦਾ ਹੈ, ਉਹੀ ਕਿਸਾਨ ਕਾਮਯਾਬ ਤੇ ਅਗਾਂਹਵਧੂ ਕਿਸਾਨ ਅਖਵਾਉਣ ਦਾ ਹੱਕਦਾਰ ਹੈ।

ਪਰਾਲੀ ਨੂੰ ਸਾੜਨ ਦੀ ਥਾਂ ਇਸ ਨੂੰ ਖੇਤ ਵਿਚ ਖਪਾ ਕੇ ਇਸ ਵਿਚ ਮੌਜੂਦ ਤੱਤਾਂ ਨੂੰ ਅਗਲੀ ਫ਼ਸਲ ਲਈ ਖਾਦ ਦੇ ਤੌਰ 'ਤੇ ਵਰਤਿਆ ਜਾ ਸਕਦਾ ਹੈ। ਇਸ ਨਾਲ ਵਾਤਾਵਰਨ ਵੀ ਸ਼ੁੱਧ ਰਹੇਗਾ, ਸਿੰਚਾਈ ਉੱਪਰ ਪਾਣੀ ਦੀ ਲਾਗਤ 'ਚ ਵੀ ਕਮੀ ਆਵੇਗੀ ਅਤੇ ਖਾਦਾਂ ਉੱਪਰ ਹੋਣ ਵਾਲੇ ਵਾਧੂ ਖ਼ਰਚੇ ਦੀ ਵੀ ਬੱਚਤ ਹੋਵੇਗੀ। •

ਸਮਾਜਿਕ ਖ਼ੁਸ਼ਹਾਲੀ ਕਾਰਨ ਘੋੜੇ ਪਾਲਣ ਦਾ ਸ਼ੌਕ ਅਜੋਕੀ ਪੀੜ੍ਹੀ ਵਿਚ ਵੀ ਕਾਇਮ ਹੈ। ਵੱਖ-ਵੱਖ ਮੌਸਮਾਂ ਵਿਚ ਘੋੜੇ ਦੀਆਂ ਸਰੀਰਕ ਤੇ ਖ਼ੁਰਾਕੀ ਲੋੜਾਂ ਵੀ ਬਦਲਦੀਆਂ ਹਨ। ਗਰਮੀ ਅਤੇ ਸਰਦੀ ਦੇ ਮੌਸਮ ਨੂੰ ਧਿਆਨ 'ਚ ਰੱਖਦੇ ਹੋਏ ਉਨ੍ਹਾਂ ਦੀ ਖ਼ੁਰਾਕ, ਤਬੇਲੇ, ਕਸਰਤ ਆਦਿ ਦੇ ਢੁਕਵੇਂ ਪ੍ਰਬੰਧ ਕਰ ਕੇ ਘੋੜਿਆਂ ਨੂੰ ਕਈ ਤਰ੍ਹਾਂ ਦੀਆਂ ਬਿਮਾਰੀਆਂ ਤੋਂ ਬਚਾਇਆ ਜਾ ਸਕਦਾ ਹੈ...

# ਵੱਖ-ਵੱਖ ਮੌਸਮਾਂ 'ਚ ਘੋੜਿਆਂ ਦੀ ਦੇਖਭਾਲ





• ਡਾ. ਅਰੁਣ ਆਨੰਦ

ਵਧ ਰਹੀ ਸਮਾਜਿਕ ਖ਼ੁਸ਼ਹਾਲੀ ਕਾਰਨ ਲੋਕਾਂ ਦਾ ਘੋੜਿਆਂ ਪ੍ਰਤੀ ਰੁਝਾਨ ਵਧ ਰਿਹਾ ਹੈ। ਵਰ੍ਹੇ ਦੇ ਵੱਖ-ਵੱਖ ਮੌਸਮਾਂ ਦੌਰਾਨ ਘੋੜਿਆਂ ਦਾ ਧਿਆਨ ਰੱਖਣ ਕੇ ਉਨ੍ਹਾਂ ਨੂੰ ਕਈ ਬਿਮਾਰੀਆਂ ਤੋਂ ਬਚਾਇਆ ਜਾ ਸਕਦਾ ਹੈ।

## ਤਬੇਲਾ

ਤਬੇਲੇ 'ਚ ਕਮਰੇ ਇਸ ਹਿਸਾਬ ਨਾਲ ਬਣਾਉਕਿ ਗਰਮੀਆਂ 'ਚ ਜਾਨਵਰ ਠੰਢੇ ਵਾਤਾਵਰਣ 'ਚ ਰਹਿ ਸਕਣ। ਤਬੇਲੇ ਦੀ ਉਸਾਰੀ 12 ਤੋਂ 14 ਫੁੱਟ ਤੇ ਦਰਵਾਜ਼ੇ ਦੀ ਉਚਾਈ 7 ਫੁੱਟ ਤੋਂ ਘੱਟ ਨਹੀਂ ਹੋਣੀ ਚਾਹੀਦੀ। ਹਰ ਕਮਰੇ ਨਾਲ ਖੁਰਲੀ ਤੇ ਪੀਣ ਵਾਲੇ ਪਾਣੀ ਦਾ ਪ੍ਰਬੰਧ ਹੋਣਾ ਚਾਹੀਦਾ ਹੈ। ਫਰਸ਼ ਖੁਰਦਰਾ ਤੇ ਪੱਕਾ ਹੋਵੇ, ਜਿਸ ਉੱਤੇ ਪਰਾਲੀ ਵਿਛਾਈ ਜਾ ਸਕਦੀ ਹੈ। ਫਰਸ਼ 'ਚ ਢਲਾਣ ਰੱਖਣੀ ਜ਼ਰੂਰੀ ਹੈ ਤਾਂ ਜੋ ਪਾਣੀ ਜਾਂ ਪਿਸ਼ਾਬ ਫਰਸ਼ 'ਤੇ ਇਕੱਠਾ ਨਾ ਹੋ ਸਕੇ। ਤਬੇਲੇ 'ਚ ਘੋੜੀ ਤੇ ਉਸ ਦੇ ਬੱਚੇ ਲਈ ਕਮਰੇ ਦਾ ਆਕਾਰ 14×16 ਫੁੱਟ ਜਾਂ 12×18 ਫੁੱਟ ਤੋਂ ਘੱਟ ਨਹੀਂ ਹੋਣਾ ਚਾਹੀਦਾ। ਅਸਤਬਲ 'ਚ ਘੋੜਿਆਂ ਦੇ ਕਮਰੇ ਇਸ ਤਰ੍ਹਾਂ ਬਣਾਉਣੇ ਚਾਹੀਦੇ ਹਨ ਤਾਂ ਕਿ ਉਹ ਘੋੜੀਆਂ ਨੂੰ ਇਕ ਪਾਸੇ ਤੋਂ ਦੇਖ ਸਕਣ। ਘੋੜੇ ਤੇ ਘੋੜੀਆਂ ਦੇ ਕਮਰੇ ਜ਼ਿਆਦਾ ਕੋਲ ਨਹੀਂ ਹੋਣੇ ਚਾਹੀਦੇ। ਜ਼ਿਆਗਾ ਗਰਮੀ 'ਚ ਕੂਲਰ ਦਾ ਇੰਤਜ਼ਾਮ ਵੀ ਹੋਣਾ ਚਾਹੀਦਾ ਹੈ।

## ਜ਼ਿਆਦਾ ਪਾਣੀ ਪਿਲਾਓ

ਗਰਮੀਆਂ ਵਿਚ ਘੋੜਿਆਂ ਨੂੰ ਖੁੱਲ੍ਹਾ ਰੱਖੋ ਤੇ ਪੀਣ ਲਈ ਸਾਫ਼ ਪਾਣੀ ਦੇਵੋ। ਗਰਮੀਆਂ 'ਚ ਜ਼ਿਆਦਾ ਕਸਰਤ ਨਾਲ ਸਰੀਰ 'ਚ ਜ਼ਿਆਦਾ ਗਰਮੀ ਪੈਦਾ ਹੁੰਦੀ ਹੈ ਅਤੇ ਜ਼ਿਆਦਾ ਚਰਬੀ ਤੇ ਵਾਲ ਇਸ ਗਰਮੀ ਨੂੰ ਬਾਹਰ ਨਹੀਂ ਜਾਣ ਦਿੰਦੇ। ਪਸੀਨਾ ਉੱਡਣ ਨਾਲ ਘੋੜਾ ਆਪਣੇ ਸਰੀਰ ਵਿੱਚੋਂ ਗਰਮੀ ਕੱਢ ਦਿੰਦਾ ਹੈ ਪਰ ਜਦੋਂ ਹਵਾ 'ਚ ਨਮੀ ਵੱਧ ਹੋਵੇ ਤਾਂ ਸਰੀਰ 'ਚੋਂ ਪਸੀਨਾ ਨਹੀਂ ਉੱਡਦਾ ਤੇ ਘੋੜੇ ਦੇ ਸਰੀਰ ਦੀ ਗਰਮੀ ਨਹੀਂ ਨਿਕਲਦੀ ਅਤੇ ਘੋੜਾ ਬਿਮਾਰ ਹੋ ਜਾਂਦਾ ਹੈ। ਜ਼ਿਆਦਾ ਪਸੀਨੇ ਕਾਰਨ ਸਰੀਰ ਦਾ ਬਹੁਤ ਸਾਰਾ ਪਾਣੀ ਤੇ ਜ਼ਰੂਰੀ ਤੱਤ ਸਰੀਰ 'ਚੋਂ ਨਿਕਲ ਜਾਂਦੇ ਹਨ। ਇਸ ਲਈ ਜੇ ਉਨ੍ਹਾਂ ਨੂੰ ਕਮਰੇ ਅੰਦਰ ਰੱਖਣਾ ਹੋਵੇ ਤਾਂ ਕਮਰੇ 'ਚ ਪੱਖਾ ਜ਼ਰੂਰ ਚਲਾਉ।

### ਗਰਮੀਆਂ 'ਚ ਘੋੜਿਆਂ ਦੀ ਸੰਭਾਲ

ਮੌਸਮੀ ਤਬਦੀਲੀਆਂ, ਗਰਮੀ ਤੇ ਨਮੀ ਕਾਰਨ ਘੋੜਿਆਂ ਨੂੰ ਬਿਮਾਰੀਆਂ ਤੋਂ ਬਚਾਉਣ ਲਈ ਉਨ੍ਹਾਂ ਦੀ ਸਿਹਤ ਦਾ ਖ਼ਾਸ ਧਿਆਨ ਰੱਖਣ ਦੀ ਲੋੜ ਹੁੰਦੀ ਹੈ।

### ਪੈਡਕ

ਪੈਡਕ ਅਸਤਬਲ ਦੇ ਨਾਲ ਲਗਦੀ ਖੁੱਲ੍ਹੀ ਜਗ੍ਹਾ ਹੁੰਦੀ ਹੈ, ਜਿਥੇ ਘੋੜੇ-ਘੋੜੀਆਂ ਤੇ ਉਨ੍ਹਾਂ ਦੇ ਬੱਚੇ ਦਿਨ ਵੇਲੇ ਰਹਿ ਸਕਣ। ਪੈਡਕ ਦੇ ਦੁਆਲੇ ਕੰਧ ਜਾਂ ਲੱਕੜ ਦੀ ਵਾੜ ਜ਼ਰੂਰ ਹੋਵੇ। ਪੈਡਕ 'ਚ ਸਾਫ਼ ਪਾਣੀ ਤੇ ਛਾਂ ਵਾਲੇ ਦਰੱਖ਼ਤ ਜ਼ਰੂਰ ਹੋਣ। ਹਰ ਘੋੜੇ ਦਾ ਆਪਣਾ ਪੈਡਕ ਹੋਣਾ ਚਾਹੀਦਾ ਹੈ, ਜਿਥੇ ਉਸ ਨੂੰ ਖੁੱਲ੍ਹਾ ਛੱਡਿਆ ਜਾ ਸਕੇ। ਘੋੜੇ ਨੂੰ ਸਵੇਰੇ 30 ਤੋਂ 40 ਮਿੰਟ ਕਸਰਤ ਕਰਵਾਉ। ਉਸ ਨੂੰ 5-7 ਕਿੱਲੋ ਦਾਣੇ ਦਿੱਤੇ ਜਾ ਸਕਦੇ ਹਨ। ਮਿਲਾਪ ਦਾ ਸਮਾਂ ਫਰਵਰੀ-ਜੁਲਾਈ ਤਕ ਹੁੰਦਾ ਹੈ। ਇਸ ਸਮੇਂ ਘੋੜੇ ਨੂੰ ਤਾਕਤ ਵਾਲੀਆਂ ਚੀਜ਼ਾਂ ਗਾਜਰਾਂ, ਆਂਡੇ, ਤੇਲ, ਵਿਟਾਮਿਨ ਤੇ ਲੋੜੀਂਦੀਆਂ ਧਾਤਾਂ ਜ਼ਰੂਰ ਦੇਵੋ।

ਘੋੜੇ ਨੂੰ ਖੁੱਲ੍ਹਾ ਪਾਣੀ ਦੇਣਾ ਚਾਹੀਦਾ ਹੈ। ਹੇਅ ਦੀਆਂ ਪੰਡਾਂ ਪਾਣੀ ਵਿਚ ਭਿਉਂ ਕੇ ਦੇਣੀਆਂ ਚਾਹੀਦੀਆਂ ਹਨ। ਲੂਣ ਤੇ ਪਾਣੀ ਘੋੜੇ ਦੀ ਤੰਦਰੁਸਤੀ ਲਈ ਜ਼ਰੂਰੀ ਹਨ। ਇਨ੍ਹਾਂ ਦੀ ਕਮੀ ਕਾਰਨ ਦਿਲ ਤੇ ਪੇਟ ਦੀਆਂ ਬਿਮਾਰੀਆਂ ਹੋ ਸਕਦੀਆਂ ਹਨ। ਚੰਗੀ ਖ਼ੁਰਾਕ ਇਨ੍ਹਾਂ ਤੱਤਾਂ ਦੀ ਕਮੀ ਪੂਰੀ ਕਰ ਦਿੰਦੀ ਹੈ। ਗਰਮੀਆਂ ਵਿਚ ਘੋੜਿਆਂ ਦੇ ਸਰੀਰ 'ਚ ਚਰਬੀ ਘੱਟ ਹੋਣੀ ਚਾਹੀਦੀ ਹੈ। ਘੋੜਿਆਂ ਨੂੰ ਛਾਵੇਂ ਰੱਖਣਾ ਚਾਹੀਦਾ ਹੈ।

## ਘੋੜੇ ਦਾ ਚਾਰਾ

ਸੁੱਕਾ ਚਾਰਾ ਪਚਾਉਣ ਵੇਲੇ ਘੋੜੇ ਦੇ ਸਰੀਰ 'ਚ ਗਰਮੀ ਪੈਦਾ ਹੁੰਦੀ ਹੈ ਤੇ ਪੇਟ 'ਚ ਹੋਣ ਵਾਲੇ ਛਾਲਿਆਂ ਤੋਂ ਬਚਾਅ ਹੁੰਦਾ ਹੈ। ਤਾਕਤ ਦੇਣ ਦੇ ਨਾਲ-ਨਾਲ ਇਹ ਚਾਰਾ ਸਰੀਰ 'ਚ ਕਾਰਬੋਹਾਈਡਰੇਟਸ ਦੀ ਮਾਤਰਾ ਵੀ ਨਹੀਂ ਵਧਣ ਦਿੰਦਾ। ਇਸ ਨਾਲ ਘੋੜੇ ਨੂੰ ਅੰਤੜੀਆਂ ਤੇ ਖੁਰਾਂ ਦੀਆਂ ਬਿਮਾਰੀਆਂ ਨਹੀਂ ਲਗਦੀਆਂ। ਘੋੜਿਆਂ ਦੀ ਚਮੜੀ ਬੰਦੇ ਨਾਲੋਂ 2-5 ਗੁਣਾਂ ਮੋਟੀ ਹੁੰਦੀ ਹੈ। ਇਹ ਚਮੜੀ ਵਧੇਰੇ ਸਰਦੀ ਝੱਲ ਲੈਂਦੀ ਹੈ। ਸਿਹਤਮੰਦ ਘੋੜਿਆਂ 'ਚ ਫੈਟ ਦੀ ਪਰਤ ਹੁੰਦੀ ਹੈ, ਜੋ ਚਮੜੀ ਤੋਂ ਵੀ ਜ਼ਿਆਦਾ ਜ਼ਰੂਰੀ ਹੈ। ਚਮੜੀ ਤੇ ਵਾਲਾਂ ਦੇ ਮੁਕਾਬਲੇ ਚਰਬੀ ਤਿੰਨ ਗੁਣਾਂ ਸਰੀਰਕ ਗਰਮੀ ਨੂੰ ਬਾਹਰ ਨਿਕਲਣ ਤੋਂ ਬਚਾਉਂਦੀ ਹੈ। ਇਸ ਲਈ ਸਰਦੀਆਂ 'ਚ ਘੋੜੇ ਦਾ ਭਾਰ ਘੱਟ ਨਹੀਂ ਹੋਣਾ ਚਾਹੀਦਾ ਹੈ। ਵਛੇਰੇ/ਵਛੇਰੀਆਂ ਤੇ ਗੱਭਣ ਘੋੜੀਆਂ ਨੂੰ ਜ਼ਿਆਦਾ ਦਾਣੇ ਦੀ ਲੋੜ ਹੁੰਦੀ ਹੈ। ਉਸ਼ ਦੀ ਖ਼ੁਰਾਕ ਦੇ ਇਕ ਹਿੱਸੇ 'ਚ ਹਰਾ ਚਾਰਾ ਜਾਂ ਹੇਅ ਅਤੇ ਦੂਜੇ ਹਿੱਸੇ 'ਚ ਦਾਣਾ, ਧਾਤਾਂ ਤੇ ਵਿਟਾਮਿਨ ਹੋਣੇ ਚਾਹੀਦੇ ਹਨ। ਇਕ ਘੋੜੇ ਨੂੰ ਰੋਜ਼ਾਨਾ ਇਕ ਕੁਇੰਟਲ ਭਾਰ ਪਿਛੇ ਇਕ ਕਿੱਲੋ ਹਰੇ ਘਾਹ ਜਾਂ ਹੇਅ ਦੀ ਲੋੜ ਹੁੰਦੀ ਹੈ। ਇਸ ਲਈ ਚਾਰ ਕੁਇੰਟਲ ਦੇ ਘੋੜੇ ਨੂੰ ਰੋਜ਼ਾਨਾ ਚਾਰ ਕਿੱਲੋ ਹਰੇ ਘਾਹ ਜਾਂ ਸੁੱਕੇ ਚਾਰੇ ਦੀ ਲੋੜ ਹੁੰਦੀ ਹੈ। ਵਿਹਲੇ ਰਹਿਣ ਵਾਲੇ ਘੋੜਿਆਂ ਨੂੰ ਜ਼ਿਆਦਾ ਘਾਹ (ਇਕ ਕੁਇੰਟਲ ਭਾਰ ਪਿਛੇ ਦੋ ਕਿਲੋ ਘਾਹ ਜਾਂ ਹੇਅ) ਦੀ ਲੋੜ ਹੈ ਤੇ ਦਾਣੇ ਦੀ ਲੋੜ ਨਾਮਾਤਰ ਰਹਿ ਜਾਂਦੀ ਹੈ। ਵਿਹਲੇ ਰਹਿਣ ਵਾਲੇ ਘੋੜਿਆਂ ਨੂੰ ਜ਼ਿਆਦਾ ਦਾਣਾ ਦੇਣ ਨਾਲ ਲੰਗੜਾਪਨ ਆ ਸਕਦਾ ਹੈ। ਤਾਜ਼ਾ ਕੱਟਿਆ ਹੋਇਆ ਲੂਸਣ ਘੋੜਿਆਂ ਲਈ ਵਧੀਆ ਹੁੰਦਾ ਹੈ। ਲੂਸਣ ਨੂੰ ਸੁਕਾ ਕੇ ਸਟੋਰ ਕਰ ਲਵੋ ਤਾਂ ਜੋ ਮਾਨਸੂਨ ਸਮੇਂ ਇਸ ਦੀ ਵਰਤੋਂ ਕੀਤੀ ਜਾ ਸਕੇ। ਹਰੇ ਜੌਂਅ ਤੇ ਹਰੀ ਖੱਬਲ ਦਾ ਵੀ ਹੇਅ ਬਣਾ ਕੇ ਸਟੋਰ ਕੀਤਾ ਜਾ ਸਕਦਾ ਹੈ। ਤੂੜੀ, ਚਾਵਲਾਂ ਦਾ ਛਿਲਕਾ, ਕਣਕ ਦਾ ਆਟਾ ਜਾਂ ਸਾਬਤ ਕਣਕ ਘੋੜੇ ਨੂੰ ਬੰਨ੍ਹ ਪਾ ਸਕਦੇ ਹਨ ਜਾਂ ਸੂਲ ਪੈਦਾ ਕਰ ਸਕਦੇ ਹਨ।

### ਸਰਦੀਆਂ 'ਚ ਦੇਖਭਾਲ

ਸਰਦੀਆਂ 'ਚ ਘੋੜੇ ਦੀ ਦੇਖਭਾਲ ਲਈ ਉਸ ਦੇ ਖਾਣੇ, ਕਸਰਤ ਆਦਿ ਕਈ ਗੱਲਾਂ ਦਾ ਧਿਆਨ ਰੱਖਣਾ ਪੈਂਦਾ ਹੈ।

## ਦਾਣਿਆਂ ਦਾ ਮਿਸ਼ਰਣ

ਘੋੜੇ ਨੂੰ ਖ਼ੁਰਾਕ ਦੇ ਤੌਰ 'ਤੇ ਦਾਣਿਆਂ ਦਾ ਮਿਸ਼ਰਣ ਦੇਣਾ ਲਾਭਦਾਇਕ ਹੈ। ਇਸ ਮਿਸ਼ਰਣ 'ਚ ਜੌਂਅ 40 ਫ਼ੀਸਦੀ, ਜਵੀ 20 ਫ਼ੀਸਦੀ, ਮੱਕੀ 10 ਫ਼ੀਸਦੀ, ਕਣਕ ਦਾ ਛਾਣਬੂਰਾ 15 ਫ਼ੀਸਦੀ, ਸੋਇਆਬੀਨ 10 ਫ਼ੀਸਦੀ, ਗੁੜ 3 ਫ਼ੀਸਦੀ ਤੇ ਧਾਤਾਂ ਦਾ ਚੂਰਾ ਤੇ ਕੈਲਸ਼ੀਅਮ 2 ਫ਼ੀਸਦੀ ਹੋਵੇ। ਜੌਂਅ ਸਾਬਤ ਜਾਂ ਦਲ਼ ਕੇ ਦਿੱਤੇ ਜਾ ਸਕਦੇ ਹਨ। ਸਾਬਤ ਜੌਂਅ 3-4 ਘੰਟੇ ਪਹਿਲਾਂ ਭਿਉਣ ਨਾਲ ਨਰਮ ਹੋ ਜਾਂਦੇ ਹਨ ਤੇ ਬੰਨ੍ਹ ਨਹੀਂ ਪਾਉਂਦੇ। ਜਵੀ ਨੂੰ ਪਾਣੀ 'ਚ ਉਬਾਲ ਕੇ ਜਾਂ 3-4 ਘੰਟੇ ਭਿਉਂ ਕੇ ਚਾਰੋ। ਭਿੱਜੀ ਹੋਈ ਮੱਕੀ ਘੋੜਿਆਂ ਨੂੰ ਸੁਆਦ ਲਗਦੀ ਹੈ ਤੇ ਇਸ ਚ ਤਾਕਤ ਦੀ ਮਾਤਰਾ ਵੀ ਵੱਧ ਹੁੰਦੀ ਹੈ ਜਦਕਿ ਮੱਕੀ ਦਾ ਆਟਾ ਘੋੜੇ ਨੂੰ ਬੰਨ੍ਹ ਪਾ ਸਕਦਾ ਹੈ ਇਸ ਨੂੰ ਖ਼ੁਰਾਕ 'ਚ ਸ਼ਾਮਲ ਨਾ ਕਰੋ।

ਕਣਕ ਦੇ ਛਾਣਬੂਰੇ 'ਚ ਕਾਫ਼ੀ ਪ੍ਰੋਟੀਨ ਤੇ ਫਾਈਬਰ ਹੁੰਦਾ ਹੈ। ਇਸ ਨੂੰ ਵੀ ਭਿਉਂ ਕੇ ਦੇਣਾ ਚਾਹੀਦਾ ਹੈ। ਸੋਆਬੀਨ 'ਚ ਪ੍ਰੋਟੀਨ ਤੇ ਜ਼ਰੂਰੀ ਧਾਤਾਂ ਹੁੰਦੀਆਂ ਹਨ। ਗੁੜ ਤਾਕਤ ਦਿੰਦਾ ਹੈ ਤੇ ਭੁੱਖ ਵਧਾਉਂਦਾ ਹੈ। ਵਿਟਾਮਿਨ ਤੇ ਧਾਤਾਂ ਦਾ ਚੂਰਾ ਬਹੁਤ ਜ਼ਰੂਰੀ ਤੱਤ ਹਨ ਤੇ ਵਛੇਰੇ, ਵਛੇਰੀਆਂ, ਗੱਭਣ ਅਤੇ ਨਵੀਆਂ ਸੂਈਆਂ ਘੋੜੀਆਂ ਲਈ ਲਾਭਦਾਇਕ ਹੁੰਦੇ ਹਨ। 100 ਕਿੱਲੋ ਦੇ ਵਛੇਰੇ/ਵਛੇਰੀ ਨੂੰ ਡੇਢ ਤੋਂ ਢਾਈ ਕਿੱਲੋ ਦਾਣੇ ਦਿਉ। ਜਦੋਂ ਭਾਰ ਵੱਧਦਾ ਹੈ ਤਾਂ ਹਰੇ ਚਾਰੇ ਜਾਂ ਹੇਅ ਦੀ ਮਾਤਰਾ ਵਧਾਉਣੀ ਚਾਹੀਦੀ ਹੈ ਪਰ ਦਾਣਿਆਂ ਦਾ ਮਿਸ਼ਰਣ 2.5-3 ਕਿੱਲੋ ਰੋਜ਼ਾਨਾ ਹੀ ਰੱਖੋ। ਲੋੜ ਤੋਂ ਵੱਧ ਦਾਣਾ ਦੇਣ ਨਾਲ ਘੋੜੇ ਨੂੰ ਲੰਗੜਾਪਨ ਤੇ ਹੋਰ ਨੁਕਸ ਹੋ ਸਕਦੇ ਹਨ। ਸਰਦੀਆਂ 'ਚ ਘੋੜਿਆਂ ਦੇ ਵਾਲ ਨਾ ਕੱਟੋ। ਵਾਲਾਂ ਕਾਰਨ ਘੋੜੇ ਸਰਦੀ ਸਹਿਣ ਕਰ ਲੈਂਦੇ ਹਨ। •

# ਪੰਜਾਬ ਸਰਕਾਰ ਨੇ ਹੜ੍ਹ ਪੀੜਤਾਂ ਨੂੰ ਤੁਰੰਤ ਮੁਆਵਜ਼ਾ ਰਾਸ਼ੀ ਦੇ ਕੇ ਦੁੱਖ ਵੰਡਾਇਆ: ਚੇਤਨ ਸਿੰਘ ਜੌੜਾਮਾਜਰਾ

**ਹਲਕਾ ਸਮਾਣਾ ਦੇ ਘੱਗਰ ਦੇ ਪਾਣੀ ਦੀ ਮਾਰ ਹੇਠ ਆਏ ਦੋ ਪਿੰਡਾਂ ਸੱਸੀ ਬ੍ਰਾਹਮਣਾ ਤੇ ਹਾਸ਼ਮਪੁਰ ਦੇ 93 ਲਾਭਪਾਤਰੀਆਂ ਨੂੰ 54 ਲੱਖ ਰੁਪਏ ਦੀ ਮੁਆਵਜ਼ਾ ਰਾਸ਼ੀ ਸੌਂਪੀ**



**ਸਮਾਣਾ, 22 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਲਕਾ ਸਮਾਣਾ ਦੇ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨੇ ਅੱਜ ਆਪਣੇ ਹਲਕੇ ਦੇ ਘੱਗਰ ਦੀ ਮਾਰ ਹੇਠ ਆਏ ਦੋ ਪਿੰਡਾਂ ਸੱਸੀ ਬ੍ਰਾਹਮਣਾ ਅਤੇ ਹਾਸ਼ਮਪੁਰ ਦੇ 93 ਲਾਭਪਾਤਰੀਆਂ ਨੂੰ 54 ਲੱਖ ਰੁਪਏ ਦੀ ਮੁਆਵਜ਼ਾ ਰਾਸ਼ੀ ਉਨ੍ਹਾਂ ਦੇ ਖਾਤਿਆਂ ਵਿੱਚ ਪਾਉਣ ਦੇ ਪੱਤਰ ਸੌਂਪੇ। ਉਨ੍ਹਾਂ ਦੇ ਨਾਲ ਐਸ.ਡੀ.ਐਮ. ਪਟਿਆਲਾ ਹਰਜੋਤ ਕੌਰ ਸਮੇਤ ਤੇ ਗੁਰਦੇਵ ਸਿੰਘ ਟਿਵਾਣਾ ਸਮੇਤ ਹੋਰ ਅਧਿਕਾਰੀ ਤੇ ਪਤਵੰਤੇ ਮੌਜੂਦ ਸਨ।

ਇਸ ਮੌਕੇ ਚੇਤਨ ਸਿੰਘ ਜੌੜਾਮਾਜਰਾ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਸਲ ਵਿੱਚ ਕਿਸਾਨ ਤੇ ਪੰਜਾਬ ਵਾਸੀਆਂ ਦੇ ਹਿਤਾਇਸ਼ੀ ਹਨ, ਕਿਉਂਕਿ ਉਨ੍ਹਾਂ ਨੇ ਦੇਸ਼ ਵਿੱਚ ਸਭ ਤੋਂ ਵੱਧ ਪ੍ਰਤੀ ਏਕੜ ਮੁਆਵਜ਼ਾ 20 ਹਜ਼ਾਰ ਰੁਪਏ ਦਿੱਤਾ ਹੈ। ਜਦੋਂ ਕਿ ਕੇਂਦਰ ਸਰਕਾਰ ਕੇਵਲ 5000 ਰੁਪਏ ਹੀ ਦਿੰਦੀ ਸੀ, ਇਸੇ ਤਰ੍ਹਾਂ ਪੂਰੀ ਤਰ੍ਹਾਂ ਢਹਿ-ਢੇਰੀ ਹੋਏ ਘਰਾਂ ਲਈ 1,20,000 ਰੁਪਏ ਅਤੇ ਅੰਸ਼ਕ ਤੌਰ ’ਤੇ ਨੁਕਸਾਨੇ ਗਏ ਘਰਾਂ ਲਈ 40,000 ਰੁਪਏ ਦਿੱਤੇ ਜਾ ਰਹੇ ਹਨ ਜਦਕਿ ਪਿਛਲੀਆਂ ਸਰਕਾਰਾਂ ਮੌਕੇ ਇਹ ਰਕਮ 6,500 ਰੁਪਏ ਹੀ ਸੀ।

ਚੇਤਨ ਸਿੰਘ ਜੌੜਾਮਾਜਰਾ ਨੇ ਕਿਹਾ ਕਿ ਦੂਜੇ ਪਾਸੇ ਕੇਂਦਰ ਸਰਕਾਰ ਪੰਜਾਬ ਨਾਲ ਮਤਰੇਈ ਮਾਂ ਵਾਲਾ ਸਲੂਕ ਕਰ ਰਹੀ ਹੈ ਪਰੰਤੂ ਪੰਜਾਬ ਹੜ੍ਹ ਨਾਲ ਬੁਰੀ ਤਰ੍ਹਾਂ ਝੰਭਿਆ ਹੋਇਆ ਤੇ ਕੇਂਦਰੀ ਮਦਦ ਨੂੰ ਬਿਨ੍ਹਾਂ ਕਾਰਨ ਲਟਕਾਇਆ ਜਾ ਰਿਹਾ ਹੈ ਕਿਉਂਕਿ ਪੰਜਾਬ ਨੇ ਪ੍ਰਤੀ ਏਕੜ 50 ਹਜ਼ਾਰ ਰੁਪਏ ਮੁਆਵਜੇ ਦੀ ਮੰਗ ਕੀਤੀ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਹੜ੍ਹ ਪੀੜਤ ਜਮੀਨ ਦੇ ਕਿਸਾਨਾਂ ਲਈ ਮੁਫ਼ਤ ਕਣਕ ਦਾ ਬੀਜ ਦੇਣ ਸਮੇਤ ਹੋਰ ਵੀ ਕਈ ਅਹਿਮ ਫੈਸਲੇ ਕੀਤੇ, ਜਿਵੇਂ ਕਿ ਜਿਸ ਦਾ ਖੇਤ, ਉਸਦੀ ਰੇਤ ਅਤੇ ਪਸ਼ੂਆਂ ਤੇ ਨਾਗਰਿਕਾਂ ਲਈ ਮੈਡੀਕਲ ਸਹਾਇਤਾ ਪ੍ਰਦਾਨ ਕੀਤੀ। ਇਸ ਤੋਂ ਬਿਨ੍ਹਾਂ ਹੜ੍ਹਾਂ ਦੇ ਝੰਬੇ ਲੋਕਾਂ ਲਈ ਮਿਸ਼ਨ ਚੜ੍ਹਦੀਕਲਾ ਬਣਾ ਕੇ ਰੰਗਲਾ ਪੰਜਾਬ ਰਾਹੀਂ ਫੰਡ ਇਕੱਠੇ ਕਰਕੇ ਲੋਕਾਂ ਦੀ ਮਦਦ ਕੀਤੀ ਜਾ ਰਹੀ ਹੈ। ਇਸ ਮੌਕੇ ਨਾਇਬ ਤਹਿਸੀਲਦਾਰ ਅਰਮਾਨ ਜੋਸ਼ਨ, ਮਨਜੀਤ ਸਿੰਘ ਦਾਨੀਪੁਰ, ਕੁਲਦੀਪ ਵਿਰਕ, ਕਮਲਜੀਤ ਸਿੰਘ ਰੰਧਾਵਾ ਤੇ ਪਿੰਡਾਂ ਦੇ ਪੰਚ-ਸਰਪੰਚ ਤੇ ਹੋਰ ਪਤਵੰਤੇ ਮੌਜੂਦ ਸਨ।

# ਐਮ.ਐਲ.ਏ. ਕੁਲਵੰਤ ਸਿੰਘ ਨੇ ਸ਼ੁਤਰਾਣਾ ਹਲਕੇ ਦੇ ਹੜ੍ਹ ਪ੍ਰਭਾਵਿਤ 14 ਪਿੰਡਾਂ ਦੇ 230 ਲਾਭਪਾਤਰੀਆਂ ਨੂੰ 69.56 ਲੱਖ ਰੁਪਏ ਦੀ ਮੁਆਵਜ਼ਾ ਰਾਸ਼ੀ ਸੌਂਪੀ

**➢ ਪੰਜਾਬ ਸਰਕਾਰ ਹੜ੍ਹ ਪੀੜਤਾਂ ਦੇ ਦੁੱਖ ’ਚ ਨਾਲ ਖੜ੍ਹੀ, ਮਿੱਥੇ ਸਮੇਂ ’ਚ ਦਿੱਤਾ ਮੁਆਵਜ਼ਾ:ਕੁਲਵੰਤ ਸਿੰਘ ਬਾਜ਼ੀਗਰ ➢ ਦੀਵਾਲੀ ਦੇ ਤਿਉਹਾਰ ਤੋਂ ਪਹਿਲਾਂ ਕਿਸਾਨਾਂ ਨੂੰ ਸੌਂਪੀ ਮੁਆਵਜ਼ਾ ਰਾਸ਼ੀ**

**ਪਾਤੜਾਂ, 22 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਅੱਜ ਆਪਣੇ ਹਲਕੇ 14 ਹੜ੍ਹਾਂ ਤੋਂ ਪ੍ਰਭਾਵਿਤ ਪਿੰਡਾਂ ਦੇ 230 ਲਾਭਪਾਤਰੀਆਂ ਨੂੰ ਹੜ੍ਹ ਪੀੜਤਾਂ ਦੀ ਮੁਆਵਜ਼ਾ ਰਾਸ਼ੀ 69.56 ਲੱਖ ਰੁਪਏ ਦੀ ਉਨ੍ਹਾਂ ਦੇ ਖਾਤਿਆਂ ਵਿੱਚ ਪਾਈ ਗਈ ਰਾਸ਼ੀ ਦੇ ਪ੍ਰਵਾਨਗੀ ਪੱਤਰ ਸੌਂਪੇ।

ਇੱਥੇ ਕਿਰਤੀ ਕਾਲਜ ਨਿਆਲ ਵਿਖੇ ਐਸ.ਡੀ.ਐਮ. ਪਾਤੜਾਂ ਅਸ਼ੋਕ ਕੁਮਾਰ ਦੀ ਅਗਵਾਈ ਹੇਠਲੇ ਕਰਵਾਏ ਸਮਾਰੋਹ ਦੌਰਾਨ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਸੂਬੇ ਦੇ ਹੜ੍ਹ ਪੀੜਤਾਂ ਦੇ ਦੁੱਖ ’ਚ ਸਾਥ ਦੇ ਕੇ ਸਮੇਂ ਸਿਰ ਮੁਆਵਜ਼ਾ ਦਿੰਦਿਆਂ ਪੀੜਤਾਂ ਦੇ ਜ਼ਖ਼ਮਾਂ ’ਤੇ ਮੱਲ੍ਹਮ ਲਗਾਈ ਹੈ। ਉਨ੍ਹਾਂ ਕਿਹਾ ਕਿ 20 ਹਜ਼ਾਰ ਰੁਪਏ ਦਾ ਮੁਆਵਜ਼ਾ ਪੂਰੇ ਦੇਸ਼ ਵਿੱਚ ਕਿਸੇ ਵੀ ਰਾਜ ਵਿੱਚ ਨਹੀਂ ਦਿੱਤਾ ਗਿਆ ਅਤੇ ਇਹ ਪੰਜਾਬ ਸਰਕਾਰ ਦੀ ਸੂਬੇ ਦੇ



ਪੀੜਤ ਲੋਕਾਂ ਨਾਲ ਖੜ੍ਹੇ ਹੋਣ ਦੀ ਮਿਸਾਲ ਹੈ।

ਕੁਲਵੰਤ ਸਿੰਘ ਬਾਜ਼ੀਗਰ ਨੇ ਦੱਸਿਆ ਕਿ ਹਲਕਾ ਸ਼ੁਤਰਾਣਾ ਦੇ ਪਿੰਡਾਂ ਸ਼ੇਰਗੜ੍ਹ, ਸ਼ਾਦੀਪੁਰ ਮੋਮੀਆਂ, ਦਫ਼ਤਰੀਵਾਲਾ, ਦਿਉਗੜ੍ਹ, ਹਰਿਆਉ ਕਲਾਂ, ਢਾਬੀ ਗੁੱਜਰਾਂ, ਬਾਦਸ਼ਾਹਪੁਰ, ਜੋਗੇਵਾਲਾ, ਦੁਗਾਲ ਖੁਰਦ, ਗੁਲਾਹੜ, ਗਨੇਸ਼ਪੁਰਾ ਸਿਉਨਾ, ਨਿਰਮਲ ਕੋਟ ਤੇ ਅਰਨੇਟੂ, ਜਿਨ੍ਹਾਂ ’ਚ ਘੱਗਰ ਦੇ ਪਾਣੀ ਦੀ ਮਾਰ ਪੈਣ ਕਰਕੇ ਕਿਸਾਨਾਂ ਦੀਆਂ ਫ਼ਸਲਾਂ ਤੇ ਹੋਰ ਮਾਲੀ ਨੁਕਸਾਨ ਹੋਇਆ ਹੈ, ਦੇ ਪ੍ਰਭਾਵਿਤ ਕਿਸਾਨਾਂ ਤੇ ਪਰਿਵਾਰਾਂ ਨੂੰ ਅੱਜ ਮੁਆਵਜ਼ਾ ਰਾਸ਼ੀ ਉਨ੍ਹਾਂ ਦੇ ਖਾਤਿਆਂ ਵਿੱਚ ਪਾ ਦਿੱਤੀ ਗਈ ਹੈ। ਇਸ ਤੋਂ ਬਿਨ੍ਹਾਂ 6 ਪਿੰਡ ਹੋਰ ਹਨ, ਜਿਨ੍ਹਾਂ ਦੇ ਕਿਸਾਨਾਂ ਦੇ ਖਾਤਿਆਂ ਵਿੱਚ ਮੁਆਵਜ਼ਾ ਰਾਸ਼ੀ ਪਾਈ ਜਾ ਰਹੀ ਹੈ ਅਤੇ ਦੀਵਾਲੀ ਤੋਂ ਪਹਿਲਾਂ-ਪਹਿਲਾਂ ਸਾਰੀ ਰਾਸ਼ੀ ਪਾ ਦਿੱਤੀ ਜਾਵੇਗੀ।

ਵਿਧਾਇਕ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਆਦੇਸ਼ ਦਿੱਤੇ ਸਨ, ਕਿ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਮੁਆਵਜ਼ਾ ਰਾਸ਼ੀ 45 ਦਿਨਾਂ ਦੇ ਅੰਦਰ-ਅੰਦਰ ਪ੍ਰਦਾਨ ਕੀਤੀ ਜਾਵੇਗੀ, ਪਰੰਤੂ ਪੰਜਾਬ ਸਰਕਾਰ ਨੇ ਮੁੱਖ ਮੰਤਰੀ ਦੇ ਆਦੇਸ਼ਾਂ ਦੀ ਤੁਰੰਤ ਪਾਲਣਾ ਕਰਦਿਆਂ ਇਹ ਰਾਸ਼ੀ ਮੁੱਖ ਮੰਤਰੀ ਦੇ ਐਲਾਨ ਦੇ 30 ਦਿਨਾਂ ਦੇ ਅੰਦਰ-ਅੰਦਰ ਵਿਸ਼ੇਸ਼ ਗਿਰਦਾਵਰੀ ਆਨਲਾਈਨ ਕਰਵਾਕੇ ਪੂਰੀ ਪਾਰਦਸ਼ਤਾ ਨਾਲ ਇਹ ਰਾਸ਼ੀ ਪੀੜਤਾਂ ਨੂੰ ਪ੍ਰਦਾਨ ਕੀਤੀ ਹੈ।

ਵਿਧਾਇਕ ਨੇ ਅੱਗੇ ਕਿਹਾ ਕਿ ਭਾਵੇਂ ਕਿ ਪ੍ਰਤੀ ਏਕੜ 20000 ਰੁਪਏ ਮੁਆਵਜ਼ਾ ਰਾਸ਼ੀ ਬਹੁਤ ਘੱਟ ਹੈ, ਪਰੰਤੂ ਪੰਜਾਬ ਸਰਕਾਰ ਨੇ ਇਸ ਵਿੱਚ ਕਰੀਬ 15 ਹਜ਼ਾਰ ਰੁਪਏ ਆਪਣੇ ਕੋਲੋਂ ਪਾਏ ਹਨ ਪਰੰਤੂ ਕੇਂਦਰ ਸਰਕਾਰ ਨੇ ਸੂਬੇ ਦੇ ਹੜ੍ਹ ਪੀੜਤਾਂ ਦੀ ਬਾਂਹ ਨਹੀਂ ਫੜੀ ਅਤੇ ਪੰਜਾਬ ਨਾਲ ਹਮੇਸ਼ਾ ਦੀ ਤਰ੍ਹਾਂ ਵਿਤਕਰਾ ਹੀ ਕੀਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਪੀੜਤ ਲੋਕਾਂ ਦੇ ਪੂਰੀ ਤਰ੍ਹਾਂ ਢਹਿ-ਢੇਰੀ ਹੋਏ ਘਰਾਂ ਲਈ 1,20,000 ਰੁਪਏ ਦੇਣ ਸਮੇਤ ਅੰਸ਼ਕ ਤੌਰ ‘ਤੇ ਨੁਕਸਾਨੇ ਗਏ ਘਰਾਂ ਲਈ 40,000 ਰੁਪਏ ਦੇਣ ਦਾ ਐਲਾਨ ਕੀਤਾ ਜਦਕਿ ਪਿਛਲੀਆਂ ਸਰਕਾਰਾਂ ਮੌਕੇ ਇਹ ਰਕਮ 6,500 ਰੁਪਏ ਸੀ।

ਐਸ.ਡੀ.ਐਮ. ਅਸ਼ੋਕ ਕੁਮਾਰ ਨੇ ਦੱਸਿਆ ਕਿ ਸ਼ੁਤਰਾਣਾ ਹਲਕੇ ਦੇ 20 ਪਿੰਡਾਂ ਵਿੱਚ ਘੱਗਰ ਦੇ ਹੜ੍ਹਾਂ ਨੇ ਨੁਕਸਾਨ ਕੀਤਾ ਸੀ ਅਤੇ ਇਨ੍ਹਾਂ ਪਿੰਡਾਂ ਦੇ ਪ੍ਰਭਾਵਿਤ ਲੋਕਾਂ ਨੂੰ ਮੁਆਵਜ਼ਾ ਉਨ੍ਹਾਂ ਦੇ ਖਾਤਿਆਂ ਵਿੱਚ ਪਾਉਣ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਹੁਕਮਾਂ ਦੀ ਹਲਕਾ ਵਿਧਾਇਕ ਕੁਲਵੰਤ ਸਿੰਘ ਦੀ ਅਗਵਾਈ ਹੇਠ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਗਈ ਹੈ। ਇਸ ਮੌਕੇ ਆਮ ਆਦਮੀ ਪਾਰਟੀ ਦੇ ਹਲਕਾ ਸ਼ੁਤਰਾਣਾ ਦੇ ਸੀਨੀਅਰ ਆਗੂ ਤੇ ਅਹੁਦੇਦਾਰਾਂ ਸਮੇਤ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਸਨ।

# ਫ਼ਰਜ਼ੀ ਕੰਪਨੀ ਰਾਹੀਂ 200 ਕਰੋੜ ਦੀ ਧੋਖਾਧੜੀ, ਅੱਠ ਗ੍ਰਿਫ਼ਤਾਰ

**ਲੋਕਾਂ ਨੂੰ 25 ਮਹੀਨਿਆਂ ਵਿੱਚ ਪੈਸੇ ਦੁੱਗਣੇ ਕਰਨ ਦਾ ਦਿੱਤਾ ਸੀ ਲਾਲਚ**



**ਖੰਨਾ, 22 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੁਲੀਸ ਨੇ ਫ਼ਰਜ਼ੀ ਕੰਪਨੀ ਬਣਾ ਕੇ 200 ਕਰੋੜ ਰੁਪਏ ਦੀ ਧੋਖਾਧੜੀ ਕਰਨ ਵਾਲੇ ਗਰੋਹ ਦਾ ਪਰਦਾਫ਼ਾਸ਼ ਕਰਦਿਆਂ ਅੱਠ ਜਣਿਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਐੱਸ ਐੱਸ ਪੀ ਡਾ. ਜੋਤੀ ਯਾਦਵ ਨੇ ਦੱਸਿਆ ਕਿ ਜੈਨਰੇਸ਼ਨ ਆਫ ਫਾਰਮਿੰਗ ਫਰਮ ਦੇ ਮਾਲਕਾਂ ਨੇ ਭੋਲੇ-ਭਾਲੇ ਲੋਕਾਂ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਦੀ ਫਰਮ ਵਿਚ ਪੈਸਾ ਲਗਾ ਕੇ ਉਨ੍ਹਾਂ ਨੂੰ ਪ੍ਰਤੀ ਮਹੀਨਾ ਅੱਠ ਫ਼ੀਸਦ ਦੀ ਦਰ ਨਾਲ ਕਿਸ਼ਤਾਂ ਵਜੋਂ ਵਿੱਚ ਪੈਸੇ ਮਿਲਣਗੇ। ਇਸ ਤਰ੍ਹਾਂ 25 ਮਹੀਨਿਆਂ ਵਿਚ ਨਿਵੇਸ਼ ਕੀਤੇ ਪੈਸੇ ਦੁੱਗਣੇ ਹੋ ਜਾਣਗੇ। ਮੁਲਜ਼ਮ ਲੋਕਾਂ ਨੂੰ ਇਹ ਦੱਸ ਕੇ ਗੁਮਰਾਹ ਕਰਦੇ ਸਨ ਕਿ ਉਨ੍ਹਾਂ ਦੀ ਫਰਮ ਆਰਗੈਨਿਕ ਉਤਪਾਦਾਂ ਦਾ ਕਾਰੋਬਾਰ ਕਰਦੀ ਹੈ ਜਿਨ੍ਹਾਂ ਦੀ ਵਿਕਰੀ ਕਰਕੇ ਕਾਫ਼ੀ ਮੁਨਾਫ਼ਾ ਕਮਾ ਰਹੀ ਹੈ। ਫਰਮ ਦੇ ਮਾਲਕਾਂ ਨੇ ਆਰਗੈਨਿਕ ਖੇਤੀ ਲਈ ਬਾਗ਼ ਲਗਾਉਣ ਅਤੇ 200 ਥੈਲੇ ਵਰਮੀਕੰਪੋਸਟ ਖਾਦ ਦੀ ਸਪਲਾਈ ਕਰਨ ਵਾਲੀਆਂ ਨਿਵੇਸ਼ ਯੋਜਨਾਵਾਂ ਨੂੰ 20 ਲੱਖ ਪ੍ਰਤੀ ਪ੍ਰਾਜੈਕਟ ਲਈ ਲੋਕਾਂ ਨੂੰ ਉਤਸ਼ਾਹਿਤ ਕੀਤਾ ਪਰ ਉਨ੍ਹਾਂ ਨੇ ਲੋਕਾਂ ਨਾਲ ਕੀਤਾ ਵਾਅਦਾ ਪੂਰਾ ਨਹੀਂ ਕੀਤਾ ਅਤੇ ਧੋਖਾਧੜੀ ਨਾਲ ਇਕੱਠੇ ਕੀਤੇ ਪੈਸਿਆਂ ਨਾਲ ਜ਼ਮੀਨਾਂ ਖ਼ਰੀਦ ਲਈਆਂ। ਇਨ੍ਹਾਂ ਜ਼ਮੀਨਾਂ ਵਿੱਚ ਪਲਾਟ ਕੱਟ ਕੇ ਮਹਿੰਗੇ ਭਾਅ ਵੇਚੇ ਅਤੇ ਤਿੰਨ ਗੁਣਾਂ ਪੈਸਾ ਕਮਾਇਆ।

ਇਹ ਮਾਮਲਾ ਸਾਹਮਣੇ ਆਉਣ ’ਤੇ ਖੰਨਾ ਪੁਲੀਸ ਦੇ ਐੱਸ ਪੀ (ਆਈ) ਪਵਨਜੀਤ, ਡੀ ਐੱਸ ਪੀ ਤਰਲੋਚਨ ਸਿੰਘ, ਡੀ ਐੱਸ ਪੀ ਮੋਹਿਤ ਸਿੰਗਲਾ, ਇੰਸਪੈਕਟਰ ਵਿਨੋਦ ਕੁਮਾਰ ਅਤੇ ਹਰਦੀਪ ਸਿੰਘ ਦੀ ਅਗਵਾਈ ਹੇਠ ਪੁਲੀਸ ਨੇ ਜੈਨਰੇਸ਼ਨ ਆਫ ਫਾਰਮਿੰਗ ਫਰਮ ਖ਼ਿਲਾਫ਼ ਕੇਸ ਦਰਜ ਕਰਕੇ ਅੱਠ ਜਣਿਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਮੁਲਜ਼ਮਾਂ ਦੀ ਪਛਾਣ ਅਵਤਾਰ ਸਿੰਘ ਵਾਸੀ ਖੀਰਨੀਆਂ, ਬਿਕਰਮਜੀਤ ਸਿੰਘ ਵਾਸੀ ਗਹਿਲੇਵਾਲ, ਹਰਪ੍ਰੀਤਿ ਸੰਘ ਵਾਸੀ ਗਹਿਲੇਵਾਲ, ਅਮਿਤ ਖੁੱਲਰ ਵਾਸੀ ਨਵਾਂ ਪੂਰਬਾ, ਜਤਿੰਦਰ ਸਿੰਘ ਉਰਫ ਮੈਥਿਊ ਵਾਸੀ ਖਮਾਣੋਂ ਕਮਲੀ, ਜਸਪ੍ਰੀਤ ਸਿੰਘ ਉਰਫ਼ ਜੱਸੀ ਪਿੰਡ ਜਲਣਪੁਰ, ਜਗਤਾਰ ਸਿੰਘ ਵਾਸੀ ਖੰਨਾ ਅਤੇ ਦੀਨ ਦਿਆਲ ਵਰਮਾ ਵਾਸੀ ਖੰਨਾ ਨੂੰ ਗ੍ਰਿਫ਼ਤਾਰ ਕੀਤਾ ਅਤੇ ਬਾਕੀ ਨਾਮਜ਼ਦ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਨ ਲਈ ਛਾਪੇ ਮਾਰੇ ਜਾ ਰਹੇ ਹਨ।

**ਛਾਪਾ ਮਾਰ ਕੇ ਕੰਪਨੀ ਦਾ ਸਾਮਾਨ ਜ਼ਬਤ**

ਤਫਤੀਸ਼ ਦੌਰਾਨ ਫਰਮ ਦੇ ਦਫ਼ਤਰ ਵਿਚੋਂ ਲੈਪਟਾਪ, ਸਕਰੀਨਾਂ, ਕੀ-ਬੋਰਡ, ਸੀਪੀਯੂ ਅਤੇ ਮੋਬਾਈਲ ਫੋਨ ਬਰਾਮਦ ਕੀਤੇ। ਇਸੇ ਤਰ੍ਹਾਂ ਫਰਮ ਦੀਆਂ ਹੋਰ 9 ਫਰਮਾਂ ਨੂੰ ਤਸਦੀਕ ਕਰਕੇ ਉਨ੍ਹਾਂ ਦਾ ਰਿਕਾਰਡ ਰਜਿਸਟਰਾਰ ਆਫ ਕੰਪਨੀਜ਼ ਪਾਸੋਂ ਹਾਸਲ ਕੀਤਾ ਗਿਆ। ਇਨ੍ਹਾਂ ਕੰਪਨੀਆਂ ਦੇ 21 ਖਾਤਿਆਂ ਅਤੇ ਮਾਲਕਾਂ ਦੇ 23 ਨਿੱਜੀ ਖਾਤਿਆਂ (ਕੁੱਲ 44 ਖਾਤਿਆਂ) ਨੂੰ ਫਰੀਜ਼ ਕਰਵਾਇਆ ਗਿਆ। ਐੱਸਐੱਸਪੀ ਅਨੁਸਾਰ ਰਿਮਾਂਡ ਦੌਰਾਨ ਬਿਕਰਮਜੀਤ ਸਿੰਘ ਵੱਲੋਂ ਦਿਖਾਏ ਬਾਗ਼ਾਂ ਦੀ ਦੇਖ-ਭਾਲ ਵੀ ਜ਼ਮੀਨ ਮਾਲਕਾਂ ਵੱਲੋਂ ਹੀ ਕੀਤੀ ਜਾਣੀ ਪਾਈ ਗਈ ਹੈ ਅਤੇ ਦੋਸ਼ੀਆਂ ਵੱਲੋਂ ਲੋਕਾਂ ਪਾਸੋਂ ਹਾਸਲ ਪੈਸਿਆ ਨਾਲ ਬਣਾਈ ਬੇਨਾਮੀ ਛੇ ਪ੍ਰਾਪਰਟੀਆਂ ਤਸਦੀਕ ਕਰਕੇ ਵੈਰੀਫਾਈ ਕਰਵਾਈਆਂ ਜਾ ਚੁੱਕੀਆਂ ਹਨ।

# ਸਿਹਤ ਵਿਭਾਗ ਵੱਲੋਂ ਮਨਾਇਆ ਜਾ ਰਿਹਾ ਹੈ ਸੀਪੀਆਰ ਸਬੰਧੀ ਜਾਗਰੂਕਤਾ ਹਫਤਾ



**ਪਟਿਆਲਾ, 22 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਹਤ ਵਿਭਾਗ ਪਟਿਆਲਾ ਵੱਲੋਂ ਸਿਵਲ ਸਰਜਨ ਪਟਿਆਲਾ ਡਾ.ਜਗਪਾਲਇੰਦਰ ਸਿੰਘ ਦੀ ਅਗਵਾਈ ਵਿੱਚ ਸੀਪੀਆਰ (ਕਾਰਡੀਉ ਪਲਮੋਨਰੀ ਰੀਸਸੀਟੇਸ਼ਨ) ਜਾਗਰੂਕਤਾ ਹਫਤਾ 13 ਤੋਂ 22 ਅਕਤੂਬਰ ਤੱਕ ਜਿਲ੍ਹੇ ਦੀਆਂ ਸਮੂਹ ਸਿਹਤ ਸੰਸਥਾਵਾਂ ਵਿੱਚ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਅੱਜ ਜਾਗਰੂਕਤਾ ਫੈਲਾਉਣ ਲਈ ਸੰਹੁ ਚੁਕਾਈ ਗਈ, ਸੀਪੀਆਰ ਸਬੰਧੀ ਜਾਣਕਾਰੀ ਦਿੰਦਿਆਂ ਸਿਵਿਲ ਸਰਜਨ ਪਟਿਆਲਾ ਨੇ ਕਿਹਾ ਕਿ ਕਾਰਡੀਅਕ ਅਰੈਸਟ ਦੇ ਇਲਾਜ ਲਈ ਮਰੀਜ਼ ਨੂੰ ਸੀਪੀਆਰ ਦਿੱਤੀ ਜਾਂਦੀ ਹੈ ਤਾਂ ਜੋ ਉਸਦੇ ਦਿਲ ਦੀ ਧੜਕਣ ਨੂੰ ਨਿਯਮਤ ਕੀਤਾ ਜਾ ਸਕੇ। ਉਹਨਾਂ ਦੱਸਿਆ ਕਿ ਦਿਲ ਦਾ ਦੌਰਾ, ਡੁੱਬਣ ,ਦਮ ਘੁੱਟਣ ਤੇ ਬਿਜਲੀ ਦਾ ਕਰੰਟ ਲੱਗਣ ਵਰਗੀਆਂ ਸਥਿਤੀਆਂ ਵਿੱਚ ਸੀਪੀਆਰ ਦੀ ਲੋੜ ਪੈ ਸਕਦੀ ਹੈ। ਸੀਪੀਆਰ ਜਾਨ ਬਚਾਉਣ ਲਈ ਐਮਰਜੰਸੀ ਪ੍ਰਕਿਰਿਆ ਹੈ ਇਸ ਬਾਰੇ ਹਰ ਕਿਸੇ ਨੂੰ ਜਾਣਕਾਰੀ ਹੋਣੀ ਬਹੁਤ ਜਰੂਰੀ ਹੈ। ਜੇਕਰ ਕਿਸੇ ਵਿਅਕਤੀ ਦਾ ਸਾਂਹ ਲੈਣਾ ਰੁਕ ਗਿਆ ਹੈ ਜਾਂ ਦਿਲ ਦੀ ਧੜਕਣ ਰੁੱਕ ਗਈ ਹੈ ਤਾਂ ਜਲਦੀ ਤੋਂ ਜਲਦੀ ਸੀਪੀਆਈ ਦੇਣੀ ਚਾਹੀਦੀ ਹੈ। ਸੀਪੀਆਰ ਵਿੱਚ ਵਿਅਕਤੀ ਦੀ ਛਾਤੀ ਨੂੰ ਸਕੁੰਚਿਤ ਕਰਨਾ ਤੇ ਮੂੰਹ ਤੋਂ ਮੂੰਹ ਰਾਹੀਂ ਸਾਹ ਦੇਣਾ ਸ਼ਾਮਿਲ ਹੈ। ਉਹਨਾਂ ਕਿਹਾ ਕਿ ਬੱਚਿਆਂ ਤੇ ਬਾਲਗਾਂ ਨੂੰ ਸੀਪੀਆਰ ਦੇਣ ਦਾ ਤਰੀਕਾ ਵੱਖੋ ਵੱਖਰਾ ਹੈ। ਜੇਕਰ ਬੱਚਾ ਹਰਕਤ ਨਹੀਂ ਕਰ ਰਿਹਾ ਤਾਂ ਤੁਰੰਤ ਸੀਪੀਆਰ ਸ਼ੁਰੂ ਕੀਤੀ ਜਾਵੇ। ਨਵ ਜੰਮੇ ਬੱਚੇ ਨੂੰ ਸੀਪੀਆਰ ਦੇਣ ਲਈ ਦੋ ਉਂਗਲਾਂ ਦੀ ਵਰਤੋਂ ਕਰੋ ਤੇ ਉਸਦੀ ਛਾਤੀ ਨੂੰ 30 ਵਾਰ ਦਬਾਓ ਉਸਨੂੰ ਦੋ ਵਾਰ ਮੂੰਹ ਨਾਲ ਸਾਂਹ ਦਿੱਤਾ ਜਾਵੇ। ਬਾਲਗ ਵਿਅਕਤੀ ਨੂੰ 100 ਤੋਂ 120 ਕੰਪਰੈਸ਼ਨ ਪ੍ਰਤੀ ਮਿੰਟ ਦੀ ਦਰ ਨਾਲ ਕਮਪਰੈਸ਼ਨ ਦਿੱਤੀ ਜਾਂਦੀ ਹੈ, ਸਹੀ ਢੰਗ ਨਾਲ ਦਿੱਤੀ ਸੀਪੀਆਰ ਨਾਲ ਵਿਅਕਤੀ ਦੀ ਜਾਨ ਬਚਾਈ ਜਾ ਸਕਦੀ ਹੈ। ਉਹਨਾਂ ਇਹ ਵੀ ਦੱਸਿਆ ਕਿ ਇਸ ਹਫਤੇ ਦੌਰਾਨ ਸਕੂਲਾਂ ਦੇ ਬੱਚਿਆਂ ਵਿੱਚ ਸੀਪੀਆਰ ਅਵੇਅਰਨੈਸ ਸਬੰਧੀ ਕੁਇਜ਼ ਮੁਕਾਬਲੇ ਵੀ ਕਰਵਾਏ ਜਾਣਗੇ। ਸਿਹਤ ਸੰਸਥਾਵਾਂ ਵਿੱਚ ਬੂਥ ਲਗਾ ਕੇ ਆਮ ਲੋਕਾਂ ਨੂੰ ਵੀ ਸਿਹਤ ਮਾਹਰਾਂ ਵੱਲੋਂ ਜਾਣਕਾਰੀ ਮੁਹੱਈਆ ਕਰਵਾਈ ਜਾਏਗੀ ਅਤੇ ਹਰ ਇੱਕ ਬੰਦੇ ਨੂੰ ਸੀਪੀਆਰ ਦੇਣ ਦੇ ਢੰਗ ਤਰੀਕਿਆਂ ਬਾਰੇ ਜਾਣਕਾਰੀ ਦਿੱਤੀ ਜਾਵੇਗੀ।

# ਡੀ ਏ ਵੀ ਸਕੂਲ ਦੇ ਡਰਾਈਵਰ ਨਾਲ ਕੀਤੀ ਕੁੱਟਮਾਰੈ ਬਹੁਤ ਹੀ ਮੰਦਭਾਗੀ ਘਟਨਾ : ਸੰਧੇ ਵਾਲੀਆ

**ਸਮਾਣਾ, 22 ਅਕਤੂਬਰ/ ਤਲਵੰਡੀ-**
**-ਕੌਮੀ ਪੱਤ੍ਰਿਕਾ ਬਿਊਰੋ-**

ਹਿਊਮੈਂਨ ਰਾਈਟਸ ਪੰਜਾਬ ਦੇ ਜਿਲਾ ਸੈਕਟਰੀ ਗੁਰਤੇਜ ਸੋਧੇ ਵਾਲੀਆ ਨੇ ਕਿਹਾ ਕਿ ਡੀ ਏ ਵੀ ਸਕੂਲ ਦੇ ਡਰਾਈਵਰ ਨਾਲ ਕੁੱਟਮਾਰ ਕੀਤੀ ਹੈ ਬਹੁਤ ਹੀ ਮੰਦਭਾਗੀ ਘਟਨਾ ਹੈ ਪਿਛਲੀ ਦਿਨ ਸਮਾਣਾ ਪਟਿਆਲਾ ਰੋਡ ਵਿਖੇ ਸਕੂਲੀ ਬੱਚਿਆਂ ਦੀ ਦਰਦਨਾਕ ਮੌਤ ਹੋ ਗਈ ਸੀ ਰੱਬ ਨਾ ਕਰੇ ਇਹੋ ਜਿਹੇ ਹਾਦਸੇ ਹੋਣ ਪਰ ਡੀ ਏ ਵੀ ਸਕੂਲ ਬੱਸ ਵਿਚ ਵੀ ਛੋਟੇ ਛੋਟੇ ਮਸੂਮ ਬੱਚੇ ਬੈਠੇ ਹੋਏ ਸਨ ਓਨਾ ਦੇ ਵ ਸੱਟਾ ਵਜੀਆ ਹਨ ਪ੍ਰਸ਼ਾਸਨ ਨੂੰ ਬੇਨਤੀ ਹੈ ਇਹੋ ਜਿਹੇ ਪਾਪੀ ਲੋਕ ਜਿਹੜੇ ਗੁੰਡਾਗਰਦੀ ਕਰਨ ਲੱਗੇ ਕੁਝ ਨਹੀਂ ਦੇਖਦੇ ਸਿੱਧਾ ਮਾਰ ਕੁਟਾਈ ਭੰਨਤੋੜ ਕੀਤੀ ਹੈ ਜਦੋਂ ਕੇ ਸਕੂਲ ਦੀ ਬੱਸ ਉਪਰ ਸਕੂਲ ਦੀ ਮੇਨੇਜਮੇਂਟ ਕਮੇਟੀ ਦੇ ਨੰਬਰ ਦਿੱਤੇ ਹੋਏ ਹਨ ਪਿੰਡ ਕਾਠ ਦੇ ਰਹਿਣ ਵਾਲੇ ਨੇਕ ਸਿੰਘ ਨੂ ਫੋਨ ਕਰ ਕੇ ਦਸਣਾ ਚਾਹੀਦਾ ਸੀ ਪਰ ਡਰਾਈਵਰ ਦਾ ਵ ਕੋਈ ਕਸੂਰ ਨਹੀਂ ਹੈ ਜਦੋਂ ਕੇਂ ਸੜਕਾਂ ਦਾ ਬੂਰਾ ਹਾਲ ਹੈ ਆਉਂਦੇ ਜਾਂਦੇ ਰਾਹਗੀਰਾਂ ਨੂੰ ਮੁਸੀਬਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਸਾਡੀ ਤੇ ਬੇਨਤੀ ਹੈ ਨੇਕ ਸਿੰਘ ਕਾਠ ਬਰਗਿਆ ਤੇ ਕਾਰਵਾਈ ਹੋਣੀ ਚਾਹੀਦੀ ਹੈ ਤਾਂ ਕੇ ਕੋਈ ਹੋਰ ਇਸ ਤਰਾ ਦੀ ਹਰਕਤ ਦੁਬਾਰਾ ਨਾ ਕਰ ਸਕੇ ਬੱਚੇ ਸਾਡੇ ਆਪਣੇ ਜਾਨ ਤੋਂ ਪਿਆਰੇ ਹਨ ਅਗਰ ਇਸ ਦੇ ਬੱਚੇ ਹੁੰਦੇ ਕੀ ਇਹ ਹਰਕਤ ਕਰਦਾ।

# ਪੰਜਾਬ ਦੇ ਏਡਿਡ ਸਕੂਲਾਂ ਦੇ ਹਜ਼ਾਰਾਂ ਅਧਿਆਪਕ ਨੂੰ 7 ਮਹੀਨਿਆਂ ਤੋਂ ਨਹੀਂ ਮਿਲੀ ਤਨਖਾਹ

**➢ ਤਿੰਨ ਮਹੀਨਿਆਂ ਤੋਂ ਤਨਖਾਹਾਂ ਨਾਂ ਮਿਲਣ ਕਾਰਨ ਭੜਕੇ ਜੰਗਲਾਤ ਕਾਮਿਆਂ ਨੇ ਕੀਤਾ ਰੋਸ ਪ੍ਰਦਰਸ਼ਨ ➢ ਮੁਲਾਜ਼ਮ ਕਾਲੀ ਦੀਵਾਲੀ ਮਨਾਉਣ ਲਈ ਮਜਬੂਰ**




**ਪਟਿਆਲਾ, 22 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜੰਗਲਾਤ ਵਰਕਰਜ਼ ਯੂਨੀਅਨ ਪੰਜਾਬ ਦੇ ਸੱਦੇ ਤੇ 16ਤੇ17ਅਤੂਬਰ ਨੂੰ ਪੰਜਾਬ ਦੇ ਵਣ ਮੰਡਲ ਦਫਤਰਾਂ ਅੱਗੇ ਰੋਸ ਪ੍ਰਦਰਸ਼ਨ ਕਰਕੇ ਮੰਗ ਪੱਤਰ ਪੰਜਾਬ ਸਰਕਾਰ ਨੂੰ ਭੇਜਣੇ ਹਨ।ਜਿਸ ਦੇ ਤਹਿਤ ਅੱਜ ਜ਼ਿਲ੍ਹਾ ਪਟਿਆਲਾ ਵੱਲੋਂ ਅੱਜ ਵਣ ਮੰਡਲ ਦਫਤਰ ਪਟਿਆਲਾ ਦੇ ਵੱਖ-ਵੱਖ ਦਫਤਰਾਂ ਅੱਗੇ ਵਿਸ਼ਾਲ ਰੋਸ ਧਰਨਾ ਦਿੱਤਾ ਗਿਆ, ਅੱਜ ਦੇ ਧਰਨੇ ਦੀ ਅਗਵਾਈ ਜਸਵਿੰਦਰ ਸਿੰਘ ਸੌਜਾ, ਜਗਤਾਰ ਸਿੰਘ ਸ਼ਾਹਪੁਰ, ਸ਼ੇਰ ਸਿੰਘ ਸਰਹੰਦ ਤੇ ਭੁਪਿੰਦਰ ਸਿੰਘ ਸਾਧੋਹੇੜੀ ਨੇ ਕੀਤੀ,ਵੱਖ-ਵੱਖ ਰੇਂਜਾਂ ਤੋਂ ਵੱਡੀ ਗਿਣਤੀ ਵਿੱਚ ਜੰਗਲਾਤ ਕਾਮੇ ਵਹੀਰਾਂ ਘੱਤ ਕੇ ਇਸ ਧਰਨੇ ਵਿੱਚ ਪੁੱਜੇ। ਜੰਗਲਾਤ ਕਾਮਿਆਂ ਦੀ ਭਰਵੀ ਇਕੱਤਰਤਾ ਨੂੰ ਸੰਬੋਧਨ ਕਰਦਿਆਂ ਜੋਗਾ ਸਿੰਘ ਵਜੀਦਪੁਰ ਹਰਜਿੰਦਰ ਸਿੰਘ ਖਰੌੜੀ ਨਰੇਸ਼ ਕੁਮਾਰ ਬੋਸਰ ਅਮਰਜੀਤ ਸਿੰਘ ਲਾਛੜੂ ਤੇ ਮਾਸਟਰ ਮੱਘਰ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਜੰਗਲਾਤ ਵਿਭਾਗ ਵੱਲੋਂ ਲੰਮੇ ਸਮੇਂ ਤੋਂ ਵਿਭਾਗ ਵਿੱਚ ਪੰਜਾਬ ਸਰਕਾਰ ਨੇ 30 ਜੁਲਾਈ ਪੱਕਿਆ ਕੀਤੇ ਮੁਲਾਜਮਾ ਨੂੰ ਤਕਰੀਬਨ ਤਿੰਨ ਮਹੀਨੀਆ ਤੋ ਤਨਖਾਹਾ ਨੇ ਦੇਣੀਆ ਅਤੇ ਸੀਨੀਅਰ ਅਨਪੜ ਕਾਮਿਆ ਨੂੰ ਪੱਕਿਆ ਨਾ ਕਰਨਾ ਅਤੇ ਵਿਭਾਗ ਵਿੱਚ ਕੰਮ ਕਰਦੇ ਕੱਚੇ ਕਾਮਿਆਂ ਨੂੰ ਸਮੇਂ ਸਿਰ ਤਨਖਾਹਾਂ ਨਾ ਦੇਣ ਦੇ ਰੋਸ ਵਜੋ ਅੱਜ ਧਰਨਾ ਦਿੱਤਾ ਜਾ ਰਿਹਾ ਹੈ ਜੇਕਰ ਪੰਜਾਬ ਸਰਕਾਰ ਨੇ ਕੰਧ ਤੇ ਲਿਖਿਆ ਨਾ ਪੜ੍ਹਿਆ ਤਾਂ ਆਉਣ ਵਾਲੇ ਸਮੇਂ ਵਿੱਚ ਪੰਜਾਬ ਸੁਬਾਰਡੀਨੇਟ ਸਰਵਿਸਿਜ ਫੈਡਰੇਸ਼ਨ ਨਾਲ ਸੰਬੰਧਿਤ ਵੱਖ ਵੱਖ ਜਥੇਬੰਦੀਆਂ ਦੇ ਸਹਿਯੋਗ ਨਾਲ ਮਿਤੀ 1 ਨਵੰਬਰ 2025 ਨੂੰ ਵਣ ਮੰਤਰੀ ਦੇ ਹਲਕਾ ਭੋਆ ਪਠਾਨਕੋਟ ਵਿਖੇ ਸੂਬਾ ਪੱਧਰੀ ਰੈਲੀ ਵਿੱਚ ਸ਼ਮੂਲੀਅਤ ਕਰਨਗੀਆਂ ਅਤੇ ਉਨਾਂ ਚਿਰ ਜਾਰੀ ਰੱਖਣਗੇ ਜਿੰਨਾ ਚਿਰ ਜੰਗਲਾਤ ਕਾਮਿਆਂ ਦੀ ਇੱਕ ਇੱਕ ਮੰਗ ਦਾ ਹੱਲ ਨਹੀਂ ਹੋ ਜਾਂਦਾ ਧਰਨੇ ਨੂੰ ਸੰਬੋਧਨ ਕਰਦਿਆਂ ਗੁਰਮੇਲ ਸਿੰਘ ਬਿਸ਼ਨਪੁਰ ਰਣਵੀਰ ਸਿੰਘ ਮੁਲੇਪੁਰ ਗੁਰਬਚਨ ਸਿੰਘ ਸਿੰਘ ਅਤੇ ਸੁਰਿੰਦਰ ਸਿੰਘ ਸਰਹਿੰਦ ਨੇ ਕਿਹਾ ਕਿ ਸਰਕਾਰ ਜੰਗਲਾਤ ਵਿਭਾਗ ਚ,ਜਿੱਥੇ ਲੰਮੇ ਸਮੇਂ ਤੋਂ ਵਿਭਾਗ ਵਿੱਚ ਕੰਮ ਕਰਦੇ ਸੀਨੀਅਰ ਅਨਪੜ੍ਹ ਕੱਚੇ ਕਾਮਿਆਂ ਨੂੰ ਪੱਕੇ ਨਹੀਂ ਕਰ ਰਹੀ ਉੱਥੇ ਕੰਮ ਹੋਣ ਦੇ ਬਾਵਜੂਦ ਵੀ ਜੰਗਲਾਤ ਵਿਭਾਗ ਕਾਮਿਆਂ ਤੇ ਲਗਾਤਾਰ ਛਾਂਟੀ ਦੀ ਤਲਵਾਰ ਲਟਕਾਈ ਜਾ ਰਹੀ ਹੈ। ਜਿਸ ਕਾਰਨ ਜੰਗਲਾਤ ਕਾਮਿਆਂ ਵਿੱਚ ਭਾਰੀ ਰੋਸ ਤੇ ਬੇਚੈਨੀ ਪਾਈ ਜਾ ਰਹੀ ਹੈ

ਅੱਜ ਦੇ ਧਰਨੇ ’ਚ ਹੋਰਨਾਂ ਤੋਂ ਇਲਾਵਾ ਹਰਜਿੰਦਰ ਸਿੰਘ ਧਾਲੀਵਾਲ ,ਜੋਗਾ ਸਿੰਘ ਵਜੀਦਪੁਰ,ਤਰਸੇਮ ਸਿੰਘ ਸੈਣੀਮਾਜਰਾ ਸੁਰਿੰਦਰ ਸਿੰਘ ਸਰਹਿੰਦ ਜਸਵੀਰ ਕੌਰ,ਕੁਲਦੀਪ ਕੌਰ ਮਾਂਗੇਵਾਲ

# ਕਾਰਪੋਰੇਸ਼ਨ ਵੱਲੋਂ ਮ੍ਰਿਤਕ ਮੁਲਾਜ਼ਮਾਂ ਦੇ ਪਰਿਵਾਰਾਂ ਨੂੰ ਵੱਡੀ ਰਾਹਤ, 5 ਨੌਜਵਾਨਾਂ ਨੂੰ ਮਿਲੇ ਨਿਯੁਕਤੀ ਪੱਤਰ

**ਪਟਿਆਲਾ, 22 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਰਪੋਰੇਸ਼ਨ ਨੇ ਮ੍ਰਿਤਕ ਰੈਗੂਲਰ ਮੁਲਾਜ਼ਮਾਂ ਦੇ ਪਰਿਵਾਰਾਂ ਨੂੰ ਵੱਡੀ ਆਰਥਿਕ ਸਹਾਇਤਾ ਪ੍ਰਦਾਨ ਕਰਦਿਆਂ ਮਿਸਾਲ ਕਾਇਮ ਕੀਤੀ ਹੈ। ਇਸ ਮਨੁੱਖੀ ਪਹਿਲਕਦਮੀ ਤਹਿਤ ਕਾਰਪੋਰੇਸ਼ਨ ਨੇ ਅੱਜ ਮ੍ਰਿਤਕ ਮੁਲਾਜ਼ਮਾਂ ਦੇ ਪੰਜ ਆਸ਼ਰਿਤ ਬੱਚਿਆਂ ਨੂੰ ਤਰਸ ਦੇ ਆਧਾਰ ’ਤੇ ਸਰਕਾਰੀ ਨੌਕਰੀਆਂ ਲਈ ਨਿਯੁਕਤੀ ਪੱਤਰ ਵੰਡੇ।

ਕਾਰਪੋਰੇਸ਼ਨ ਦੇ ਉੱਚ ਅਧਿਕਾਰੀਆਂ ਦੀ ਮੌਜੂਦਗੀ ਵਿੱਚ ਹੋਏ ਇੱਕ ਸਾਦੇ ਢੰਗ ਨਾਲ ਇਨ੍ਹਾਂ ਪਰਿਵਾਰਾਂ ਨੂੰ ਉਨ੍ਹਾਂ ਦੇ ਪਰਿਵਾਰ ਅਤੇ ਬੱਚਿਆਂ ਦੇ ਭਵਿੱਖ ਨੂੰ ਸੁਰੱਖਿਅਤ ਕਰਨ ਲਈ ਨੌਕਰੀ ਦੇ ਨਿਯੁਕਤੀ ਪੱਤਰ ਦਿੱਤੇ। ਅਧਿਕਾਰੀਆਂ ਨੇ ਦੱਸਿਆ ਕਿ ਇਹ ਸਹਾਇਤਾ ਉਨ੍ਹਾਂ ਮੁਲਾਜ਼ਮਾਂ ਦੇ ਸਨਮਾਨ ਵਜੋਂ ਦਿੱਤੀ ਗਈ ਹੈ, ਜਿਨ੍ਹਾਂ ਨੇ ਸ਼ਹਿਰ ਦੀ ਸੇਵਾ ਕਰਨ ਵਿਚ ਵੱਡਾ ਯੋਗਦਾਨ ਪਾਇਆ। ਮੇਅਰ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਕਾਰਪੋਰੇਸ਼ਨ



ਲਈ ਉਸਦੇ ਮੁਲਾਜ਼ਮ ਇੱਕ ਪਰਿਵਾਰ ਦੀ ਤਰ੍ਹਾਂ ਹਨ ਅਤੇ ਮੁਸ਼ਕਲ ਸਮੇਂ ਵਿੱਚ ਉਨ੍ਹਾਂ ਦੇ ਪਰਿਵਾਰਾਂ ਦਾ ਸਾਥ ਦੇਣਾ ਸਾਡਾ ਨੈਤਿਕ ਫਰਜ਼ ਹੈ। ਉਨ੍ਹਾਂ ਕਿਹਾ ਕਿ ਆਰਥਿਕ ਸਹਾਇਤਾ ਅਤੇ ਨੌਕਰੀ ਦਾ ਇਹ ਉਪਬੰਧ ਇਨ੍ਹਾਂ ਪਰਿਵਾਰਾਂ ਨੂੰ ਆਪਣੇ ਪੈਰਾਂ ’ਤੇ ਖੜ੍ਹੇ ਹੋਣ ਵਿੱਚ ਮਦਦ ਕਰੇਗਾ ਅਤੇ ਉਨ੍ਹਾਂ ਨੂੰ ਅਚਾਨਕ ਆਏ ਦੁੱਖ ਵਿੱਚੋਂ ਬਾਹਰ ਕੱਢਣ ਲਈ ਇੱਕ ਵੱਡਾ ਸਹਾਰਾ ਬਣੇਗਾ।

# ਹਰਿਆਣਾ ਪ੍ਰਸ਼ਾਸਨ ਵਾਈ. ਪੂਰਨ ਕੁਮਾਰ ਦੇ ਪਰਿਵਾਰ ਨੂੰ ਝੂਠੇ ਮਾਮਲੇ ਵਿੱਚ ਫਸਾਉਣ ਦੀ ਕੋਸ਼ਿਸ਼ ਕਰ ਰਿਹਾ ਹੈ : ਕੈਂਥ

**ਚੰਡੀਗੜ੍ਹ, 22 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਜਨਤਾ ਪਾਰਟੀ ਦੇ ਅਨੁਸੂਚਿਤ ਜਾਤੀ ਮੋਰਚਾ ਦੇ ਪੰਜਾਬ ਰਾਜ ਉਪ ਪ੍ਰਧਾਨ ਪਰਮਜੀਤ ਸਿੰਘ ਕੈਂਥ ਨੇ ਕੌਮੀ ਅਨੁਸੂਚਿਤ ਜਾਤੀਆਂ ਕਮਿਸ਼ਨ ਨੂੰ ਨੋਟਿਸ ਲੈਣ ਦੀ ਅਪੀਲ ਕਰਦੇ ਹੋਏ ਕਿਹਾ, ÷ਅਜਿਹੀਆਂ ਘਟਨਾਵਾਂ ’ਤੇ ਰੋਕ ਲਗਾਈ ਜਾਣੀ ਚਾਹੀਦੀ ਹੈ ਅਤੇ ਪੀੜਤਾਂ ਲਈ ਇਨਸਾਫ਼ ਯਕੀਨੀ ਬਣਾਉਣ ਲਈ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਹਰਿਆਣਾ ਸਰਕਾਰ ਦੇ ਸੀਨੀਅਰ ਆਈਪੀਐਸ ਅਧਿਕਾਰੀ ਅਤੇ ਪੁਲਿਸ ਦੇ ਵਧੀਕ ਡਾਇਰੈਕਟਰ ਜਨਰਲ ਵਾਈ. ਪੂਰਨ ਕੁਮਾਰ ਦੀ ਖੁਦਕੁਸ਼ੀ ਵਿੱਚ ਸ਼ਾਮਲ ਅਧਿਕਾਰੀਆਂ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।÷

ਉਨ੍ਹਾਂ ਕਿਹਾ ਕਿ ਆਜ਼ਾਦੀ ਦੇ 79 ਸਾਲਾਂ ਬਾਅਦ ਵੀ ਅਨੁਸੂਚਿਤ ਜਾਤੀਆਂ ਦੇ ਮੈਂਬਰਾਂ ਨੂੰ ਅਪਮਾਨ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜੋ ਕਿ ਇੱਕ ਡੂੰਘੇ ਪੱਖਪਾਤ ਨੂੰ ਦਰਸਾਉਂਦਾ ਹੈ। ਦੋਸ਼ੀਆਂ ਵਿਰੁੱਧ ਸਖ਼ਤ ਕਾਨੂੰਨੀ



ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਭਾਜਪਾ ਆਗੂ ਪਰਮਜੀਤ ਕੈਂਥ ਨੇ ਕਿਹਾ ਕਿ ਜਾਤੀ ਵਿਤਕਰੇ ਅਤੇ ਨਫ਼ਰਤ ਵਿਰੁੱਧ ਸਮਾਜ ਵਿੱਚ ਜਾਗਰੂਕਤਾ ਪੈਦਾ ਕਰਨ ਦੀ ਲੋੜ ਹੈ। ਅਨੁਸੂਚਿਤ ਜਾਤੀ ਭਾਈਚਾਰੇ ਦੇ ਸੀਨੀਅਰ ਆਈਪੀਐਸ ਅਧਿਕਾਰੀ ਵਾਈ. ਪੂਰਨ ਕੁਮਾਰ ਦੇ ਪਰਿਵਾਰ ਨੂੰ ਸਰਕਾਰੀ ਸਹਾਇਤਾ ਅਤੇ ਸੁਰੱਖਿਆ ਦੀ ਲੋੜ ਹੈ। ਉਨ੍ਹਾਂ ਦੇ ਪਰਿਵਾਰ ਨੂੰ ਝੂਠੇ ਕੇਸ ਵਿੱਚ ਫਸਾਉਣ ਦੀ ਹਰਿਆਣਾ ਪ੍ਰਸ਼ਾਸਨ ਵੱਲੋਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ , ਜੋ ਕਿ ਬਹੁਤ ਹੀ ਨਿੰਦਣਯੋਗ ਹਨ। ਭਾਜਪਾ ਆਗੂ ਕੈਂਥ ਨੇ ਮੰਗ ਕੀਤੀ ਕਿ ਕੇਂਦਰ ਅਤੇ ਹਰਿਆਣਾ ਸਰਕਾਰਾਂ ਇਨ੍ਹਾਂ ਘਟਨਾਵਾਂ ਦਾ ਨੋਟਿਸ ਲੈਣ ਅਤੇ ਨਿਆਂਇਕ ਕਾਰਵਾਈ ਕਰਨ।

ਅਨੁਸੂਚਿਤ ਜਾਤੀਆਂ ਦੇ ਹਿੱਤਾਂ ਦੀ ਰਾਖੀ ਕਰਨ ਵਾਲੇ ਭਾਜਪਾ ਆਗੂ ਪਰਮਜੀਤ ਸਿੰਘ ਕੈਂਥ ਨੇ ਅਨੁਸੂਚਿਤ ਜਾਤੀ ਭਾਈਚਾਰੇ ਵਿਰੁੱਧ ਵਾਪਰ ਰਹੀਆਂ ਘਟਨਾਵਾਂ ’ਤੇ ਚਿੰਤਾ ਪ੍ਰਗਟ ਕੀਤੀ।

ਉਨ੍ਹਾਂ ਕਿਹਾ ਕਿ ਜਾਤੀ ਅਤੇ ਸੰਪਰਦਾਇਕ ਭਾਵਨਾਵਾਂ ਦਾ ਸ਼ੋਸ਼ਣ ਕਰਕੇ ਸ਼ਾਂਤੀ ਅਤੇ ਜਨਤਕ ਵਿਵਸਥਾ ਨੂੰ ਭੰਗ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਨੇ ਰਾਸ਼ਟਰੀ ਅਨੁਸੂਚਿਤ ਜਾਤੀ ਕਮਿਸ਼ਨ ਨੂੰ ਇਨ੍ਹਾਂ ਘਟਨਾਵਾਂ ਦੀ ਜਾਂਚ ਕਰਨ ਅਤੇ ਦੋਸ਼ੀਆਂ ਵਿਰੁੱਧ ਕਾਰਵਾਈ ਕਰਨ ਦੀ ਅਪੀਲ ਕੀਤੀ।

ਭਾਜਪਾ ਅਨੁਸੂਚਿਤ ਜਾਤੀ ਮੋਰਚਾ ਪੰਜਾਬ ਦੇ ਉਪ ਪ੍ਰਧਾਨ ਸਰਦਾਰ ਕੈਂਥ ਨੇ ਮੰਗ ਕੀਤੀ ਕਿ ਸਰਕਾਰ ਅਨੁਸੂਚਿਤ ਜਾਤੀ ਭਾਈਚਾਰੇ ਨੂੰ ਵਿਸ਼ੇਸ਼ ਸੁਰੱਖਿਆ ਅਤੇ ਸਹਾਇਤਾ ਪ੍ਰਦਾਨ ਕਰੇ ਅਤੇ ਜਾਤੀ-ਅਧਾਰਤ ਵਿਤਕਰੇ ਅਤੇ ਨਫ਼ਰਤ ਨੂੰ ਰੋਕਣ ਲਈ ਸਮਾਜ ਵਿੱਚ ਜਾਗਰੂਕਤਾ ਪੈਦਾ ਕਰਨ ਲਈ ਇੱਕ ਮੁਹਿੰਮ ਸ਼ੁਰੂ ਕਰੇ।

# 85 ਵਿਦਿਆਰਥੀਆਂ ਵਾਲੇ ਸਰਕਾਰੀ ਮਿਡਲ ਸਕੂਲ ਖੇੜੀ ਗੁੱਜਰਾਂ ਨੇ ਖੇਡਾਂ ਵਿੱਚ ਜਿੱਤੇ 108 ਮੈਡਲ

**ਪਟਿਆਲਾ, 22 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਾਲ 2025-26 ਦੀਆਂ ਪੰਜਾਬ ਸਕੂਲ ਖੇਡਾਂ ਵਿੱਚ ਸ੍ਰੀਮਤੀ ਮਮਤਾ ਰਾਣੀ ਜੀ (ਪੀ.ਟੀ.ਆਈ) ਦੀ ਅਗਵਾਈ ਵਿੱਚ ਸਰਕਾਰੀ ਮਿਡਲ ਸਕੂਲ ਖੇੜੀ ਗੁੱਜਰਾਂ (ਪਟਿਆਲਾ) ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਸਕੂਲ ਨੇ ਜ਼ੋਨ ਪੱਧਰੀ ਅਥਲੈਟਿਕਸ ਟੂਰਨਾਮੈਂਟ 9 ਗੋਲਡ ਮੈਡਲ, 11 ਸਿਲਵਰ ਮੈਡਲ ਅਤੇ 8 ਬਰਾਊਂਜ਼ ਮੈਡਲ ਹਾਸਲ ਕੀਤੇ। ਸਕੂਲ ਨੇ ਬਾਕੀ ਜ਼ੋਨ ਪੱਧਰੀ ਟੂਰਨਾਮੈਂਟਸ ਵਿੱਚ 22 ਸਿਲਵਰ ਮੈਡਲ ਅਤੇ 35 ਬਰਾਊਂਜ਼ ਮੈਡਲ ਹਾਸਲ ਕੀਤੇ। ਜ਼ਿਲ੍ਹਾ ਪੱਧਰੀ ਟੂਰਨਾਮੈਂਟਸ ਵਿੱਚ 3 ਗੋਲਡ ਮੈਡਲ, 3 ਸਿਲਵਰ ਮੈਡਲ ਅਤੇ 17 ਬਰਾਊਂਜ਼ ਮੈਡਲ ਹਾਸਲ ਕੀਤੇ।

ਸਰਕਾਰੀ ਮਿਡਲ ਸਕੂਲ ਖੇੜੀ ਗੁੱਜਰਾਂ (ਪਟਿਆਲਾ) ਨੇ ਪੰਜਾਬ ਸਕੂਲ ਖੇਡਾਂ ਵਿੱਚ ਕੁੱਲ 108 ਮੈਡਲ ਹਾਸਲ ਕੀਤੇ। ਸਕੂਲ ਦੇ 3 ਖਿਡਾਰੀਆਂ ਨੇ ਸਟੇਟ ਪੱਧਰੀ ਖੇਡਾਂ ਵਿੱਚ ਵੀ ਭਾਗ ਲਿਆ। ਸਰਕਾਰੀ ਮਿਡਲ ਸਕੂਲ ਖੇੜੀ ਗੁੱਜਰਾਂ (ਪਟਿਆਲਾ) ਦੇ ਖਿਡਾਰੀਆਂ ਨੇ ਵੱਖ-ਵੱਖ ਖੇਡਾਂ ਜਿਵੇਂ ਕਿ ਖੋ-ਖੋ, ਫੁੱਟਬਾਲ, ਕੱਬਡੀ, ਜੂਡੋ, ਕੁਰਾਸ਼, ਤਾਈਕਵਾਂਡੋ, ਅਥਲੈਟਿਕਸ ਆਦਿ ਵਿੱਚ ਭਾਗ ਲਿਆ। ਸ੍ਰੀਮਤੀ ਮਮਤਾ ਰਾਣੀ ਜੀ ਨੇ ਕਿਹਾ ਕਿ ਉਹ ਆਪਣੇ ਸਕੂਲ ਦੇ ਖਿਡਾਰੀਆਂ ਦੀ ਸਿਖਲਾਈ ਦਾ ਵਿਸ਼ੇਸ਼ ਧਿਆਨ ਰੱਖਦੇ ਹਨ ਅਤੇ ਸਮੇਂ ਸਮੇਂ ਤੇ ਖਿਡਾਰੀਆਂ ਨੂੰ ਆਉਣ



ਵਾਲੀਆਂ ਦਿੱਕਤਾਂ ਦਾ ਹੱਲ ਵੀ ਕਰਦੇ ਰਹਿੰਦੇ ਹਨ। ਸ੍ਰੀਮਤੀ ਮਮਤਾ ਰਾਣੀ ਜੀ ਨੇ ਕਿਹਾ ਕਿ ਉਹ ਆਪਣੇ ਸਕੂਲ ਦੇ ਲੱਗਭੱਗ ਹਰੇਕ ਵਿਦਿਆਰਥੀ ਨੂੰ ਕਿਸੇ ਨਾ ਕਿਸੇ ਖੇਡ ਵਿੱਚ ਜ਼ਰੂਰ ਭਾਗ ਦਵਾਉਂਦੇ ਹਨ। ਸ੍ਰੀਮਤੀ ਮਮਤਾ ਰਾਣੀ ਜੀ ਨੇ ਅਗੇ ਕਿਹਾ ਕਿ ਖੇਡਾਂ ਇੱਕ ਪਾਸੇ ਜਿੱਥੇ ਵਿਦਿਆਰਥੀਆਂ ਨੂੰ ਸਰੀਰਕ ਤੌਰ ਤੇ ਮਜ਼ਬੂਤ ਬਣਾਉਂਦੀਆਂ ਹਨ, ਦੂਜੇ ਪਾਸੇ ਉਹਨਾਂ ਵਿੱਚ ਚੰਗੇ ਗੁਣਾਂ ਦਾ ਨਿਰਮਾਣ ਵੀ ਕਰਦੀਆਂ ਹਨ।

ਸ੍ਰੀਮਤੀ ਰਵਿੰਦਰਪਾਲ ਕੌਰ ਜੀ (ਸਕੂਲ ਇੰਚਾਰਜ) ਨੇ ਕਿਹਾ ਕਿ ਸ੍ਰੀਮਤੀ ਮਮਤਾ ਰਾਣੀ ਜੀ ਦੀ ਮਿਹਨਤ ਸਕਦਾ ਉਹਨਾਂ ਦਾ ਸਕੂਲ ਖੇਡਾਂ ਦੇ ਖੇਤਰ ਵਿੱਚ ਬੜੀ ਤੇਜ਼ੀ ਨਾਲ ਤਰੱਕੀ ਕਰ ਰਿਹਾ ਹੈ। ਸ੍ਰੀਮਤੀ ਰਵਿੰਦਰਪਾਲ ਕੌਰ ਜੀ ਨੇ ਕਿਹਾ ਕਿ ਉਹਨਾਂ ਨੂੰ ਮਾਣ ਹੈ ਕਿ ਸ੍ਰੀਮਤੀ ਮਮਤਾ ਰਾਣੀ ਜੀ ਉਹਨਾ ਦੇ ਸਕੂਲ ਦੇ ਅਧਿਆਪਕ ਹਨ।

# ਸਰਕਾਰੀ ਤੇ ਅਰਧ ਸਰਕਾਰੀ ਵਿਭਾਗਾਂ ਵਿਚਲੇ ਆਊਟ ਸੋਰਸ ਕਰਮੀਆਂ ਨੇ ਧਰਨਾ ਦੇ ਕੇ ਕੀਤੀ ਰੋਸ ਰੈਲੀ : ਦਰਸ਼ਨ ਲੁਬਾਣਾ



**ਪਟਿਆਲਾ, 22 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਦੀ ਕਲਾਸ ਫੋਰਥ ਗੌਰਮਿੰਟ ਇੰਪਲਾਈਜ ਯੂਨੀਅਨ ਪੰਜਾਬ (1680) ਦੇ ਬੈਨਰ ਹੇਠ ਇੱਥੇ ਡਿਪਟੀ ਕਮਿਸ਼ਨਰ ਦਫਤਰ ਵਿਖੇ ਸਰਕਾਰੀ ਤੇ ਅਰਧ ਸਰਕਾਰੀ ਵਿਭਾਗਾਂ ਵਿੱਚ ਲੰਮੇ ਸਮੇਂ ਤੋਂ ਕੰਮ ਕਰ ਰਹੇ ਆਊਟ ਸੋਰਸ, ਡੇਲੀਵੇਜਿਜ਼, ਟੈਂਪਰੇਰੀ, ਪਾਰਟ ਟਾਇਮ, ਸਕਿਲ ਵਰਕਰਾ ਅਤੇ ਸਫਾਈ ਕਾਮਿਆਂ ਵਲੋਂ ਮਾਨਯੋਗ ਸੁਪਰੀਮ ਕੋਰਟ ਉਹ ਫੈਸਲਾ ਜੋ ਗਲਤੀ ਵਿੱਚ ਆਇਆ ਹੈ ਕਿ ਕੇਂਦਰ ਤੇ ਰਾਜ ਸਰਕਾਰਾਂ ਅਧੀਨ ਸਰਕਾਰੀ ਤੇ ਅਰਧ ਸਰਕਾਰੀ ਵਿਭਾਗਾਂ ਵਿਚਲੇ ਸਮੁੱਚੇ ਕੱਚੇ ਕਰਮਚਾਰੀਆਂ ਦਾ ਹੁਣ ਆਰਥਿਕ ਸ਼ੋਸ਼ਣ ਸਰਕਾਰਾਂ ਬੰਦ ਕਰਕੇ ਠੇਕੇਦਾਰੀ ਪ੍ਰਥਾ ਦਾ ਖਾਤਮਾ ਕਰਨ ਸਮੁੱਚੇ ਕਰਮੀਆਂ ਦੀਆਂ ਸੇਵਾਵਾਂ ਨੂੰ ਨਿਯਮਤ ਕਰਨ ਤੋਂ ਪਹਿਲਾਂ ਉਹਨਾਂ ਨੂੰ ਵਿਭਾਗਾਂ ਵਿੱਚ ਖਪਾਉਣ ਤੇ ਤਿੰਨ ਮਹੀਨੇ ਦੇ ਅੰਦਰ ਅੰਦਰ ਪੂਰੀਆਂ ਬਰਾਬਰ ਕੰਮ ਬਰਾਬਰ ਤਨਖਾਹ ਦੇਣਾ ਲਾਗੂ ਕਰਨ ਆਦਿ ਮਾਨਯੋਗ ਸੁਪਰੀਮ ਕੋਰਟ ਨੇ ਸਾਰੀਆਂ ਰਿਟ ਪਟੀਸ਼ਨਾਂ ਨੂੰ ਕਲੱਬ ਕਰਕੇ ਪਿਛਲੇ ਆਫ 1918 ਦੀ ਅੰਤਮ ਸੁਣਵਾਈ ਕਰਦੇ ਹੋਏ ਸੁਣਾਇਆ, ਜੋ ਕੇਂਦਰੀ ਸਰਕਾਰ ਤੇ ਰਾਜ ਸਰਕਾਰਾਂ ਵਲੋਂ ਤਿੰਨ ਮਹੀਨੇ ਵਿੱਚ ਲਾਗੂ ਦਾ ਸਮਾਂ ਦਿੱਤਾ ਹੈ।

ਅੱਜ ਮੁਲਾਜਮਾਂ ਵੱਲੋਂ ਦਰਸ਼ਨ ਸਿੰਘ ਲੁਬਾਣਾ, ਰਣਜੀਤ ਸਿੰਘ ਰਾਣਵਾਂ, ਬਲਜਿੰਦਰ ਸਿੰਘ, ਜਗਮੋਹਨ ਨੋਲੱਖਾ, ਰਾਮ ਪ੍ਰਸਾਦ ਸਹੋਤਾ, ਸ਼ਿਵ ਚਰਨ, ਆਦਿ ਆਗੂਆਂ ਦੀ ਅਗਵਾਈ ਵਿੱਚ ਦਿੱਤੇ ਗਏ ਧਰਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਮਾਨਯੋਗ ਸੁਪਰੀਮ ਕੋਰਟ ਦੇ ਫੈਸਲੇ ਦਾ ਸਤਿਕਾਰ ਕਰਦੇ ਹੋਏ, ਇਸ ਨੂੰ ਲਾਗੂ ਕਰਨ ਲਈ (ਗਸਤੀ ਪੱਤਰ) ਸਿਘਰ ਹੀ ਜਾਰੀ ਕੀਤਾ ਜਾਵੇ, ਆਗੂਆਂ ਨੇ ਕਿਹਾ ਕਿ ਜੇਕਰ ਪੰਜਾਬ ਸਰਕਾਰ ਨੇ ਬੇ-ਲੋੜੀਂਦੀ ਦੇਰੀ ਕੀਤੀ ਤਾਂ ਇੱਕ ਸੂਬਾ ਪੱਧਰ ਦਾ ਧਰਨਾ ਤੇ ਰੈਲੀ ਸਾਰੀਆਂ ਕੱਚੇ ਕਾਮਿਆਂ ਨੂ ਪੱਕਾ ਕਰਵਾਉਣ ਲਈ ਸੰਘਰਸ਼ਸ਼ੀਲ ਸਰਕਾਰੀ ਤੇ ਅਰਧ ਸਰਕਾਰੀ ਅਦਾਰਿਆਂ ਵਿਚਲਿਆ ਜਥੇਬੰਦੀਆਂ ਨਾਲ ਤਾਲਮੇਲ ਕਰਕੇ ਨਿਤ ਭਵਿੱਖ ਵਿੱਚ ਕੀਤੀ ਜਾਵੇਗੀ। ਰੈਲੀ ਦੌਰਾਨ ਮੁਲਾਜਮਾਂ ਤੇ ਪੈਨਸ਼ਨਰਾਂ ਦਾ ਡਿਊ ਮਹਿੰਗਾਈ ਭੱਤਾ ਨਗਦ ਤੇ ਪਿਛਲਾ ਬਕਾਇਆ ਵੀ ਜਾਰੀ ਕਰੇ ਨਹੀਂ ਤਾਂ (ਕਾਲੀ ਦਿਵਾਲੀ) ਮਨਾਉਣਗੇ ਅਤੇ ਸੰਕੇਤਕ ਰੈਲੀਆਂ ਕਰਨਗੇ।

ਇਸ ਮੌਕੇ ਮੰਗ ਕੀਤੀ ਕਿ ਤਨਖਾਹਾਂ ਸਾਰੇ ਮੁਲਾਜਮ ਕੱਚਿਆਂ ਅਤੇ ਪੱਕਿਆਂ ਨੂੰ ਦਿਵਾਲੀ ਤੋਂ ਪਹਿਲਾਂ-ਪਹਿਲਾਂ ਜਾਰੀ ਕੀਤੀਆਂ ਜਾਣ।

ਇਸ ਮੌਕੇ ਤੇ ਹੋਰ ਜੋ ਆਗੂ ਸਾਥੀ ਹਾਜਰ ਸਨ ਉਹਨਾ ਵਿੱਚ ਪ੍ਰਮੁੱਖ ਹਨ ਸਰਵ ਸ੍ਰੀ ਜਗਮੋਹਨ ਸਿੰਘ, ਮੋਧ ਨਾਥ, ਜ਼ਸਪਾਲ ਮਹਿਰਾ, ਤਰਲੋਚਨ ਗਿਰ, ਦਿਆ ਸ਼ੰਕਰ, ਇੰਦਰਪਾਲ ਵਾਲੀਆ, ਤਰਲੋਚਨ ਮੰਡੋਲੀ, ਦਰਸ਼ਨ ਸਿੰਘ ਜੋੜੇ ਮਾਜਰਾ, ਗੁਰਮੇਲ ਸਿੰਘ ਬੰਮਣਾ, ਮੱਖਣ ਸਿੰਘ, ਸੁਖਦੇਵ ਸਿੰਘ ਝੰਡੀ, ਬਲਜੀਤ ਸਿੰਘ ਬੱਲੀ, ਬੁੱਧ ਰਾਮ, ਨੀਸ਼ਾ ਰਾਣੀ, ਰਾਜੂ ਸਨੌਰ, ਹਰਬੰਸ ਵਰਮਾ, ਲਖਵੀਰ ਸਿੰਘ, ਸੁਨੀਲ ਦੱਤ, ਆਦਿ ਹਾਜਰ ਸਨ।

ਕੌਮੀ ਪੱਤ੍ਰਿਕਾ

# ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਪੰਜਾਬ ਸਰਕਾਰ ਦੇ ਲੜੀਵਾਰ ਸਮਾਗਮਾਂ ਦੀ ਸ਼ੁਰੂਆਤ ਗੁਰਦੁਆਰਾ ਸੀਸ ਗੰਜ ਸਾਹਿਬ ਤੋਂ ਅਰਦਾਸ ਕਰਕੇ ਹੋਵੇਗੀ

**➢ ਮੁੱਖ ਮੰਤਰੀ ਅਤੇ ਸਾਰੇ ਕੈਬਨਿਟ ਮੰਤਰੀ 25 ਅਕਤੂਬਰ ਨੂੰ ਗੁਰਦੁਆਰਾ ਸੀਸ ਗੰਜ ਸਾਹਿਬ ਵਿਖੇ ਹੋਣਗੇ ਨਤਮਸਤਕ ➢ ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਨੂੰ ਵੀ ਸ਼ਰਧਾ ਤੇ ਸਤਿਕਾਰ ਭੇਟ ਕਰਨਗੇ ➢ ਨਵੀਂ ਦਿੱਲੀ ਦੇ ਗੁਰਦੁਆਰਾ ਸ੍ਰੀ ਰਕਾਬ ਗੰਜ ਸਾਹਿਬ ਵਿਖੇ ਵਿਸ਼ਾਲ ਕੀਰਤਨ ਦਰਬਾਰ ਹੋਵੇਗਾ**



**ਨਵੀਂ ਦਿੱਲੀ, 22 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਕਰਵਾਏ ਜਾਣ ਵਾਲੇ ਲੜੀਵਾਰ ਸਮਾਗਮਾਂ ਦੀ ਸ਼ੁਰੂਆਤ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਵੱਲੋਂ 25 ਅਕਤੂਬਰ ਨੂੰ ਕੌਮੀ ਰਾਜਧਾਨੀ ਵਿੱਚ ਸਥਿਤ ਇਤਿਹਾਸਕ ਗੁਰਦੁਆਰਾ ਸੀਸ ਗੰਜ ਸਾਹਿਬ ਵਿਖੇ ਅਰਦਾਸ ਕਰਕੇ ਕੀਤੀ ਜਾਵੇਗੀ।

ਅੱਜ ਨਵੀਂ ਦਿੱਲੀ ਵਿੱਚ ਪੰਜਾਬ ਭਵਨ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ, ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਤਰੁਣਪ੍ਰੀਤ ਸਿੰਘ ਸੌਂਦ ਅਤੇ ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲਿਆਂ ਬਾਰੇ ਵਿਭਾਗ ਦੇ ਸਲਾਹਕਾਰ ਦੀਪਕ ਬਾਲੀ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਮਹੀਨਾ ਭਰ ਚੱਲਣ ਵਾਲੇ ਸਮਾਗਮਾਂ ਦੀ ਰੂਪ-ਰੇਖਾ ਉਲੀਕੀ ਗਈ ਹੈ।

ਉਨ੍ਹਾਂ ਕਿਹਾ ਕਿ ਇਨ੍ਹਾਂ ਸਮਾਗਮਾਂ ਦੀ ਸ਼ੁਰੂਆਤ 25 ਅਕਤੂਬਰ ਨੂੰ ਦਿੱਲੀ ਵਿੱਚ ਗੁਰਦੁਆਰਾ ਸੀਸ ਗੰਜ ਸਾਹਿਬ ਤੋਂ ਹੋਵੇਗੀ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਸਾਰੇ ਕੈਬਨਿਟ ਮੰਤਰੀ ਅਤੇ ਹੋਰ ਉੱਘੀਆਂ ਸ਼ਖ਼ਸੀਅਤਾਂ ਗੁਰਦੁਆਰਾ ਸੀਸ ਗੰਜ ਸਾਹਿਬ ਵਿਖੇ ਨਤਮਸਤਕ ਹੋਣਗੀਆਂ। ਇਸ ਮੌਕੇ ਮੁੱਖ ਮੰਤਰੀ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੇ ਸ਼ਹੀਦੀ ਸਥਾਨ 'ਤੇ ਜਾ ਕੇ ਸ਼ਰਧਾ ਤੇ ਸਤਿਕਾਰ ਭੇਟ ਕਰਨਗੇ ਜਿਨ੍ਹਾਂ ਨੇ ਗੁਰੂ ਸਾਹਿਬ ਪ੍ਰਤੀ ਸਿਦਕ ਨਿਭਾਉਂਦਿਆਂ ਲਾਸਾਨੀ ਕੁਰਬਾਨੀ ਦਿੱਤੀ। ਉਨ੍ਹਾਂ ਦੱਸਿਆ ਕਿ 25 ਅਕਤੂਬਰ ਦੀ ਸ਼ਾਮ ਨੂੰ ਗੁਰਦੁਆਰਾ ਸ੍ਰੀ ਰਕਾਬ ਗੰਜ ਸਾਹਿਬ ਵਿਖੇ ਵਿਸ਼ਾਲ ਕੀਰਤਨ ਦਰਬਾਰ ਕਰਵਾਇਆ ਜਾਵੇਗਾ ਜਿਸ ਵਿੱਚ ਵੱਡੀ ਗਿਣਤੀ ਵਿੱਚ ਸੰਗਤ ਸ਼ਰਧਾ ਭਾਵਨਾ ਨਾਲ ਹਾਜ਼ਰੀ ਭਰੇਗੀ।

ਉਨ੍ਹਾਂ ਕਿਹਾ ਕਿ ਦਿੱਲੀ ਵਿਖੇ 'ਹਿੰਦ ਦੀ ਚਾਦਰ' ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਮਨੁੱਖੀ ਹੱਕਾਂ ਦੀ ਰਾਖੀ ਅਤੇ ਧਾਰਮਿਕ ਆਜ਼ਾਦੀ ਲਈ ਬਲੀਦਾਨ ਦਿੱਤਾ ਸੀ ਜਿਸ ਦੀ ਮਿਸਾਲ ਦੁਨੀਆ ਦੇ ਇਤਿਹਾਸ ਵਿੱਚ ਹੋਰ ਕਿਤੇ ਨਹੀਂ ਮਿਲਦੀ। ਨੌਵੇਂ ਪਾਤਸ਼ਾਹ ਸਾਂਝੀਵਾਲਤਾ ਤੇ ਧਰਮ ਨਿਰਪੱਖਤਾ ਦੇ ਮੁਦੱਈ ਸਨ ਅਤੇ ਗੁਰੂ ਸਾਹਿਬ ਜੀ ਦਾ ਮਹਾਨ ਜੀਵਨ ਅਤੇ ਫਲਸਫਾ ਸਮੁੱਚੀ ਮਨੁੱਖਤਾ ਲਈ ਚਾਨਣ ਮੁਨਾਰਾ ਹੈ।

ਉਨ੍ਹਾਂ ਕਿਹਾ ਕਿ ਇਸ ਤੋਂ ਬਾਅਦ ਪਹਿਲੀ ਨਵੰਬਰ ਤੋਂ 18 ਨਵੰਬਰ ਤੱਕ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿਚ ਲਾਈਟ ਐਂਡ ਸਾਊਂਡ ਸ਼ੋਅ ਕਰਵਾਏ ਜਾਣਗੇ ਜਿਸ ਵਿਚ ਸ੍ਰੀ ਗੁਰੂ ਤੇਗ ਬਹਾਦਹ ਜੀ ਦੇ ਮਹਾਨ ਜੀਵਨ ਅਤੇ ਫਲਸਫੇ ਨੂੰ ਦਰਸਾਇਆ ਜਾਵੇਗਾ। ਉਨਾਂ ਦੱਸਿਆ ਕਿ ਗੁਰੂ ਸਾਹਿਬ ਜੀ ਦੇ ਚਰਨ ਛੋਹ ਪ੍ਰਾਪਤ ਨਗਰਾਂ ਤੇ ਸ਼ਹਿਰਾਂ ਵਿਚ ਕੀਰਤਨ ਸਮਾਗਮ ਕਰਵਾਏ ਜਾਣਗੇ। ਉਨ੍ਹਾਂ ਦੱਸਿਆ ਕਿ ਇਨ੍ਹਾਂ ਸਮਾਗਮਾਂ ਦਾ ਮੁੱਖ ਉਦੇਸ਼ ਗੁਰੂ ਸਾਹਿਬ ਦੇ ਜੀਵਨ, ਉਨ੍ਹਾਂ ਦੇ ਫਲਸਫ਼ੇ ਅਤੇ ਮਹਾਨ ਬਲੀਦਾਨ, ਜਿਸ ਤੋਂ ਦੁਨੀਆ ਭਰ ਦੇ ਲੱਖਾਂ ਲੋਕ ਪ੍ਰੇਰਨਾ ਲੈਂਦੇ ਹਨ, ਬਾਰੇ ਲੋਕਾਈ ਨੂੰ ਜਾਣੂੰ ਕਰਵਾਉਣ ਉਤੇ ਕੇਂਦਰਿਤ ਹੋਵੇਗਾ।

ਉਨ੍ਹਾਂ ਕਿਹਾ ਕਿ 18 ਨਵੰਬਰ ਨੂੰ ਸ੍ਰੀਨਗਰ (ਜੰਮੂ-ਕਸ਼ਮੀਰ) ਵਿੱਚ ਕੀਰਤਨ ਦਰਬਾਰ ਕਰਵਾਇਆ ਜਾਵੇਗਾ। ਅਗਲੇ ਦਿਨ 19 ਨਵੰਬਰ ਨੂੰ ਸ੍ਰੀਨਗਰ ਤੋਂ ਨਗਰ ਕੀਰਤਨ ਸਜਾਇਆ ਜਾਵੇਗਾ, ਜਿਸ ਵਿੱਚ ਸੈਂਕੜੇ ਕਸ਼ਮੀਰੀ ਪੰਡਿਤ ਵੀ ਸੰਗਤ ਨਾਲ ਸ਼ਾਮਲ ਹੋਣਗੇ। ਉਨ੍ਹਾਂ ਕਿਹਾ ਕਿ ਇਹ ਨਗਰ ਕੀਰਤਨ 19 ਨਵੰਬਰ ਨੂੰ ਜੰਮੂ ਵਿਖੇ, 20 ਨਵੰਬਰ ਨੂੰ ਪਠਾਨਕੋਟ ਵਿੱਚ ਅਤੇ 21 ਨਵੰਬਰ ਨੂੰ ਹੁਸ਼ਿਆਰਪੁਰ ਵਿਖੇ ਠਹਿਰਾਅ ਕਰੇਗਾ ਅਤੇ 22 ਨਵੰਬਰ ਨੂੰ ਨਗਰ ਕੀਰਤਨ ਸ੍ਰੀ ਅਨੰਦਪੁਰ ਸਾਹਿਬ ਸੰਪੂਰਨ ਹੋਵੇਗਾ। ਇਸੇ ਦੌਰਾਨ 20 ਨਵੰਬਰ ਨੂੰ ਤਖ਼ਤ ਸ੍ਰੀ ਦਮਦਮਾ ਸਾਹਿਬ (ਤਲਵੰਡੀ ਸਾਬੋ), ਫ਼ਰੀਦਕੋਟ ਅਤੇ ਗੁਰਦਾਸਪੁਰ ਤੋਂ ਤਿੰਨ ਨਗਰ ਕੀਰਤਨ ਸਜਾਏ ਜਾਣਗੇ ਅਤੇ ਇਹ ਸਾਰੇ ਨਗਰ ਕੀਰਤਨ 22 ਨਵੰਬਰ ਨੂੰ ਸ੍ਰੀ ਅਨੰਦਪੁਰ ਸਾਹਿਬ ਵਿੱਚ ਸੰਪੂਰਨ ਹੋਣਗੇ। ਉਨ੍ਹਾਂ ਦੱਸਿਆ ਕਿ ਇਸ ਇਤਿਹਾਸਕ ਯਾਦਗਾਰੀ ਮੌਕੇ ਸੂਬਾ ਸਰਕਾਰ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਵਿੱਚ 23 ਨਵੰਬਰ ਤੋਂ 25 ਨਵੰਬਰ ਤੱਕ ਵਿਆਪਕ ਪੱਧਰ 'ਤੇ ਸਮਾਗਮ ਕਰਵਾਏ ਜਾਣਗੇ। ਉਨ੍ਹਾਂ ਕਿਹਾ ਕਿ ਸ੍ਰੀ ਅਨੰਦਪੁਰ ਸਾਹਿਬ ਵਿੱਚ ਵੱਡੀ ਗਿਣਤੀ ਵਿਚ ਪਹੁੰਚਣ ਵਾਲੇ ਸ਼ਰਧਾਲੂਆਂ ਦੇ ਠਹਿਰਾਅ ਲਈ ਟੈਂਟ ਸਿਟੀ ਬਣਾਈ ਜਾਵੇਗੀ, ਜਿਸ ਦਾ ਨਾਮ 'ਚੱਕ ਨਾਨਕੀ' ਹੋਵੇਗਾ। ਇਸ ਟੈਂਟ ਸਿਟੀ ਵਿੱਚ ਰੋਜ਼ਾਨਾ 15 ਹਜ਼ਾਰ ਸੰਗਤ ਦੇ ਠਹਿਰਨ ਦੀ ਸਮਰੱਥਾ ਹੋਵੇਗੀ। ਉਨ੍ਹਾਂ ਕਿਹਾ ਕਿ ਇਸ ਪਵਿੱਤਰ ਨਗਰੀ ਵਿੱਚ ਸਰਬ ਧਰਮ ਸੰਮੇਲਨ ਵੀ ਕਰਵਾਇਆ ਜਾਵੇਗਾ। ਇਸ ਇਤਿਹਾਸਕ ਨਗਰੀ ਵਿੱਚ ਗੁਰੂ ਸਾਹਿਬ ਦੇ ਜੀਵਨ ਤੇ ਫਲਸਫ਼ੇ ਨੂੰ ਦਰਸਾਉਂਦੀ ਪ੍ਰਦਰਸ਼ਨੀ ਤੇ ਡਰੋਨ ਸ਼ੋਅ ਵੀ ਕਰਵਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ 24 ਨਵੰਬਰ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਸ੍ਰੀ ਅਨੰਦਪੁਰ ਸਾਹਿਬ ਵਿਖੇ ਕਰਵਾਇਆ ਜਾਵੇਗਾ ਜਿੱਥੇ ਗੁਰੂ ਸਾਹਿਬ ਜੀ ਦੇ ਮਹਾਨ ਜੀਵਨ, ਫਲਸਫੇ ਅਤੇ ਮਨੁੱਖੀ ਹੱਕਾਂ ਤੇ ਧਾਰਮਿਕ ਆਜ਼ਾਦੀ ਲਈ ਦਿੱਤੇ ਬਲੀਦਾਨ ਬਾਰੇ ਉੱਘੀਆਂ ਸ਼ਖ਼ਸੀਅਤਾਂ ਆਪਣੇ ਵਿਚਾਰ ਸਾਂਝੇ ਕਰਨਗੀਆਂ।

ਉਨ੍ਹਾਂ ਕਿਹਾ ਕਿ 25 ਅਕਤੂਬਰ ਨੂੰ ਗੁਰਦੁਆਰਾ ਸੀਸ ਗੰਜ ਸਾਹਿਬ ਤੋਂ ਸ਼ੁਰੂ ਹੋਏ ਲੜੀਵਾਰ ਸਮਾਗਮਾਂ ਦੀ ਸੰਪੂਰਨਤਾ 25 ਨਵੰਬਰ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਵੇਗੀ। ਉਨ੍ਹਾਂ ਕਿਹਾ ਕਿ 25 ਨਵੰਬਰ ਨੂੰ ਸੂਬਾ ਪੱਧਰ 'ਤੇ ਖ਼ੂਨਦਾਨ ਕੈਂਪ ਲਾਇਆ ਜਾਵੇਗਾ ਅਤੇ ਜੰਗਲਾਤ ਵਿਭਾਗ ਵੱਲੋਂ ਵੱਡੇ ਪੱਧਰ ਉੱਤੇ ਪੌਦੇ ਲਾਉਣ ਦੀ ਮੁਹਿੰਮ ਸਣੇ 'ਸਰਬੱਤ ਦਾ ਭਲਾ ਇਕੱਤਰਤਾ' ਵੀ ਕਰਵਾਈ ਜਾਵੇਗੀ। ਉਨ੍ਹਾਂ ਕਿਹਾ ਕਿ ਇਨ੍ਹਾਂ ਸਮਾਗਮਾਂ ਵਿੱਚ ਭਾਰਤ ਦੇ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ, ਦੂਜੇ ਸੂਬਿਆਂ ਦੇ ਮੁੱਖ ਮੰਤਰੀਆਂ, ਵੱਖ-ਵੱਖ ਦੇਸ਼ਾਂ ਦੇ ਰਾਜਦੂਤਾਂ ਸਮੇਤ ਹੋਰ ਪਤਵੰਤਿਆਂ ਨੂੰ ਸੱਦਾ ਦਿੱਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਪੰਜਾਬ ਦੇ ਸਾਰੇ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਦੇ 70 ਲੱਖ ਵਿਦਿਆਰਥੀਆਂ ਨੂੰ ਰੋਜ਼ਾਨਾ ਕੁਝ ਸਮਾਂ ਗੁਰੂ ਸਾਹਿਬ ਦੇ ਜੀਵਨ, ਦਰਸ਼ਨ ਅਤੇ ਕੁਰਬਾਨੀ ਬਾਰੇ ਜਾਣੂ ਕਰਵਾਇਆ ਜਾਵੇਗਾ।

ਇਸ ਦੌਰਾਨ ਉਨ੍ਹਾਂ ਦੱਸਿਆ ਕਿ 350 ਸਾਲਾ ਸ਼ਹੀਦੀ ਦਿਵਸ ਨੂੰ ਸ਼ਰਧਾਮਈ ਢੰਗ ਨਾਲ ਮਨਾਉਣ ਲਈ ਦੁਨੀਆ ਭਰ ਤੋਂ ਸੰਤ ਸਮਾਜ ਦੇ ਸਤਿਕਾਰਤ ਆਗੂਆਂ ਦਾ ਆਸ਼ੀਰਵਾਦ ਤੇ ਸੁਝਾਅ ਲਏ ਗਏ ਹਨ। ਉਨਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਆਪਣੇ-ਆਪ ਨੂੰ ਭਾਗਾਂ ਵਾਲੀ ਸਮਝਦੀ ਹੈ ਜਿਸ ਦੇ ਕਾਰਜਕਾਲ ਦੌਰਾਨ ਇਸ ਇਤਿਹਾਸਕ ਮੌਕੇ ਸੇਵਾ ਕਰਨ ਦਾ ਸੁਭਾਗ ਹਾਸਲ ਹੋਇਆ ਹੈ। ਉਨ੍ਹਾਂ ਨੇ ਦੇਸ਼ ਵਿਦੇਸ਼ ਵਿੱਚ ਵਸਦੀ ਸੰਗਤ ਨੂੰ ਇਨ੍ਹਾਂ ਸਮਾਗਮਾਂ ਵਿੱਚ ਵਧ-ਚੜ੍ਹ ਕੇ ਸ਼ਾਮਲ ਹੋਣ ਦੀ ਅਪੀਲ ਕੀਤੀ।

ਇਸ ਦੌਰਾਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਲੋਗੋ ਵੀ ਜਾਰੀ ਕੀਤਾ ਗਿਆ। ਇਸ ਮੌਕੇ ਦਿੱਲੀ ਦੇ ਤਿਲਕ ਨਗਰ ਹਲਕੇ ਤੋਂ ਵਿਧਾਇਕ ਜਰਨੈਲ ਸਿੰਘ ਅਤੇ ਸਕੱਤਰ ਸੈਰ ਸਪਾਟਾ ਤੇ ਸੱਭਿਆਚਾਰ ਮਾਮਲੇ ਅਭਿਨਵ ਤ੍ਰਿਖਾ ਹਾਜ਼ਰ ਸਨ।

# ਬਹੁਜਨ ਸਮਾਜ ਪਾਰਟੀ ਦਾ ਵਫਦ ਰਾਜਪਾਲ ਨੂੰ ਮਿਲਿਆ



**ਚੰਡੀਗੜ੍ਹ, 22 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਬਹੁਜਨ ਸਮਾਜ ਪਾਰਟੀ (ਬਸਪਾ) ਪੰਜਾਬ ਦਾ ਇੱਕ ਵਫਦ ਅੱਜ ਪੰਜਾਬ ਦੇ ਰਾਜਪਾਲ ਮਾਣਯੋਗ ਸ੍ਰੀ ਗੁਲਾਬ ਚੰਦ ਕਟਾਰੀਆ ਨੂੰ ਮਿਲਿਆ। ਵਫਦ ਦੀ ਅਗਵਾਈ ਬਸਪਾ ਦੇ ਸੂਬਾ ਪ੍ਰਧਾਨ ਤੇ ਸਾਬਕਾ ਸੰਸਦ ਮੈਂਬਰ ਡਾ. ਅਵਤਾਰ ਸਿੰਘ ਕਰੀਮਪੁਰੀ ਨੇ ਕੀਤੀ। ਇਸ ਵਫਦ ਵਿੱਚ ਬਸਪਾ ਦੇ ਸੂਬਾ ਕੋਆਰਡੀਨੇਟਰ ਤੇ ਵਿਧਾਇਕ ਨਵਾਂਸ਼ਹਿਰ ਡਾ. ਨਛੱਤਰ ਪਾਲ, ਸੂਬਾ ਕੋਆਰਡੀਨੇਟਰ ਪ੍ਰਜਾਪਤੀ ਅਜੀਤ ਸਿੰਘ ਭੈਣੀ, ਸੂਬਾ ਕੋਆਰਡੀਨੇਟਰ ਤੀਰਥ ਸਿੰਘ ਮਹਿਰਾ ਰਾਜਪੁਰਾ, ਸੂਬਾ ਕੋਆਰਡੀਨੇਟਰ ਚੌਧਰੀ ਗੁਰਨਾਮ ਸਿੰਘ ਤੇ ਸੂਬਾ ਜਨਰਲ ਸਕੱਤਰ ਐਡਵੋਕੇਟ ਬਲਵਿੰਦਰ ਕੁਮਾਰ ਸ਼ਾਮਿਲ ਸਨ।

ਬਸਪਾ ਆਗੂਆਂ ਨੇ ਰਾਜਪਾਲ ਤੋਂ ਏਡੀਜੀਪੀ ਹਰਿਆਣਾ ਆਈਪੀਐੱਸ ਅਫਸਰ ਵਾਈ ਪੂਰਨ ਕੁਮਾਰ ਦੀ ਮੌਤ ਦੇ ਮਾਮਲੇ ਵਿੱਚ ਨਿਰਪੱਖ ਉੱਚ ਪੱਧਰੀ ਜਾਂਚ ਤੇ ਪੀੜਤ ਪਰਿਵਾਰ ਨੂੰ ਇਨਸਾਫ ਦੇਣ ਦੀ ਮੰਗ ਕੀਤੀ। ਇਸ ਦੇ ਨਾਲ ਹੀ ਉਨ੍ਹਾਂ ਨੇ ਮਾਣਯੋਗ ਰਾਜਪਾਲ ਦੇ ਧਿਆਨ ਵਿੱਚ ਇਹ ਵੀ ਲਿਆਂਦਾ ਕਿ ਅਨੁਸੂਚਿਤ ਜਾਤੀਆਂ 'ਤੇ ਅੱਤਿਆਚਾਰ ਦੇ ਮਾਮਲੇ ਸਿਰਫ ਹਰਿਆਣਾ ਵਿੱਚ ਹੀ ਨਹੀਂ, ਬਲਕਿ ਪੰਜਾਬ ਵਿੱਚ ਵੀ ਵੱਡੇ ਪੱਧਰ 'ਤੇ ਹੋ ਰਹੇ ਹਨ।

ਉਨ੍ਹਾਂ ਕਿਹਾ ਕਿ ਆਈਪੀਐੱਸ ਅਫਸਰ ਦੀ ਮੌਤ ਦੇ ਮਾਮਲੇ ਨੇ ਇਨ੍ਹਾਂ ਅੱਤਿਆਚਾਰਾਂ ਦੇ ਮਾਮਲਿਆਂ ਨੂੰ ਮੁੜ ਉਭਾਰਿਆ ਹੈ। ਇਸ ਕਰਕੇ ਲੋਕਾਂ ਵਿੱਚ ਖਾਸ ਕਰਕੇ ਐੱਸਸੀ ਵਰਗ ਵਿੱਚ ਕਾਫੀ ਰੋਸ ਹੈ ਤੇ ਉਹ ਇਨ੍ਹਾਂ ਨੂੰ ਬਰਦਾਸ਼ਤ ਕਰਨ ਵਾਲੇ ਨਹੀਂ ਹਨ। ਪੰਜਾਬ ਵਿੱਚ ਆਪ ਦੀ ਸਰਕਾਰ ਵਿੱਚ ਸੱਤਾਧਾਰੀ ਧਿਰ ਤੇ ਪ੍ਰਸ਼ਾਸਨ ਵੱਲੋਂ ਆਮ ਲੋਕਾਂ ਦੇ ਨਾਲ-ਨਾਲ ਐੱਸਸੀ ਵਰਗ 'ਤੇ ਵੀ ਵੱਡੇ ਪੱਧਰ 'ਤੇ ਅੱਤਿਆਚਾਰ ਕੀਤੇ ਜਾ ਰਹੇ ਹਨ।

ਪਟਿਆਲਾ ਦੇ ਪਿੰਡ ਬਸੋਈ ਕਲਾਂ ਵਿੱਚ ਐਸਸੀ ਵਰਗ ਦੇ ਲੋਕਾਂ ਨੇ ਪੰਚਾਇਤੀ ਜ਼ਮੀਨ ਦੇ ਐਸਸੀ ਲਈ ਰਾਖਵੇਂ 35 ਏਕੜ ਹਿੱਸੇ ਦੀ ਬੋਲੀ ਦਿੱਤੀ ਸੀ। ਇਸ ਦੇ ਲਈ ਉਨ੍ਹਾਂ ਵੱਲੋਂ ਪੰਚਾਇਤ ਵਿਭਾਗ ਨੂੰ ਕਰੀਬ ਸਾਢੇ ਗਿਆਰਾਂ ਲੱਖ ਰੁਪਏ ਜਮ੍ਹਾਂ ਵੀ ਕਰਵਾਏ ਗਏ ਸਨ, ਪਰ ਅੱਜ ਤੱਕ ਉਨ੍ਹਾਂ ਨੂੰ ਪੰਚਾਇਤੀ ਜ਼ਮੀਨ ਦਾ ਕਬਜ਼ਾ ਨਹੀਂ ਦਿੱਤਾ ਗਿਆ। ਇਸ ਤੋਂ ਇਲਾਵਾ ਉਨ੍ਹਾਂ ਦੇ ਵਿਰੋਧੀ ਲੈਂਡ ਮਾਫੀਆ ਵੱਲੋਂ ਉਨ੍ਹਾਂ 'ਤੇ ਹਮਲਾ ਵੀ ਕੀਤਾ ਗਿਆ ਤੇ ਇਸ ਮਾਮਲੇ ਵਿੱਚ ਵੀ ਉਨ੍ਹਾਂ ਨੂੰ ਕੋਈ ਇਨਸਾਫ ਨਹੀਂ ਮਿਲਿਆ। ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਵੀ ਐੱਸਸੀ ਵਰਗ ਦੇ ਦੋ ਸਰਪੰਚਾਂ 'ਤੇ ਹਮਲੇ ਕੀਤੇ ਗਏ, ਪਰ ਇਨ੍ਹਾਂ ਮਾਮਲਿਆਂ ਵਿੱਚ ਵੀ ਸੱਤਾਧਾਰੀ ਧਿਰ ਦੇ ਪ੍ਰਭਾਵ ਹੇਠ ਲੋੜੀਂਦੀ ਸਖਤ ਕਾਰਵਾਈ ਨਹੀਂ ਕੀਤੀ ਗਈ। ਇਸ ਤੋਂ ਇਲਾਵਾ ਐੱਸਸੀ ਵਰਗ ਦੇ ਲੋਕਾਂ ਨੂੰ ਝੂਠੇ ਪਰਚਿਆਂ ਵਿੱਚ ਵੀ ਫਸਾਇਆ ਜਾ ਰਿਹਾ ਹੈ ਤੇ ਉਨ੍ਹਾਂ ਨੂੰ ਨਜਾਇਜ਼ ਰੂਪ ਵਿੱਚ ਜੇਲ੍ਹ ਭੇਜਿਆ ਜਾ ਰਿਹਾ ਹੈ। ਇਸ ਤੋਂ ਇਲਾਵਾ ਹੜ੍ਹਾਂ ਦੇ ਮਾਮਲਿਆਂ ਵਿੱਚ ਵੀ ਸਰਕਾਰ ਵੱਲੋਂ ਕਿਸਾਨਾਂ, ਮਜ਼ਦੂਰਾਂ, ਪੀੜਤ ਲੋਕਾਂ ਦੀ ਜ਼ਰੂਰੀ ਮਦਦ ਨਹੀਂ ਕੀਤੀ ਗਈ।

# ਵੇਦਾਂਤਾ ਪਾਵਰ ਦੇ ਟੀਐਸਪੀਐਲ ਨੇ ਪੰਜਾਬ ਵਿੱਚ 27,000 ਏਕੜ ਖੇਤੀਯੋਗ ਜ਼ਮੀਨ ਨੂੰ ਪਰਾਲੀ ਸਾੜਨ ਤੋਂ ਬਚਾਉਣ ਦਾ ਉਦੇਸ਼



**ਬਠਿੰਡਾ, 22 ਅਕਤੂਬਰ/-ਆਸ਼ੂ ਖੰਨਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਤਲਵੰਡੀ ਸਾਬੋ ਪਾਵਰ ਲਿਮਟਿਡ (ਟੀਐਸਪੀਐਲ), ਪੰਜਾਬ ਦੇ ਸਭ ਤੋਂ ਵੱਡੇ ਅਤੇ ਉੱਤਰੀ ਭਾਰਤ ਦੇ ਸਭ ਤੋਂ ਵੱਡੇ ਨਿੱਜੀ ਥਰਮਲ ਪਾਵਰ ਪਲਾਂਟ, ਨੇ ਆਪਣੀ ਪ੍ਰਮੁੱਖ ਸੀਐਸਆਰ ਪਹਿਲਕਦਮੀ ਨਵੀਂ ਦਿਸ਼ਾ ਦੇ ਤਹਿਤ ਟਿਕਾਊ ਖੇਤੀ ਨੂੰ ਉਤਸ਼ਾਹਿਤ ਕਰਨ ਲਈ ਪਿੰਡ ਰਾਏਪੁਰ, ਮਾਨਸਾ ਵਿਖੇ ਝੋਨੇ ਦੀ ਪਰਾਲੀ ਪ੍ਰਬੰਧਨ 'ਤੇ ਇੱਕ ਮੈਗਾ ਜਾਗਰੂਕਤਾ ਕੈਂਪ ਸ਼ੁਰੂ ਕੀਤਾ। ਇਹ ਪਹਿਲ ਕਿਸਾਨਾਂ ਨੂੰ ਪਰਾਲੀ ਸਾੜਨ ਦੇ ਟਿਕਾਊ ਵਿਕਲਪਾਂ ਬਾਰੇ ਜਾਗਰੂਕ ਕਰਨ ਅਤੇ ਵਾਤਾਵਰਣ-ਅਨੁਕੂਲ ਫਸਲੀ ਰਹਿੰਦ-ਖੂੰਹਦ ਪ੍ਰਬੰਧਨ ਅਭਿਆਸਾਂ ਨੂੰ ਉਤਸ਼ਾਹਿਤ ਕਰਨ ਦੀ ਕੋਸ਼ਿਸ਼ ਕਰਦੀ ਹੈ। ਰਾਏਪੁਰ, ਮੂਸਾ ਅਤੇ ਬਨਵਾਲਾ ਸਮੇਤ 13 ਪਿੰਡਾਂ ਦੇ 270 ਤੋਂ ਵੱਧ ਕਿਸਾਨਾਂ ਨੇ ਕੈਂਪ ਵਿੱਚ ਹਿੱਸਾ ਲਿਆ।

ਇਸ ਸਮਾਗਮ ਵਿੱਚ ਹਰਪ੍ਰੀਤ ਪਾਲ ਕੌਰ, ਮੁੱਖ ਖੇਤੀਬਾੜੀ ਅਫ਼ਸਰ, ਮਾਨਸਾ; ਕਮਲਦੀਪ ਸਿੰਘ, ਬਲਾਕ ਖੇਤੀਬਾੜੀ ਅਫ਼ਸਰ, ਝੁਨੀਰ; ਚਮਨਦੀਪ ਸਿੰਘ, ਖੇਤੀਬਾੜੀ ਤਕਨਾਲੋਜੀ ਪ੍ਰਬੰਧਨ ਏਜੰਸੀ; ਅੰਮ੍ਰਿਤਪਾਲ ਸਿੰਘ, ਖੇਤੀਬਾੜੀ ਵਿਕਾਸ ਅਫ਼ਸਰ; ਅਤੇ ਪ੍ਰਭਦਿਆਲ ਸਿੰਘ, ਮੱਛੀ ਪਾਲਣ ਵਿਕਾਸ ਅਫ਼ਸਰ, ਮਾਨਸਾ ਸ਼ਾਮਲ ਸਨ। ਰਾਏਪੁਰ-1 ਤੋਂ ਰਾਜੂ ਸਿੰਘ, ਰਾਏਪੁਰ-2 ਤੋਂ ਸੁਖਰਾਜ ਸਿੰਘ ਅਤੇ ਤਲਵੰਡੀ ਅਕਲੀਆ ਤੋਂ ਨਾਇਬ ਸਿੰਘ ਸਮੇਤ ਪਿੰਡਾਂ ਦੇ ਸਰਪੰਚਾਂ ਨੇ ਵੀ ਹਿੱਸਾ ਲਿਆ। ਟੀਐਸਪੀਐਲ ਦੀ ਨੁਮਾਇੰਦਗੀ ਪੰਕਜ ਸ਼ਰਮਾ, ਸੀਈਓ, ਅਤੇ ਸੀਨੀਅਰ ਲੀਡਰਸ਼ਿਪ ਨੇ ਕੀਤੀ।

ਇਕੱਠ ਵਿੱਚ, ਕਿਸਾਨਾਂ ਨੂੰ ਝੋਨੇ ਦੀ ਪਰਾਲੀ (ਪਰਾਲੀ) ਨੂੰ ਸਾੜਨ ਤੋਂ ਬਚਣ ਅਤੇ ਮਲਚਿੰਗ, ਖਾਦ ਬਣਾਉਣ ਅਤੇ ਮਸ਼ੀਨੀ ਕਟਾਈ ਵਰਗੇ ਟਿਕਾਊ ਅਭਿਆਸਾਂ ਨੂੰ ਅਪਣਾਉਣ ਦੀ ਅਪੀਲ ਕੀਤੀ ਗਈ। ਪਰਾਲੀ ਸਾੜਨ ਨੂੰ ਹਵਾ ਦੀ ਗੁਣਵੱਤਾ, ਮਿੱਟੀ ਦੀ ਉਪਜਾਊ ਸ਼ਕਤੀ ਅਤੇ ਜੈਵ ਵਿਭਿੰਨਤਾ ਲਈ ਖ਼ਤਰਾ ਦੱਸਿਆ ਗਿਆ। ਇਨ੍ਹਾਂ ਵਾਤਾਵਰਣ-ਅਨੁਕੂਲ ਤਰੀਕਿਆਂ ਨੂੰ ਅਪਣਾਉਣ ਵਾਲੇ ਪ੍ਰਗਤੀਸ਼ੀਲ ਕਿਸਾਨਾਂ ਨੂੰ ਰੋਲ ਮਾਡਲ ਵਜੋਂ ਸਨਮਾਨਿਤ ਕੀਤਾ ਗਿਆ, ਜੋ ਪੰਜਾਬ ਭਰ ਵਿੱਚ ਸਾਫ਼-ਸੁਥਰੀ ਅਤੇ ਹਰਿਆਲੀ ਭਰੀ ਖੇਤੀ ਲਈ ਪ੍ਰੇਰਿਤ ਕਰਦੇ ਹਨ।

ਵੇਦਾਂਤਾ ਲਿਮਟਿਡ ਦੇ ਪਾਵਰ ਦੇ ਸੀਈਓ ਰਾਜਿੰਦਰ ਸਿੰਘ ਆਹੂਜਾ ਨੇ ਕਿਹਾ ਕਿ, ਵੇਦਾਂਤਾ ਪਾਵਰ ਸਥਿਰਤਾ ਅਤੇ ਪੇਂਡੂ ਖੁਸ਼ਹਾਲੀ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਪਿਛਲੇ ਸਾਲ ਟੀਐਸਪੀਐਲ ਦੇ ਯਤਨਾਂ ਨੇ 20,000 ਏਕੜ ਤੋਂ ਵੱਧ ਖੇਤੀਯੋਗ ਜ਼ਮੀਨ ਨੂੰ ਬਚਾਉਣ ਵਿੱਚ ਮਦਦ ਕੀਤੀ ਅਤੇ ਲਗਭਗ 8 ਲੱਖ ਟਨ ਝੋਨੇ ਦੀ ਰਹਿੰਦ-ਖੂੰਹਦ ਨੂੰ ਸਾੜਨ ਤੋਂ ਰੋਕਿਆ, ਇੱਕ ਪੁਰਾਣੀ ਚੁਣੌਤੀ ਨੂੰ ਸਾਫ਼ ਊਰਜਾ ਅਤੇ ਹਰੇ ਭਰੇ ਕੱਲ੍ਹ ਦੇ ਮੌਕੇ ਵਿੱਚ ਬਦਲ ਦਿੱਤਾ।

ਟੀਐਸਪੀਐਲ ਦੇ ਸੀਈਓ ਪੰਕਜ ਸ਼ਰਮਾ ਨੇ ਅੱਗੇ ਕਿਹਾ ਕਿ ਇਸ ਸਾਲ, ਕੰਪਨੀ ਦਾ ਉਦੇਸ਼ ਆਪਣੀ ਪਹੁੰਚ ਨੂੰ ਵਧਾਉਣਾ ਅਤੇ 27,000 ਏਕੜ ਖੇਤ ਨੂੰ ਪਰਾਲੀ ਸਾੜਨ ਤੋਂ ਬਚਾਉਣਾ ਹੈ।

ਮੁਹਿੰਮ ਦੀ ਪਹੁੰਚ ਨੂੰ ਵਧਾਉਣ ਲਈ, ਤਿੰਨ ਮੋਬਾਈਲ ਜਾਗਰੂਕਤਾ ਵੈਨਾਂ ਨੂੰ ਰਵਾਨਾ ਕੀਤਾ ਗਿਆ ਤਾਂ ਜੋ ਨੇੜਲੇ ਪਿੰਡਾਂ ਵਿੱਚ ਪਰਾਲੀ ਸਾੜਨ ਦੇ ਖ਼ਤਰਿਆਂ ਅਤੇ ਵਿਵਹਾਰਕ ਵਾਤਾਵਰਣ-ਅਨੁਕੂਲ ਵਿਕਲਪਾਂ ਬਾਰੇ ਸੰਦੇਸ਼ ਫੈਲਾਏ ਜਾ ਸਕਣ। ਇਹ ਮੋਬਾਈਲ ਯੂਨਿਟ ਪ੍ਰਦਰਸ਼ਨ ਅਤੇ ਮਾਰਗਦਰਸ਼ਨ ਪ੍ਰਦਾਨ ਕਰਨਗੇ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਕੋਈ ਵੀ ਕਿਸਾਨ ਅਣਜਾਣ ਨਾ ਰਹੇ।

ਇਹ ਜਾਗਰੂਕਤਾ ਮੁਹਿੰਮ ਇੱਕ ਮਹੱਤਵਪੂਰਨ ਸਮੇਂ 'ਤੇ ਆ ਰਹੀ ਹੈ, ਕਿਉਂਕਿ ਪੰਜਾਬ ਵਿੱਚ ਝੋਨੇ ਦੀ ਪਰਾਲੀ ਸਾੜਨ ਦੀ ਸ਼ੁਰੂਆਤ ਆਮ ਤੌਰ 'ਤੇ ਅਕਤੂਬਰ ਦੇ ਅੱਧ ਵਿੱਚ ਹੁੰਦੀ ਹੈ, ਜੋ ਕਿ ਸਾਉਣੀ ਦੀ ਫ਼ਸਲ ਤੋਂ ਬਾਅਦ ਹੁੰਦੀ ਹੈ, ਇੱਕ ਅਜਿਹਾ ਅਭਿਆਸ ਹੈ ਜੋ ਪੂਰੇ ਉੱਤਰੀ ਭਾਰਤ ਵਿੱਚ ਮੌਸਮੀ ਹਵਾ ਪ੍ਰਦੂਸ਼ਣ ਅਤੇ ਮਿੱਟੀ ਦੇ ਪਤਨ ਵਿੱਚ ਭਾਰੀ ਯੋਗਦਾਨ ਪਾਉਂਦਾ ਹੈ।

ਪਿਛਲੇ ਸਾਲ, ਟੀਐਸਪੀਐਲ ਦੀ ਇੱਕ ਮਹੀਨੇ ਦੀ ਮੁਹਿੰਮ ਨੇ 20,000 ਏਕੜ ਤੋਂ ਵੱਧ ਖੇਤੀਯੋਗ ਜ਼ਮੀਨ ਨੂੰ ਸਫਲਤਾਪੂਰਵਕ ਸਾੜਨ ਤੋਂ ਬਚਾਇਆ, ਲਗਭਗ 8 ਲੱਖ ਟਨ ਝੋਨੇ ਦੀ ਰਹਿੰਦ-ਖੂੰਹਦ ਨੂੰ ਬਾਇਓਮਾਸ ਊਰਜਾ ਵਿੱਚ ਰੀਡਾਇਰੈਕਟ ਕੀਤਾ। ਇਹ ਮੁਹਿੰਮ 26 ਪਿੰਡਾਂ ਦੇ 2,200 ਕਿਸਾਨਾਂ ਤੱਕ ਪਹੁੰਚੀ, 30+ ਜਾਗਰੂਕਤਾ ਕੈਂਪ, ਰੈਲੀਆਂ ਅਤੇ ਵਿਦਿਆਰਥੀ ਮੁਕਾਬਲੇ ਆਯੋਜਿਤ ਕੀਤੇ, ਅਤੇ ਝੋਨੇ ਦੀ ਰਹਿੰਦ-ਖੂੰਹਦ ਨੂੰ ਬਾਇਓਮਾਸ ਊਰਜਾ ਲਈ ਸਫਲਤਾਪੂਰਵਕ ਰੀਡਾਇਰੈਕਟ ਕੀਤਾ, ਇਹ ਦਰਸਾਉਂਦੇ ਹੋਏ ਕਿ ਕਿਵੇਂ ਸਮੂਹਿਕ ਕਾਰਵਾਈ ਅਰਥਪੂਰਨ ਵਾਤਾਵਰਣ ਤਬਦੀਲੀ ਲਿਆ ਸਕਦੀ ਹੈ।

ਇਹ ਪਹਿਲ ਵੇਦਾਂਤਾ ਪਾਵਰ ਦੇ 'ਟ੍ਰਾਂਸਫਾਰਮਿੰਗ ਫਾਰ ਗੁਡ' ਦੇ ESG ਦ੍ਰਿਸ਼ਟੀਕੋਣ ਨੂੰ ਉਜਾਗਰ ਕਰਦੀ ਹੈ, ਜੋ ਵਾਤਾਵਰਣ ਸੰਭਾਲ, ਭਾਈਚਾਰਕ ਭਾਈਵਾਲੀ ਅਤੇ ਟਿਕਾਊ ਪੇਂਡੂ ਵਿਕਾਸ ਪ੍ਰਤੀ TSPL ਦੀ ਵਚਨਬੱਧਤਾ ਨੂੰ ਮਜ਼ਬੂਤ ਕਰਦੀ ਹੈ।

# ਪਰਾਲੀ ਦੇ ਸੁਚੱਜੇ ਪ੍ਰਬੰਧਨ ਲਈ ਮੁਹਿੰਮ ਤਹਿਤ 8 ਏਕੜ ਵਿੱਚ ਬਾਇਓ ਡੀਕੰਪੋਜਰ ਦੇ ਕੀਤੇ ਟਰਾਇਲ

**ਮਲੇਰਕੋਟਲਾ, 22 ਅਕਤੂਬਰ**
**-ਰਾਜੇਸ਼ ਸ਼ਰਮਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਵਿਰਾਜ ਐਸ. ਤਿੜਕੇ ਦੇ ਦਿਸ਼ਾ- ਨਿਰਦੇਸ਼ਾਂ ਹੇਠ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਜ਼ਿਲ੍ਹੇ ਵਿੱਚ ਪਰਾਲੀ ਪ੍ਰਬੰਧਨ ਲਈ ਜਾਗਰੂਕਤਾ ਮੁਹਿੰਮ ਚਲਾਈ ਜਾ ਰਹੀ ਹੈ। ਇਸ ਮੁਹਿੰਮ ਤਹਿਤ ਕਿਸਾਨਾਂ ਨੂੰ ਮੁਫ਼ਤ ਬਾਇਓ ਡੀਕੰਪੋਜ਼ਰ (Bio Decomposer) ਵੰਡੇ ਗਏ, ਤਾਂ ਜੋ ਪਰਾਲੀ ਨੂੰ ਸਾੜਨ ਦੀ ਥਾਂ ਉਸਨੂੰ ਖੇਤ ਵਿੱਚ ਕੁਦਰਤੀ ਤਰੀਕੇ ਨਾਲ ਖਾਦ ਵਜੋਂ ਤਬਦੀਲ ਕੀਤਾ ਜਾ ਸਕੇ।

ਇਸ ਮੌਕੇ ਖੇਤੀਬਾੜੀ ਵਿਕਾਸ ਅਫਸਰ ਸਤਿੰਦਰ ਕੌਰ ਅਤੇ ਸਹਾਇਕ ਤਕਨਾਲੋਜੀ ਮੈਨੇਜਰ ਮਨਵੀਰ ਸਿੰਘ ਵੱਲੋਂ ਕਿਸਾਨ ਲਪਿੰਦਰ ਸਿੰਘ (ਪਿੰਡ ਮਾਣਕ ਮਾਜਰਾ) ਦੇ ਖੇਤਾਂ ਵਿੱਚ 8 ਏਕੜ ਦੇ ਖੇਤਰਫਲ 'ਤੇ ਬਾਇਓ ਡੀਕੰਪੋਜ਼ਰ ਦੇ ਟਰਾਇਲ ਕਰਵਾਏ ਗਏ। ਇਸ ਦੌਰਾਨ ਹੋਰ ਕਿਸਾਨਾਂ ਨੂੰ ਵੀ ਪ੍ਰੇਰਿਤ ਕੀਤਾ ਗਿਆ ਕਿ ਉਹ ਪਰਾਲੀ ਨਾ ਸਾੜਨ ਅਤੇ ਬਾਇਓ ਡੀਕੰਪੋਜ਼ਰ ਦੀ ਵਰਤੋਂ ਦੁਆਰਾ ਪਰਾਲੀ ਨੂੰ ਖਾਦ ਵਿੱਚ ਤਬਦੀਲ ਕਰਨ । ਉਨ੍ਹਾਂ ਇਹ ਵੀ ਕਿਹਾ ਕਿ ਪਰਾਲੀ ਨੂੰ ਖੇਤਾਂ ਵਿੱਚ ਵਹਾਉਣ ਨਾਲ ਜਮੀਨ ਦੀ ਉਪਜਾਊ ਸਕਤੀ ਵਧੇਗੀ ਅਤੇ ਅਗਲੀ ਫਸਲ ਦਾ ਝਾੜ ਵੀ ਵਧੇਗਾ। ਇਸ ਤੋਂ ਇਲਾਵਾ ਸਾਡਾ ਵਾਤਾਵਰਨ ਵੀ ਪ੍ਰਦੂਸ਼ਿਤ ਨਹੀਂ ਹੋਵੇਗਾ।

ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਵੱਲੋਂ ਕਿਸਾਨਾਂ ਨਾਲ ਪਰਾਲੀ ਪ੍ਰਬੰਧਨ ਦੇ ਵਿਗਿਆਨਿਕ ਢੰਗ, ਪਰਾਲੀ ਪ੍ਰਬੰਧਨ ਦੇ ਆਧੁਨਿਕ ਉਪਕਰਨਾਂ ਦੀ ਵਰਤੋ ਅਤੇ ਮਿੱਟੀ ਦੀ ਉਪਜਾਊ ਸ਼ਕਤੀ ਵਧਾਉਣ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ। ਉਹਨਾਂ ਦੱਸਿਆ ਕਿ ਕਿਸਾਨ ਹੈਪੀ ਸੀਡਰ, ਸੁਪਰ ਸੀਡਰ, ਸਰਫੇਸ ਸੀਡਰ, ਮਲਚਰ ਆਦਿ ਮਸ਼ੀਨਾਂ ਨਾਲ ਕਣਕ ਦੀ ਬਿਜਾਈ ਕਰਕੇ ਪਰਾਲੀ ਦਾ ਸੁਚੱਜਾ ਪ੍ਰਬੰਧ ਕਰ ਸਕਦੇ ਹਨ।

**ਡਿਜੀਟਲ ਕ੍ਰਾਂਤੀ: ਪੰਜਾਬ ਦੇ ਸਰਕਾਰੀ ਸਕੂਲਾਂ ਨੂੰ 98 ਕਰੋੜ ਰੁਪਏ ਨਾਲ ਇੰਟਰਐਕਟਿਵ ਸਮਾਰਟ ਪੈਨਲਾਂ ਨਾਲ ਕੀਤਾ ਜਾਵੇਗਾ ਲੈਸ**

# ਸਿੱਖਿਆ 'ਚ ਕ੍ਰਾਂਤੀਕਾਰੀ ਬਦਲਾਅ ਲਿਆਉਣ ਲਈ ਸੂਬੇ ਦੇ 3600 ਸਰਕਾਰੀ ਸਕੂਲਾਂ ਵਿੱਚ 8 ਹਜ਼ਾਰ ਤੋਂ ਵੱਧ ਅਤਿ-ਆਧੁਨਿਕ ਇੰਟਰਐਕਟਿਵ ਫਲੈਟ ਪੈਨਲ ਲਗਾਏ ਜਾਣਗੇ: ਹਰਜੋਤ ਸਿੰਘ ਬੈਂਸ

**ਚੰਡੀਗੜ੍ਹ, 22 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਕੂਲ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਨੇ ਅੱਜ ਦੱਸਿਆ ਕਿ ਸੂਬੇ ਦੀ ਸਿੱਖਿਆ ਪ੍ਰਣਾਲੀ ਨੂੰ ਆਧੁਨਿਕ ਡਿਜੀਟਲ ਯੁੱਗ ਦਾ ਹਾਣੀ ਬਣਾਉਣ ਦੇ ਉਦੇਸ਼ ਨਾਲ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਸਰਕਾਰੀ ਸਕੂਲਾਂ ਵਿੱਚ 98 ਕਰੋੜ ਰੁਪਏ ਦੀ ਲਾਗਤ ਨਾਲ 8230 ਤੋਂ ਵੱਧ ਅਤਿ-ਆਧੁਨਿਕ ਇੰਟਰਐਕਟਿਵ ਫਲੈਟ ਪੈਨਲ (ਆਈ.ਐਫ.ਪੀਜ਼) ਲਗਾਏ ਜਾਣਗੇ, ਜਿਸ ਦਾ ਉਦੇਸ਼ ਕਲਾਸਰੂਮਾਂ ਵਿੱਚ ਸਿੱਖਿਅਕ ਗਤੀਵਿਧੀਆਂ ਨੂੰ ਹੋਰ ਦਿਲਚਸਪ ਬਣਾਉਣਾ, ਸੰਕਲਪ ਨੂੰ ਬਿਹਤਰ ਢੰਗ ਨਾਲ ਸਮਝਾਉਣਾ ਅਤੇ ਸਿੱਖਣ ਦੇ ਨਤੀਜਿਆਂ ਵਿੱਚ ਹੋਰ ਵਾਧਾ ਕਰਨਾ ਹੈ।

ਇਸ ਅਹਿਮ ਪ੍ਰੋਜੈਕਟ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਸ. ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਸੂਬੇ ਦੇ 3,600 ਸਰਕਾਰੀ ਸਕੂਲ ਵਿੱਚ ਅਤਿ-ਆਧੁਨਿਕ ਇੰਟਰਐਕਟਿਵ ਫਲੈਟ ਪੈਨਲ (ਆਈ.ਐਫ.ਪੀਜ਼) ਲਗਾਏ ਜਾਣਗੇ। ਉਨ੍ਹਾਂ ਦੱਸਿਆ ਕਿ ਮਾਰਚ 2026 ਤੱਕ, ਇਹ ਪਹਿਲਕਦਮੀ ਲੱਖਾਂ ਵਿਦਿਆਰਥੀਆਂ ਲਈ ਸਿੱਖਣ ਪ੍ਰਣਾਲੀ ਵਿੱਚ ਅਹਿਮ ਬਦਲਾਅ ਲਿਆਵੇਗੀ ਅਤੇ ਰਵਾਇਤੀ ਸਿੱਖਿਆ ਵਿਧੀਆਂ ਦੀ ਥਾਂ ਗਤੀਸ਼ੀਲ, ਇੰਟਰਐਕਟਿਵ ਡਿਜੀਟਲ ਕਲਾਸਰੂਮ ਪੇਸ਼ ਕਰੇਗੀ। ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਸੂਬੇ ਵਿੱਚ ਮਿਆਰੀ ਸਿੱਖਿਆ ਪ੍ਰਦਾਨ ਕਰਨ ਪ੍ਰਤੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਸ. ਹਰਜੋਤ ਸਿੰਘ ਬੈਂਸ ਨੇ ਕਿਹਾ, ÷ਇਹ ਪੰਜਾਬ ਦੇ ਹਰੇਕ ਬੱਚੇ ਲਈ ਬਰਾਬਰ, ਵਿਸ਼ਵ ਪੱਧਰੀ ਸਿੱਖਿਆ ਯਕੀਨੀ ਬਣਾ ਕੇ ਡਿਜੀਟਲ ਪਾੜੇ ਨੂੰ ਪੂਰਨ ਕਰਨ ਵੱਲ ਇੱਕ ਅਹਿਮ ਕਦਮ ਹੈ। ਅਸੀਂ ਆਪਣੇ ਅਧਿਆਪਕਾਂ ਨੂੰ ਸਸ਼ਕਤ ਬਣਾ ਰਹੇ ਹਾਂ ਅਤੇ ਆਪਣੇ ਵਿਦਿਆਰਥੀਆਂ ਨੂੰ ਭਵਿੱਖ ਦੇ ਖੋਜੀ ਅਤੇ ਨੇਤਾ ਬਣਨ ਲਈ ਤਿਆਰ ਕਰ ਰਹੇ ਹਾਂ। ਇਹ ਨਿਵੇਸ਼ ਭਵਿੱਖ ਲਈ ਤਿਆਰ ਪੰਜਾਬ ਸਿਰਜਣ ਪ੍ਰਤੀ ਸਾਡੀ ਅਟੁੱਟ ਵਚਨਬੱਧਤਾ ਨੂੰ ਦਰਸਾਉਂਦਾ ਹੈ, ਜਿੱਥੇ ਦੂਰ-ਦੁਰਾਡੇ ਦੇ ਸਕੂਲ ਵਿੱਚ ਵਿਦਿਆਰਥੀਆਂ ਨੂੰ ਸ਼ਹਿਰੀ ਸਕੂਲਾਂ ਵਾਂਗ ਅਤਿ-ਆਧੁਨਿਕ ਸਿੱਖਿਆ ਸਾਧਨਾਂ ਤੱਕ ਪਹੁੰਚ ਪ੍ਰਦਾਨ ਕੀਤੀ ਜਾ ਰਹੀ ਹੈ। ਸਿੱਖਿਆ ਮੰਤਰੀ ਨੇ ਡਿਜੀਟਲ ਪਹਿਲਕਦਮੀ ਦੇ ਡੂੰਘੇ ਪ੍ਰਭਾਵ ਨੂੰ ਉਜਾਗਰ ਕਰਦਿਆਂ ਕਿਹਾ ਕਿ ਇਸ ਨਾਲ ਪੜ੍ਹਾਈ ਵਿੱਚ ਦਿਲਚਸਪੀ 'ਚ ਵਾਧਾ ਹੋਵੇਗਾ ਅਤੇ ਵਿਦਿਆਰਥੀਆਂ ਦੀ ਭਾਗੀਦਾਰੀ ਵਧੇਗੀ। ਇਸ ਦੇ ਨਾਲ ਹੀ ਸਿੱਖਣ ਦੇ ਬਿਹਤਰ ਨਤੀਜੇ ਪ੍ਰਾਪਤ ਹੋਣਗੇ ਅਤੇ ਨਵੀਨਤਾਕਾਰੀ ਸਿੱਖਿਆ ਸ਼ਾਸਤਰ ਅਤੇ ਵਧੇਰੇ ਪ੍ਰਭਾਵਸ਼ਾਲੀ ਕਲਾਸਰੂਮ ਨਾਲ ਅਧਿਆਪਕਾਂ ਨੂੰ ਸਸ਼ਕਤ ਬਣਾਇਆ ਜਾਵੇਗਾ। ਇਸ ਪਹਿਲ ਦਾ ਸਿਖਰਲਾ ਟੀਚਾ ਵਿਦਿਆਰਥੀਆਂ ਨੂੰ 21ਵੀਂ ਸਦੀ ਵਿੱਚ ਬੁਲੰਦੀਆਂ ਹਾਸਲ ਕਰਨ ਦੇ ਯੋਗ ਬਣਾਉਣ ਲਈ ਹੁਨਰਾਂ ਅਤੇ ਗਿਆਨ ਨਾਲ ਲੈਸ ਕਰਨਾ ਹੈ। ਇਹ ਕਦਮ ਸੂਬੇ ਵਿੱਚ ਭਵਿੱਖੀ ਸਿੱਖਿਆ ਪ੍ਰਣਾਲੀਆਂ ਲਿਆਉਣ ਪ੍ਰਤੀ ਪੰਜਾਬ ਸਰਕਾਰ ਦੇ ਦ੍ਰਿਸ਼ਟੀਕੋਣ ਨੂੰ ਦਰਸਾਉਂਦਾ ਹੈ।



ਸ. ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਕਲਾਸਰੂਮਾਂ ਨੂੰ 75-ਇੰਚ ਮਲਟੀ-ਟੱਚ, ਹਾਈ-ਡੈਫੀਨੇਸ਼ਨ ਸਮਾਰਟ ਪੈਨਲਾਂ ਨਾਲ ਲੈਸ ਕੀਤਾ ਜਾਵੇਗਾ ਜਿਨ੍ਹਾਂ ਵਿੱਚ ਏਕੀਕ੍ਰਿਤ ਕੰਪਿਊਟਿੰਗ, ਬਿਲਟ-ਇਨ ਸਪੀਕਰ, ਸਟਾਈਲਸ ਸਪੋਰਟ ਅਤੇ ਪ੍ਰੀ-ਲੋਡ ਇੰਟਰਐਕਟਿਵ ਲਰਨਿੰਗ ਟੂਲਸ ਸ਼ਾਮਲ ਹੋਣਗੇ। ਉਨ੍ਹਾਂ ਕਿਹਾ ਕਿ ਪ੍ਰੋਗਰਾਮ ਦੀ ਸਫਲਤਾ ਅਤੇ ਜਵਾਬਦੇਹੀ ਨੂੰ ਯਕੀਨੀ ਬਣਾਉਣ ਲਈ, ਸਹਾਇਤਾ ਵਾਸਤੇ ਇੱਕ ਮਜ਼ਬੂਤ ਢਾਂਚਾ ਸਥਾਪਤ ਕੀਤਾ ਗਿਆ ਹੈ ਜਿਸ ਵਿੱਚ 5 ਸਾਲ ਦੀ ਵਿਆਪਕ ਆਨਸਾਈਟ ਵਾਰੰਟੀ, ਸਥਾਨਕ ਸੇਵਾ ਕੇਂਦਰਾਂ ਦਾ ਵਿਆਪਕ ਨੈੱਟਵਰਕ ਅਤੇ ਇੱਕ ਸੁਚੱਜੀ ਨਿਗਰਾਨ ਪ੍ਰਣਾਲੀ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਡਿਵਾਈਸਾਂ ਦੀ ਵਰਤੋਂ ਅਤੇ ਕਾਰਗੁਜ਼ਾਰੀ ਦੀ ਰਿਮੋਟ ਟਰੈਕਿੰਗ ਲਈ ਇਹਨਾਂ ਡਿਵਾਈਸਾਂ ਨੂੰ ਇੱਕ ਰੀਅਲ-ਟਾਈਮ ਮੈਨੇਜਮੈਂਟ ਇਨਫਰਮੇਸ਼ਨ ਸਿਸਟਮ (ਐਮ.ਆਈ.ਐਸ.) ਨਾਲ ਜੋੜਿਆ ਜਾਵੇਗਾ, ਜਿਸਦਾ ਸਮਰਥਨ ਇੱਕ ਕੇਂਦਰੀਕ੍ਰਿਤ ਸ਼ਿਕਾਇਤ-ਨਿਪਟਾਰਾ ਡੈਸ਼ਬੋਰਡ ਦੁਆਰਾ ਕੀਤਾ ਜਾਵੇਗਾ ਅਤੇ ਇਸ ਵਿੱਚ ਚੋਰੀ, ਨੁਕਸਾਨ ਅਤੇ ਕੁਦਰਤੀ ਆਫ਼ਤਾਂ ਦੇ ਸਬੰਧ ਵਿੱਚ ਮੁਕੰਮਲ ਬੀਮਾ ਕਵਰੇਜ ਸ਼ਾਮਲ ਹੋਵੇਗੀ।

# ਆਪ ਸਰਕਾਰ ਨੇ ਏਡਿਡ ਸਕੂਲਾਂ ਦੇ ਸਟਾਫ ਦਾ ਕੱਢਿਆ ਦਿਵਾਲਾ : ਮਦਨੀਪੁਰ

**ਪਟਿਆਲਾ, 22 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਦੇ ਹਜ਼ਾਰਾਂ ਅਧਿਆਪਕਾਂ ਤੇ ਹੋਰ ਕਰਮਚਾਰੀਆਂ ਨੂੰ ਪਿਛਲੇ 7 ਮਹੀਨਿਆਂ ਤੋਂ ਤਨਖਾਹ ਨਹੀਂ ਮਿਲੀ ਹੈ। ਜਿਸ ਕਰਕੇ ਇਹਨਾਂ ਸਕੂਲਾਂ ਦੇ ਮੁਲਾਜ਼ਮਾਂ ਨੇ ਗੂੰਗੀ ਤੇ ਬੋਲੀ ਸਰਕਾਰ ਦੇ ਖਿਲਾਫ 20 ਅਕਤੂਬਰ ਨੂੰ ਤਰਨਤਾਰਨ ਵਿਖੇ ਮੋਰਚਾ ਖੋਲ੍ਹ ਕੇ ਕਾਲੀ ਦੀਵਾਲੀ ਮਨਾਉਣ ਦਾ ਐਲਾਨ ਕੀਤਾ ਹੈ।ਇਸ ਸਬੰਧੀ ਪੰਜਾਬ ਰਾਜ ਸਰਕਾਰੀ ਸਹਾਇਤਾ ਪ੍ਰਾਪਤ ਅਧਿਆਪਕ ਅਤੇ ਹੋਰ ਕਰਮਚਾਰੀ ਯੂਨੀਅਨ ਦੇ ਸੂਬਾ ਪ੍ਰਧਾਨ ਗੁਰਮੀਤ ਸਿੰਘ ਮਦਨੀਪੁਰ ਅਤੇ ਸੂਬਾ ਸਕੱਤਰ ਸ਼ਰਨਜੀਤ ਸਿੰਘ ਕਾਦੀਮਾਜਰਾ ਨੇ ਕਿਹਾ ਕਿ ਸਿੱਖਿਆ ਅਤੇ ਵਿੱਤ ਵਿਭਾਗ ਦੇ ਅਧਿਕਾਰੀਆਂ ਤੇ ਮੰਤਰੀਆਂ ਨਾਲ ਵਾਰ ਵਾਰ ਮੀਟਿੰਗਾਂ ਕਰਨ 'ਤੇ ਵੀ ਇਹਨਾਂ ਸਕੂਲਾਂ ਵਿਚ ਕੰਮ ਕਰਦੇ ਹਜ਼ਾਰਾਂ ਅਧਿਆਪਕਾਂ ਤੇ ਕਰਮਚਾਰੀਆਂ ਨੂੰ ਮਾਰਚ 2025 ਤੋਂ ਬਾਅਦ ਤਨਖਾਹ ਗ੍ਰਾਂਟ ਜਾਰੀ ਨਹੀ ਕੀਤੀ ਗਈ। ਉਹਨਾਂ ਕਿਹਾ ਕਿ ਏਡਿਡ ਸਕੂਲਾਂ ਦੀਆਂ ਮੈਨੇਜਮੈਂਟਾਂ ਦੇ ਆਡਿਟ ਦੇ ਨਾਮ ਤੇ ਮੁਲਾਜ਼ਮਾਂ ਦੀ ਤਨਖਾਹ ਲੰਬੇ ਸਮੇਂ ਤੋਂ ਰੋਕੀ ਗਈ ਹੈ। ਜਦਕਿ ਵਿਭਾਗ ਕੋਲ ਆਡਿਟ ਕਰਨ ਲਈ ਲੋੜੀਂਦਾ ਸਟਾਫ ਵੀ ਨਹੀਂ ਹੈ। ਸਿੱਖਿਆ ਵਿਭਾਗ ਕੋਲ ਸ਼ੈਕਸ਼ਨ ਅਫਸਰਾਂ ਦੀ ਘਾਟ ਦਾ ਖਮਿਆਜ਼ਾ ਏਡਿਡ ਸਕੂਲਾਂ ਦੇ ਅਧਿਆਪਕਾਂ ਨੂੰ ਭੁਗਤਣਾ ਪੈ ਰਿਹਾ ਹੈ। ਯੂਨੀਅਨ ਆਗੂਆਂ ਨੇ ਕਿਹਾ ਕਿ 1967 ਤੋਂ ਬਾਅਦ ਅਜਿਹਾ ਪਹਿਲੀ ਵਾਰ ਹੋਇਆ ਹੈ ਕਿ ਸੂਬਾ ਸਰਕਾਰ ਨੇ ਪ੍ਰਬੰਧਕ ਕਮੇਟੀਆਂ ਦੇ ਆਡਿਟ ਦੇ ਬਹਾਨੇ ਬਣਾ ਕੇ ਸਟਾਫ ਦੀ ਗ੍ਰਾਂਟ ਰੋਕੀ ਹੋਈ ਹੈ। ਉਹਨਾਂ ਕਿਹਾ ਕਿ ਸਰਕਾਰ ਏਡਿਡ ਸਕੂਲਾਂ ਨੂੰ ਬੰਦ ਕਰਨ ਦੀ ਸਾਜਿਸ਼ ਰਚ ਰਹੀ ਹੈ। ਉਹਨਾਂ ਕਿਹਾ ਕਿ ਦੁਸਹਿਰਾ ਤੇ ਦੀਵਾਲੀ ਵਰਗੇ ਤਿਉਹਾਰ ਵੀ ਬਿਨ੍ਹਾ ਤਨਖਾਹ ਮਿਲੇ ਲੰਘ ਰਹੇ ਹਨ। ਉਹਨਾਂ ਆਖਿਆ ਕਿ ਲੰਬੇ ਸਮੇਂ ਤੋਂ ਤਨਖਾਹਾਂ ਨਾ ਮਿਲਣ ਕਾਰਨ ਮੁਲਾਜ਼ਮ ਵਰਗ ਦੀ ਆਰਥਿਕ ਹਾਲਤ ਵਿਗੜ ਚੁੱਕੀ ਹੈ ਪਰ ਸਿੱਖਿਆ ਕ੍ਰਾਂਤੀ ਦੇ ਦਾਅਵੇ ਕਰਨ ਵਾਲੀ ਸਰਕਾਰ ਅਧਿਆਪਕਾਂ ਨੂੰ ਤਨਖਾਹ ਦੇਣ ਤੋਂ ਵੀ ਇਨਕਾਰੀ ਹੈ। ਉਹਨਾਂ ਕਿਹਾ ਕਿ ਜਥੇਬੰਦੀ ਵਲੋਂ ਮੰਤਰੀਆਂ ਤੇ ਅਫਸਰਾਂ ਨੂੰ ਵਾਰ ਵਾਰ ਬੇਨਤੀ ਕਰਨ ਤੇ ਵੀ ਉਹਨਾਂ ਦੀ ਕੋਈ ਸੁਣਵਾਈ ਨਹੀਂ ਹੋਈ ਤੇ ਲਾਰਿਆਂ ਤੋਂ ਬਿਨਾਂ ਕੱਖ ਵੀ ਪੱਲੇ ਨਹੀਂ ਪਿਆ। ਮਦਨੀ ਪੁਰ ਨੇ ਕਿਹਾ ਕਿ ਤਨਖਾਹਾਂ ਨਾ ਦੇਣਾ ਗੈਰ ਮਨੁੱਖੀ ਵਤੀਰੇ ਤੋਂ ਘੱਟ ਨਹੀਂ ਹੈ ਜੋ ਕਿ ਪੜ੍ਹੇ ਲਿਖੇ ਵਰਗ ਨਾਲ ਸ਼ਰੇਆਮ ਧੱਕਾ ਹੈ।

# 'ਯੁੱਧ ਨਸਿਆਂ ਵਿਰੁੱਧ': 229ਵੇਂ ਦਿਨ ਪੰਜਾਬ ਪੁਲਿਸ ਨੇ 95 ਨਸ਼ਾ ਤਸਕਰਾਂ ਨੂੰ 3.4 ਕਿਲੋਗ੍ਰਾਮ ਹੈਰੋਇਨ ਸਮੇਤ ਕੀਤਾ ਗ੍ਰਿਫ਼ਤਾਰ

**ਚੰਡੀਗੜ੍ਹ, 22 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸੂਬੇ ਵਿੱਚੋਂ ਨਸਿ ?ਆਂ ਦੇ ਖਾਤਮੇ ਲਈ ਚਲਾਈ ਗਈ ਮੁਹਿੰਮ ਯੁੱਧ ਨਸਿ ?ਆਂ ਵਿਰੁੱਧ ਦੇ ਲਗਾਤਾਰ 229ਵੇਂ ਦਿਨ ਪੰਜਾਬ ਪੁਲਿਸ ਨੇ ਵੀਰਵਾਰ ਨੂੰ 427 ਥਾਵਾਂ 'ਤੇ ਛਾਪੇਮਾਰੀ ਕੀਤੀ, ਜਿਸ ਦੌਰਾਨ ਸੂਬੇ ਭਰ ਵਿੱਚ 95 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਉਪਰੰਤ 82 ਐਫਆਈਆਰਜ਼ ਦਰਜ ਕੀਤੀਆਂ ਗਈਆਂ। ਇਸ ਦੇ ਨਾਲ, 229 ਦਿਨਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 33,219 ਹੋ ਗਈ ਹੈ। ਛਾਪਿਆਂ ਦੇ ਨਤੀਜੇ ਵਜੋਂ ਗ੍ਰਿਫ਼ਤਾਰ ਕੀਤੇ ਗਏ ਨਸ਼ਾ ਤਸਕਰਾਂ ਦੇ ਕਬਜ਼ੇ ਵਿੱਚੋਂ 3.4 ਕਿਲੋ ਹੈਰੋਇਨ, 7.5 ਕਿਲੋ ਭੁੱਕੀ, 878 ਨਸ਼ੀਲੀਆਂ ਗੋਲੀਆਂ/ਕੈਪਸੂਲ ਅਤੇ 9210 ਰੁਪਏ ਦੀ ਡਰੱਗ ਮਨੀ ਬਰਾਮਦ ਹੋਈ ਹੈ।

ਜਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੁਲਿਸ [illegible] ਸੀਨੀਅਰ ਪੁਲਿਸ ਸੁਪਰਡੈਂਟ ਨੂੰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਕਿਹਾ ਹੈ। ਪੰਜਾਬ ਸਰਕਾਰ ਨੇ ਨਸਿ ?ਆਂ ਵਿਰੁੱਧ ਜੰਗ ਦੀ ਨਿਗਰਾਨੀ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਵਿੱਚ 5 ਮੈਂਬਰੀ ਕੈਬਨਿਟ ਸਬ ਕਮੇਟੀ ਦਾ ਗਠਨ ਵੀ ਕੀਤਾ ਹੈ।

74 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 1200 ਤੋਂ ਵੱਧ ਪੁਲਿਸ ਮੁਲਾਜ਼ਮਾਂ ਵਾਲੀਆਂ 120 ਤੋਂ ਵੱਧ ਪੁਲਿਸ ਟੀਮਾਂ ਨੇ ਰਾਜ ਭਰ ਵਿੱਚ 427 ਥਾਵਾਂ ਤੇ ਛਾਪੇਮਾਰੀ ਕੀਤੀ । ਪੁਲਿਸ ਟੀਮਾਂ ਨੇ ਦਿਨ ਭਰ ਚੱਲੇ ਇਸ ਆਪ੍ਰੇਸ਼ਨ ਦੌਰਾਨ 469 ਸ਼ੱਕੀ ਵਿਅਕਤੀਆਂ ਦੀ ਚੈਕਿੰਗ ਵੀ ਕੀਤੀ ਹੈ।

ਰਾਜ ਸਰਕਾਰ ਨੇ ਰਾਜ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਤਿੰਨ-ਪੱਖੀ ਰਣਨੀਤੀ - ਇਨਫੋਰਸਮੈਂਟ, ਡੀ-ਅਡਿਕਸ਼ਨ ਅਤੇ ਪ੍ਰੀਵੈਨਸ਼ਨ ਲਾਗੂ ਕੀਤੀ ਹੈ, ਪੰਜਾਬ ਪੁਲਿਸ ਨੇ 'ਨਸ਼ਾ ਛੁਡਾਉਣ' ਦੇ ਹਿੱਸੇ ਵਜੋਂ ਅੱਜ 37 ਵਿਅਕਤੀਆਂ ਨੂੰ ਨਸ਼ਾ ਛੁਡਾਊ ਅਤੇ ਮੁੜ ਵਸੇਬਾ ਇਲਾਜ ਕਰਵਾਉਣ ਲਈ ਰਾਜ਼ੀ ਕੀਤਾ ਹੈ।

# ਸਿਹਤ ਵਿਭਾਗ ਵੱਲੋਂ ਪ੍ਰਦੂਸ਼ਣ ਮੁਕਤ ਅਤੇ ਗਰੀਨ ਦੀਵਾਲੀ ਮਨਾਉਣ ਦੀ ਅਪੀਲ

**ਫਰੀਦਕੋਟ, 22 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**




ਸਿਵਲ ਸਰਜਨ ਫਰੀਦਕੋਟ ਡਾ. ਚੰਦਰ ਸ਼ੇਖਰ ਕੱਕੜ ਨੇ ਸਮੂਹ ਸਿਹਤ ਸਟਾਫ ਅਤੇ ਜਿਲ੍ਹਾ ਨਿਵਾਸੀਆਂ ਨੂੰ ਦੀਵਾਲੀ ਦੀਆਂ ਮੁਬਾਰਕਾਂ ਭੇਂਟ ਕਰਦਿਆਂ ਵਾਤਾਵਰਣ ਨੂੰ ਸ਼ੁੱਧ ਰੱਖਣ ਦਾ ਸੁਨੇਹਾ ਦਿੱਤਾ। ਇਸ ਮੌਕੇ ਮਾਸ ਮੀਡੀਆ ਬਰਾਂਚ ਵੱਲੋਂ ਤਿਆਰ ਕੀਤਾ ਜਾਗਰੂਕਤਾ ਬੈਨਰ ਜਾਰੀ ਕਰਦਿਆਂ ਉਹਨਾਂ ਹਰੀ-ਭਰੀ ਪ੍ਰਦੂਸ਼ਣ-ਮੁਕਤ ਦੀਵਾਲੀ ਮਨਾਉਣ ਲਈ ਅਪੀਲ ਕੀਤੀ। ਉਹਨਾਂ ਕਿਹਾ ਕਿ ਇਹ ਦੀਵਾਲੀ ਸਾਡੇ ਵਾਤਾਵਰਣ ਅਤੇ ਸਿਹਤ ਦੋਵਾਂ ਦੀ ਰੱਖਿਆ ਕਰਨ ਲਈ ਮਹੱਤਵਪੂਰਨ ਮੌਕਾ ਹੈ, ਸੋ ਇਸ ਮਹਾਨ ਤਿਉਹਾਰ ਨੂੰ ਸਿਹਤਮੰਦ ਢੰਗ ਨਾਲ ਮਨਾਉਣ ਲਈ ਸਾਡੀ ਸਾਂਝੀ ਜਿੰਮੇਵਾਰੀ ਹੈ। ਵਧ ਰਹੇ ਪ੍ਰਦੂਸ਼ਣ ਅਤੇ ਇਸ ਨਾਲ ਜਨ ਸਿਹਤ 'ਤੇ ਹੋ ਰਹੇ ਬੁਰੇ ਅਸਰਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਇਹ ਜਰੂਰੀ ਹੈ ਕਿ ਅਸੀਂ ਇਸਦੀ ਸ਼ੁਰੂਆਤ ਆਪਣੇ ਘਰ ਤੋਂ ਹੀ ਕਰੀਏ। ਡਾ. ਚੰਦਰ ਸ਼ੇਖਰ ਨੇ ਕਿਹਾ ਕਿ ਇਸ ਵਾਰ ਦੀਵਾਲੀ ਦੀਆਂ ਖੁਸ਼ੀਆਂ ਨੂੰ ਮਨਾਉਣ ਲਈ ਧੂੰਆਂ ਪ੍ਰਦੁਸ਼ਣ, ਸ਼ੋਰ ਪ੍ਰਦੂਸਣ ਵਾਲੇ ਪਟਾਕਿਆਂ ਅਤੇ ਮੋਮਬੱਤੀਆਂ ਦੀ ਥਾਂ ਸਰੋਂ ਦੇ ਤੇਲ ਦੇ ਦੀਵਿਆਂ ਦੀ ਵਰਤੋਂ ਕੀਤੀ ਜਾਵੇ। ਉਹਨਾਂ ਕਿਸਾਨ ਵੀਰਾਂ ਨੂੰ ਵੀ ਵਿਸ਼ੇਸ਼ ਅਪੀਲ ਕਰਦਿਆਂ ਕਿਹਾ ਕਿ ਖੇਤਾਂ ਵਿੱਚ ਬਚੀ ਰਹਿੰਦ ਖੂੰਹਦ- ਪਰਾਲੀ ਨੂੰ ਅੱਗ ਨਾ ਲਗਾਉਣ ਕਿਉਂਕਿ ਇਹ ਸਿਰਫ਼ ਸਾਡੇ ਆਲੇ-ਦੁਆਲੇ ਲਈ ਹੀ ਨਹੀਂ, ਸਗੋਂ ਸਾਡੀ ਸਿਹਤ ਲਈ ਵੀ ਬਹੁਤ ਲਾਭਕਾਰੀ ਸਾਬਤ ਹੋਵੇਗਾ। ਉਹਨਾਂ ਕਿਹਾ ਕਿ ਦਿਵਾਲੀ ਦੇ ਮੌਕੇ 'ਤੇ ਵਿਸਫੋਟਕ ਪਟਾਖਿਆਂ ਦੀ ਵਰਤੋਂ ਘੱਟ ਕਰਨੀ ਚਾਹੀਦੀ ਹੈ, ਕਿਉਕਿ ਬਹੁਤ ਸਾਰੇ ਲੋਕਾਂ ਵਿੱਚ ਪ੍ਰਦੂਸ਼ਣ ਤੋਂ ਖਾਸਕਰ ਬੱਚਿਆਂ ਅਤੇ ਬੁਜ਼ੁਰਗਾਂ ਨੂੰ ਸਾਹ, ਅੱਖਾਂ ਅਤੇ ਚਮੜੀ ਆਦਿ ਸਿਹਤ ਸੰਬੰਧੀ ਸਮੱਸਿਆਵਾਂ ਪੈਦਾ ਹੋਣ ਦਾ ਖਤਰਾ ਹੁੰਦਾ ਹੈ। ਇਸ ਲਈ, ਇਸ ਵਾਰ ਹਰੇ-ਭਰੇ ਤਰੀਕੇ ਅਪਣਾਉਣ ਅਤੇ ਪਰੰਪਰਾਤਮਕ ਵਿਧੀਆਂ ਨਾਲ ਪਰਿਵਾਰਕ ਤੌਰ @ਤੇ ਦੀਵਾਲੀ ਦੀਆਂ ਖੁਸ਼ੀਆਂ ਦਾ ਆਨੰਦ ਮਾਨਣਾ ਸਿਹਤ ਲਈ ਵਧੀਆ ਹੈ। ਇਸ ਦੇ ਨਾਲ ਹੀ, ਸਾਡੇ ਬੱਚਿਆਂ ਨੂੰ ਵਾਤਾਵਰਣ ਪ੍ਰਤੀ ਜਿੰਮੇਵਾਰੀ ਸਿਖਾਉਣ ਦਾ ਵੀ ਇਹ ਚੰਗਾ ਮੌਕਾ ਹੈ। ਉਹਨਾਂ ਕਿਹਾ ਕਿ ਅਸੀਂ ਇਸ ਤਿਉਹਾਰ ਨੂੰ ਮੂਲ ਰੂਪ ਵਿੱਚ ਮਨਾਉਣ ਲਈ ਪੌਦੇ ਲਗਾਉਣ ਅਤੇ ਆਪਣੇ ਵਾਤਾਵਰਣ ਨੂੰ ਸੁਰੱਖਿਅਤ ਕਰਨ ਦੀ ਸਾਂਝੀ ਕੋਸ਼ਿਸ਼ ਵੀ ਕਰ ਸਕਦੇ ਹਾਂ। ਉਹਨਾਂ ਵੱਲੋਂ ਮਿਠਾਈਆਂ ਦੇ ਨਿਰਮਾਤਾਵਾਂ, ਹਲਵਾਈਆਂ ਅਤੇ ਵਿਕਰੇਤਾਵਾਂ ਨੂੰ ਵੀ ਤਾਕੀਦ ਕੀਤੀ ਹੈ ਕਿ ਉਹ ਮਿਠਾਈਆਂ ਵਿੱਚ ਕਿਸੇ ਵੀ ਤਰ੍ਹਾਂ ਦੀ ਮਿਲਾਵਟ ਨਾ ਕਰਨ। ਮਿਲਾਵਟ ਵਾਲੀਆਂ ਮਿਠਾਈਆਂ ਸਿਹਤ ਲਈ ਖਤਰਨਾਕ ਹੋ ਸਕਦੀਆਂ ਹਨ ਅਤੇ ਸਿਹਤ ਵਿਭਾਗ ਨੂੰ ਸਖਤ ਕਾਰਵਾਈ ਕਰਨ ਲਈ ਮਜਬੂਰ ਕਰ ਸਕਦੀਆਂ ਹਨ। ਸਿਹਤ ਵਿਭਾਗ ਨੇ ਤਿਉਹਾਰ ਦੇ ਮੌਕੇ 'ਤੇ ਸਖਤ ਨਿਗਰਾਨੀ ਲਈ ਟੀਮਾਂ ਦਾ ਗਠਨ ਕੀਤਾ ਹੈ, ਜਿਹਨਾਂ ਵੱਲੋਂ ਜ਼ਹਿਰੀਲੇ ਅਤੇ ਮਿਲਾਵਟੀ ਸਮਾਨ ਦੀ ਸਖ਼ਤ ਜਾਂਚ ਕੀਤੀ ਜਾਵੇਗੀ। ਡਾ. ਸ਼ੇਖਰ ਨੇ ਦੱਸਿਆ ਕਿ ਜੇਕਰ ਕਿਸੇ ਵੀ ਦੁਕਾਨ ਜਾਂ ਫੈਕਟਰੀ ਵਿਚੋਂ ਖਾਣ ਪੀਣ ਦੀਆਂ ਵਸਤਾਂ ਵਿੱਚ ਮਿਲਾਵਟ ਪਾਈ ਗਈ ਤਾਂ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ ਅਤੇ ਭਾਰੀ ਜੁਰਮਾਨੇ ਲਗਾਏ ਜਾਣਗੇ। ਉਹਨਾਂ ਦੱਸਿਆ ਕਿ ਦਿਵਾਲੀ ਦੇ ਮੌਕੇ ਕਿਸੇ ਵੀ ਤਰਾਂ ਦੀ ਅਣਸੁਖਾਵੀਂ ਘਟਨਾ ਨਾਲ ਨਿਜਠਣ ਲਈ ਜਿਲੇ ਦੇ ਸਾਰੇ ਸਰਕਾਰੀ ਹਸਪਤਾਲਾਂ ਵਿੱਚ ਸਟਾਫ ਅਤੇ ਸਾਜੋ ਸਮਾਨ ਦਾ ਪੂਰਨ ਪ੍ਰਬੰਧ ਕੀਤਾ ਗਿਆ ਹੈ। ਇਸ ਮੌਕੇ ਜਿਲ੍ਹਾ ਪਰਿਵਾਰ ਭਲਾਈ ਅਫਸਰ ਡਾ. ਵਿਵੇਕ ਰਾਜੌਰਾ, ਜਿਲ੍ਹਾ ਟੀਕਾਕਰਨ ਅਫਸਰ ਡਾ. ਹੁਸਨਪਾਲ ਸਿੱਧੂ, ਡਿਪਟੀ ਮਾਸ ਮੀਡੀਆ ਅਫਸਰ ਸੁਧੀਰ ਧੀਰ, ਡਾ. ਪ੍ਰਭਦੀਪ ਚਾਵਲਾ, ਸੀਨੀਅਰ ਫਾਰਮੇਸੀ ਅਫਸਰ ਸੁਨੀਲ ਸਿੰਗਲਾ ਅਤੇ ਕੌਸ਼ਲ ਕੁਮਾਰ ਹਾਜਰ ਸਨ।

# ਸਪੀਕਰ ਵੱਲੋਂ ਮਹਾਨ ਯੋਧੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਉਨ੍ਹਾਂ ਦੇ ਜਨਮ ਦਿਵਸ 'ਤੇ ਸ਼ਰਧਾ ਦੇ ਫੁੱਲ ਭੇਟ

**ਚੰਡੀਗੜ੍ਹ, 22 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਧਾਨ ਸਭਾ ਦੇ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਜੀ ਦੇ 355ਵੇਂ ਜਨਮ ਦਿਵਸ ਮੌਕੇ ਪੰਜਾਬ ਵਿਧਾਨ ਸਭਾ ਸਕੱਤਰੇਤ ਵਿਖੇ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਉਨ੍ਹਾਂ ਦੇ ਨਾਲ ਵਿਧਾਇਕ ਰਾਣਾ ਇੰਦਰ ਪ੍ਰਤਾਪ ਸਿੰਘ, ਵਿਧਾਇਕ ਫੌਜਾ ਸਿੰਘ ਸਰਾਰੀ, ਸਕੱਤਰ ਪੰਜਾਬ ਵਿਧਾਨ ਸਭਾ ਰਾਮ ਲੋਕ ਖਟਾਨਾ ਅਤੇ ਹੋਰ ਸਟਾਫ਼ ਮੈਂਬਰ ਵੀ ਮੌਜੂਦ ਸਨ।

ਉਨ੍ਹਾਂ ਕਿਹਾ ਕਿ ਬਾਬਾ ਬੰਦਾ ਸਿੰਘ ਬਹਾਦਰ ਜੀ ਇੱਕ ਮਹਾਨ ਯੋਧਾ ਸਨ ਜਿਨ੍ਹਾਂ ਨੇ ਆਪਣਾ ਸਮੁੱਚਾ ਜੀਵਨ ਮਨੁੱਖਤਾ ਦੀ ਭਲਾਈ ਲਈ ਸਮਰਪਿਤ ਕਰ ਦਿੱਤਾ। ਬਾਬਾ ਬੰਦਾ ਸਿੰਘ ਬਹਾਦਰ ਜੀ ਪੰਜਾਬ ਵਿੱਚ ਪਹਿਲੇ ਸਿੱਖ ਰਾਜ ਦੇ ਸੰਸਥਾਪਕ ਸਨ ਜਿਨ੍ਹਾਂ ਨੇ ਜ਼ਿਮੀਂਦਾਰੀ ਪ੍ਰਣਾਲੀ ਨੂੰ ਖਤਮ ਕੀਤਾ ਅਤੇ ਜ਼ਮੀਨ ਵਾਹੁਣ ਵਾਲਿਆਂ ਨੂੰ ਮਾਲਕੀ ਅਧਿਕਾਰ ਪ੍ਰਦਾਨ ਕੀਤੇ। ਉਨ੍ਹਾਂ ਕਿਹਾ ਕਿ ਬਾਬਾ ਬੰਦਾ ਸਿੰਘ ਬਹਾਦਰ ਜੀ ਦੀਆਂ ਯਾਦਾਂ ਹਮੇਸ਼ਾ ਸਾਡੇ ਦਿਲਾਂ ਵਿੱਚ ਰਹਿਣਗੀਆਂ ਅਤੇ ਸਾਨੂੰ ਉਨ੍ਹਾਂ ਵੱਲੋਂ ਦਿਖਾਏ ਗਏ ਮਾਰਗ 'ਤੇ ਚੱਲਣਾ ਚਾਹੀਦਾ ਹੈ।

# ਸਿਹਤ ਅਤੇ ਸਿੱਖਿਆ ਨੂੰ ਆਮ ਲੋਕਾਂ ਤੱਕ ਪਹੁੰਚਾਉਣਾ ਪੰਜਾਬ ਸਰਕਾਰ ਦੀ ਮੁੱਖ ਤਰਜੀਹ : ਬ੍ਰਮ ਸ਼ੰਕਰ ਜਿੰਪਾ

## ਲੋੜਵੰਦ ਲੋਕਾਂ ਨੂੰ ਵਿੱਦਿਆ ਨਾਲ ਜੋੜਨਾ ਸਰਬੋਤਮ ਸੇਵਾ ਕਾਰਜ : ਡਾ. ਐਸ. ਪੀ ਸਿੰਘ ਉਬਰਾਏ



**ਹੁਸ਼ਿਆਰਪੁਰ, 22 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਿਛਲੇ ਲੰਮੇ ਸਮੇਂ ਤੋਂ ਗਰੀਬ ਅਤੇ ਲੋੜਵੰਦ ਪਰਿਵਾਰਾਂ ਦੇ ਬੱਚਿਆਂ ਨੂੰ ਵਿੱਦਿਆ ਪ੍ਰਾਪਤ ਕਰਵਾਉਣ ਅਤੇ ਇਨ੍ਹਾਂ ਦੀ ਤਰੱਕੀ ਲਈ ਸੇਵਾਵਾਂ ਨਿਭਾ ਰਹੀ ਉੱਘੀ ਸਮਾਜ ਸੇਵੀ ਸੰਸਥਾ ਗੁਰੂ ਨਾਨਕ ਇੰਟਰਨੈਸ਼ਨਲ ਐਜੂਕੇਸ਼ਨਲ ਟਰੱਸਟ ਵੱਲੋਂ ਹੁਸ਼ਿਆਰਪੁਰ ਦੇ ਸਰਕਾਰੀ ਐਲੀਮੈਂਟਰੀ ਸਮਾਰਟ ਸਕੂਲ, ਪ੍ਰੀਤ ਨਗਰ, ਪਿੰਡ ਅੱਜੋਵਾਲ ਵਿਖੇ ਟਰੱਸਟ ਦੇ ਚੇਅਰਮੈਨ ਰਣਜੀਤ ਸਿੰਘ ਓ ਬੀ ਈ ਦੀ ਅਗਵਾਈ ਹੇਠ ਸਾਲਾਨਾ ਸਮਾਗਮ ਕਰਵਾਇਆ ਗਿਆ, ਜਿਸ ਵਿਚ ਵਿਧਾਇਕ ਬ੍ਰਮ ਸ਼ੰਕਰ ਜਿੰਪਾ, ਅੰਤਰਰਾਸ਼ਟਰੀ ਪੱਧਰ @ਤੇ ਮਾਨਵਤਾ ਦੀ ਸੇਵਾ ਲਈ ਜਾਣੇ ਜਾਂਦੇ ਉੱਘੇ ਸਮਾਜ ਸੇਵੀ ਡਾ. ਐਸ. ਪੀ ਸਿੰਘ ਉਬਰਾਏ ਚੇਅਰਮੈਨ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ, ਅਮਰਦੀਪ ਸਿੰਘ ਰਾਏ ਡੀ. ਜੀ. ਪੀ ਪੰਜਾਬ, ਰਿਟਾਇਰਡ ਜਰਨਲ ਭਾਰਤੀ ਸੈਨਾ, ਜੇ. ਜੇ ਸਿੰਘ ਅਤੇ ਹੋਰ ਉੱਘੀਆਂ ਸਮਾਜ ਸੇਵੀ ਸਖਸ਼ੀਅਤਾਂ ਵੱਲੋਂ ਇਸ ਸਮਾਗਮ ਵਿਚ ਸ਼ਮੂਲੀਅਤ ਕੀਤੀ ਗਈ।

ਸਰਦਾਰ ਰਣਜੀਤ ਸਿੰਘ ਵੱਲੋਂ ਆਏ ਮਹਿਮਾਨਾਂ ਨੂੰ ਜੀ ਆਇਆਂ ਨੂੰ ਆਖਦਿਆਂ ਕਿਹਾ ਕਿ ਇਨ੍ਹਾਂ ਲੋਕਾਂ ਦੀ ਭਲਾਈ ਅਤੇ ਉਹ ਹਮੇਸ਼ਾਂ ਆਪਣੀ ਸੇਵਾਵਾਂ ਦਿੰਦੇ ਰਹਿਣਗੇ ਅਤੇ ਇਹੋ ਮੇਰੀ ਜ਼ਿੰਦਗੀ ਦਾ ਮਕਸਦ ਹੈ। ਟਰੱਸਟ ਦੇ ਇੰਡੀਆ ਦੇ ਚੇਅਰਮੈਨ ਜਸਜੀਤ ਸਿੰਘ ਆਹਲੂਵਾਲੀਆ ਅਤੇ ਟਰੱਸਟ ਦੇ ਪ੍ਰਧਾਨ ਪ੍ਰੋਫੈਸਰ ਬਹਾਦਰ ਸਿੰਘ ਸੁਨੇਤ ਵੱਲੋਂ ਟਰੱਸਟ ਦੀਆਂ ਗਤੀਵਿਧੀਆਂ ਸਬੰਧੀ ਵਿਸਥਾਰ ਨਾਲ ਜਾਣਕਾਰੀ ਦਿੰਦਿਆਂ ਦੱਸਿਆ ਕਿ ਵਿਦਿਆ ਤੋਂ ਕੋਹਾਂ ਦੂਰ ਗ਼ਰੀਬੀ ਰੇਖਾ ਤੋਂ ਹੇਠਾਂ ਝੁੱਗੀਆਂ-ਝੌਂਪੜੀਆਂ ਵਿੱਚ ਰਹਿ ਰਹੇ ਪਰਿਵਾਰਾਂ ਦੇ ਬੱਚਿਆਂ ਨੂੰ ਵਿੱਦਿਆ ਪ੍ਰਾਪਤ ਕਰਵਾਉਣ ਲਈ ਸਕੂਲ ਦੇ ਸਟਾਫ ਅਤੇ ਟਰੱਸਟ ਦੇ ਮੈਂਬਰਾਂ ਦੀ ਸਖ਼ਤ ਮਿਹਨਤ ਸਦਕਾ ਇਥੋਂ ਦੇ ਰਹਿਣ ਵਾਲੇ ਬੱਚਿਆਂ ਵਿੱਚ ਵਿੱਦਿਆ ਪ੍ਰਾਪਤ ਕਰਨ ਲਈ ਉਤਸ਼ਾਹ ਵੱਧ ਰਿਹਾ ਹੈ ਅਤੇ ਅਨੇਕਾਂ ਵਿਦਿਆਰਥੀਆਂ ਦਾ ਸਰਕਾਰੀ ਪੋਲੀਟੈਕਨਿਕ ਕਾਲਜ ਹੁਸ਼ਿਆਰਪੁਰ ਅਤੇ ਸਰਕਾਰੀ ਆਈ. ਟੀ. ਆਈ ਵਿੱਚ ਵੀ ਦਾਖ਼ਲਾ ਕਰਵਾਇਆ ਗਿਆ ਹੈ। ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਇਸ ਮੌਕੇ ਕਿਹਾ ਕਿ ਸਿਹਤ ਅਤੇ ਸਿੱਖਿਆ ਨੂੰ ਆਮ ਲੋਕਾਂ ਤੱਕ ਪਹੁੰਚਾਉਣਾ ਪੰਜਾਬ ਸਰਕਾਰ ਦੀ ਮੁੱਖ ਤਰਜੀਹ ਹੈ ਅਤੇ ਇਸ ਦਿਸ਼ਾ ਵਿੱਚ ਤੇਜ਼ੀ ਨਾਲ ਕੰਮ ਜਾਰੀ ਹੈ।

ਡਾ. ਐਸ. ਪੀ. ਸਿੰਘ ਉਬਰਾਏ ਨੇ ਕਿਹਾ ਕਿ ਗ਼ਰੀਬ ਅਤੇ ਲੋੜਵੰਦ ਲੋਕਾਂ ਨੂੰ ਵਿੱਦਿਆ ਨਾਲ ਜੋੜਨਾ ਸਰਬੋਤਮ ਸੇਵਾ ਕਾਰਜ ਹੈ ਅਤੇ ਉਨ੍ਹਾਂ ਕਿਹਾ ਕਿ ਉਨ੍ਹਾਂ ਵੱਲੋਂ ਵੀ ਅਜਿਹੇ ਲੋੜਵੰਦ ਬੱਚਿਆਂ ਦੀ ਪੜ੍ਹਾਈ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ ਅਤੇ ਇਨ੍ਹਾਂ ਪਰਿਵਾਰਾਂ ਨੂੰ ਕਿੱਤਾ ਮੁਖੀ ਸਿੱਖਿਆ ਪ੍ਰਾਪਤ ਕਰਵਾਉਣ ਲਈ ਵੀ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ।

ਜਨਰਲ ਜੇ. ਜੇ. ਸਿੰਘ ਵੱਲੋਂ ਬੱਚਿਆਂ ਨੂੰ ਅਸ਼ੀਰਵਾਦ ਦਿੰਦੇ ਹੋਏ ਕਿਹਾ ਕਿ ਸਖ਼ਤ ਮਿਹਨਤ ਨਾਲ ਉਹ ਆਪਣੀ ਜ਼ਿੰਦਗੀ ਨੂੰ ਬਦਲ ਸਕਦੇ ਹਨ ਅਤੇ ਦੇਸ਼ ਦੀ ਸੇਵਾ ਲਈ ਆਪਣਾ ਵੱਡਮੁੱਲਾ ਯੋਗਦਾਨ ਪਾ ਸਕਦੇ ਹਨ। ਅਮਰਦੀਪ ਸਿੰਘ ਰਾਏ ਡੀ. ਜੀ. ਪੀ ਪੰਜਾਬ ਵੱਲੋਂ ਸਮਾਗਮ ਵਿੱਚ ਪਹੁੰਚੇ ਬੱਚਿਆਂ ਦੇ ਮਾਪਿਆਂ ਨੂੰ ਵਿਸ਼ੇਸ਼ ਤੌਰ @ਤੇ ਆਖਿਆ ਕਿ ਉਹ ਆਪਣੇ ਬੱਚਿਆਂ ਨੂੰ ਵੱਧ ਤੋਂ ਵੱਧ ਵਿਦਿਆ ਪ੍ਰਾਪਤ ਕਰਵਾਉਣ ਲਈ ਮਿਹਨਤ ਕਰਨ ਅਤੇ ਇਸ ਦੇ ਨਾਲ ਨਾਲ ਨੈਤਿਕਤਾ ਅਤੇ ਸਮਾਜਿਕ ਕੁਰੀਤੀਆਂ ਤੋਂ ਦੂਰ ਰਹਿਣ ਅਤੇ ਇੱਕ ਚੰਗੇ ਇਨਸਾਨ ਬਣਨ ਲਈ ਵੀ ਪ੍ਰੇਰਿਤ ਕਰਨ ਤਾਂ ਕਿ ਉਹ ਭਵਿੱਖ ਵਿਚ ਚੰਗੇ ਇਨਸਾਨ ਬਣਕੇ ਲੋਕਾਂ ਦੀ ਸੇਵਾ ਲਈ ਅੱਗੇ ਆ ਸਕਣ।

# ਭਾਜਪਾ ਆਗੂ ਕਰੁਨ ਕੌੜਾ ਵੱਲੋਂ ਆਪਣੀ ਸੰਸਥਾ ਓਮ ਫਾਊਂਡੇਸ਼ਨ ਦੇ ਇੰਚਾਰਜ ਲਗਾਉਣ ਦਾ ਐਲਾਨ

## ਓਮ ਫਾਊਂਡੇਸ਼ਨ ਵੱਲੋਂ ਲਗਾਏ ਜਾਣਗੇ ਹਲਕਾ ਇੰਚਾਰਜ, ਮੰਡਲ ਇੰਚਾਰਜ ਤੇ ਪਿੰਡਾਂ ਦੇ ਇੰਚਾਰਜ: ਕਰੁਨ ਕੌੜਾ

**ਪਟਿਆਲਾ, 22 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਦੀਵਾਲੀ ਤੋਂ ਪਹਿਲਾਂ ਓਮ ਫਾਊਂਡੇਸ਼ਨ ਦੇ ਚੇਅਰਮੈਨ ਅਤੇ ਭਾਜਪਾ ਆਗੂ ਕਰੁਨ ਕੌੜਾ ਦੇ ਵੱਲੋਂ ਆਪਣੇ ਇਲਾਕੇ ਦੇ ਨਿਵਾਸੀਆਂ ਨੂੰ ਵੱਡੀ ਖੁਸ਼ਖਬਰੀ ਦਿੱਤੀ ਗਈ ਹੈ। ਪ੍ਰੈਸ ਵਾਰਤਾ ਦੇ ਵਿੱਚ ਕਰੁਨ ਕੌੜਾ ਨੇ ਐਲਾਨ ਕੀਤਾ ਕਿ ਉਹਨਾਂ ਦੀ ਸੰਸਥਾ ਦੇ ਵੱਲੋਂ ਹਲਕਾ ਇੰਚਾਰਜ ,ਮੰਡਲ ਇੰਚਾਰਜ ਅਤੇ ਪਿੰਡਾਂ ਦੇ ਇੰਚਾਰਜ ਲਗਾਏ ਜਾਣਗੇ।

ਇਸ ਦੇ ਨਾਲ ਹੀ ਉਹਨਾਂ ਨੇ ਇਹ ਵੀ ਕਿਹਾ ਕਿ ਉਪਰ ਲਗਾਏ ਗਏ ਹਲਕਾ ਇੰਚਾਰਜ ਮੰਡਲ ਇੰਚਾਰਜ ਤੇ ਪਿੰਡਾਂ ਦੇ ਇੰਚਾਰਜ ਦੇ ਥਰੂ ਹੀ ਸਾਰੇ ਕੰਮ ਕਰਵਾਏ ਜਾਣਗੇ ,ਪਿੰਡਾਂ ਦੇ ਲੋਕਾਂ ਨੂੰ ਵੱਡੀ ਸੌਗਾਤ ਦਿੰਦੇ ਹੋਏ ਕਰੁਨ ਕੌੜਾ ਨੇ ਕਿਹਾ ਕਿ ਉਹਨਾਂ ਦੇ ਵੱਲੋਂ ਹਰ ਇੱਕ ਪਿੰਡ ਦੇ ਵਿੱਚ ਦੋ ਨੌਕਰੀਆਂ, ਦੋ ਵਿਆਹ ਅਤੇ ਦੋ ਮੈਡੀਕਲ ਕੈਂਪ ਜਿਹੜੇ ਨੇ ਉਹ ਲਗਾਏ ਜਾਣਗੇ,ਇਸ ਤੋਂ ਇਲਾਵਾ 5 ਪਿੰਡਾਂ ਦਾ ਕਲਸਟਰ ਬਣਾ ਕੇ ਪੰਜ ਸਿਲਾਈ ਸੈਂਟਰ ਵੀ ਖੋਲੇ ਜਾਣਗੇ ਤਾਂ ਜੋ ਕਿ ਕੁੜੀਆਂ ਉੱਥੇ ਸਿਲਾਈ ਸਿੱਖ ਕੇ ਆਪਣੇ ਪੈਰਾਂ ਤੇ ਖੜੀਆਂ ਹੋ ਸਕਣ।



ਅੱਗੇ ਬੋਲਦੇ ਕਰੁਨ ਕੌੜਾ ਨੇ ਕਿਹਾ ਕਿ 10 ਸਤੰਬਰ 2024 ਤੋਂ ਲੈ ਕੇ ਹੁਣ ਤੱਕ ਉਹ ਆਪਣੀ ਟੀਮ ਦੇ ਸਹਿਯੋਗ ਦੇ ਨਾਲ ਮਿਲ ਕੇ ਵੱਖ-ਵੱਖ ਪਿੰਡਾਂ ਦੇ ਵਿੱਚ 68 ਮੈਡੀਕਲ ਕੈਂਪ ਲਗਵਾ ਚੁੱਕੇ ਨੇ ਜਿਨਾਂ ਦੇ ਵਿੱਚੋਂ 24 ਕੈਂਪ ਅੱਖਾਂ ਦੇ ਸਨ ਤੇ 44 ਕੈਂਪ ਮੈਡੀਕਲ ਕੈਂਪ ਸਨ। ਇਸ ਦੌਰਾਨ ਲੋਕਾਂ ਦੀ ਸੇਵਾ ਕਰਦੇ ਹੋਏ ਉਹਨਾਂ ਦੇ ਵੱਲੋਂ 65 ਲੋਕਾਂ ਦੇ ਫਰੀ ਦੇ ਵਿੱਚ ਅੱਖਾਂ ਦੇ ਆਪਰੇਸ਼ਨ ਵੀ ਕਰਵਾਏ ਗਏ।

ਉਹਨਾਂ ਨੇ ਕਿਹਾ ਕਿ ਜਦੋਂ ਤੋਂ ਉਹ ਭਾਜਪਾ ਦੇ ਵਿੱਚ ਸ਼ਾਮਿਲ ਹੋਏ ਨੇ ਭਾਜਪਾ ਦੀ ਰਣਨੀਤੀ ਤੇ ਹੀ ਕੰਮ ਕਰ ਰਹੇ ਨੇ ਤਾਂ ਜੋ ਕਿ ਉਹਨਾਂ ਦੇ ਹਲਕੇ ਦਾ ਵਿਕਾਸ ਉੱਚ ਪੱਧਰ 'ਤੇ ਹੋ ਸਕੇ!

ਇਸ ਮੌਕੇ ਤੇ ਕਰੁਨ ਕੌੜਾ ਨੇ ਵਿਰੋਧੀ ਪਾਰਟੀਆਂ ਤੇ ਤਿੱਖੇ ਸ਼ਬਦੀ ਵਾਰ ਕਰਦੇ ਹੋਏ ਕਿਹਾ ਕਿ ਆਮ ਆਦਮੀ ਪਾਰਟੀ ਦੇ ਝਾੜੂ ਦੇ ਵਿੱਚ ਹੁਣ ਕੋਈ ਤਿਲਾ ਨਹੀਂ ਬਚਿਆ, ਝਾੜੂ ਪੂਰੀ ਤਰ੍ਹਾਂ ਖਿਲਰ ਚੁੱਕਾ ਹੈ ਤੇ ਦੂਜੀ ਪਾਰਟੀ ਦੇ ਵਿੱਚ ਮੁੱਖ ਮੰਤਰੀ 8-9 ਹਨ , ਜਦੋਂ ਤੱਕ ਇਲੈਕਸ਼ਨ ਹੋਣੇ ਹਨ ਉਦੋਂ ਤੱਕ 20 ਤੋਂ 25 ਮੁੱਖ ਮੰਤਰੀ ਬਣ ਜਾਣਗੇ, ਤੇ ਫਿਰ ਸਭ ਨੇ ਆਪਣੀ-ਆਪਣੀ ਪਾਰਟੀ ਬਣਾ ਲੈਣੀ ਹੈ ਅਤੇ ਸਭ ਦੇ ਆਪਣੇ-ਆਪਣੇ ਰਸਤੇ ਬਣ ਜਾਣੇ, ਜਿਨਾਂ ਪਾਰਟੀਆਂ ਦਾ ਕੋਈ ਵਜੂਦ ਹੀ ਨਹੀਂ ਉਹਨਾਂ ਦਾ ਲੋਕ ਸਾਥ ਕਿਉਂ ਦੇਣਗੇ ? ਇਸ ਲਈ ਇਸ ਵਾਰ ਸਿਰਫ ਭਾਜਪਾ ਦੀ ਸਰਕਾਰ ਆਵੇਗੀ ਕਿਉਂਕਿ ਇਹ ਭਾਜਪਾ ਦਾ ਵਕਤ ਹੈ ਤੇ ਭਾਜਪਾ ਨੇ ਲੋਕਾਂ ਲਈ ਬਹੁਤ ਕੁਝ ਕੀਤਾ।

ਉੱਥੇ ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ ਬਾਰੇ ਬੋਲਦੇ ਹੋਏ ਉਹਨਾਂ ਨੇ ਕਿਹਾ ਕਿ ਜਿਹੜੀ ਪਾਰਟੀ ਬੇਅਦਬੀ ਦੀ ਦੋਸ਼ੀ ਹੈ , ਲੋਕ ਉਸ 'ਤੇ ਕਿਵੇਂ ਯਕੀਨ ਕਰਨਗੇ ? ਇਸ ਦੇ ਨਾਲ ਹੀ ਉਹਨਾਂ ਨੇ ਕਿਹਾ ਕਿ ਮੈਂ ਭਾਜਪਾ ਦੇ ਵਿੱਚ ਜਦੋਂ ਸ਼ਾਮਿਲ ਹੋਇਆ ਤਾਂ ਇਹ ਸੋਚ ਕੇ ਸ਼ਾਮਿਲ ਹੋਇਆ ਸੀ ਕਿ ਕੁਝ ਵੀ ਹੋ ਜੇ ਮੈਂ ਭਾਜਪਾ ਦਾ ਸੱਚਾ ਸਿਪਾਹੀ ਬਣ ਕੇ ਕੰਮ ਕਰਾਂਗਾ ਕਦੇ ਵੀ ਆਪਣੀ ਪਾਰਟੀ ਨੂੰ ਨਹੀਂ ਬਦਲਾਂਗਾ ਤੇ ਲੋਕਾਂ ਦੀ ਸੇਵਾ ਦੇ ਵਿੱਚ ਲੱਗਾ ਰਹਾਂਗਾ।

# ਸੈਣੀ ਨੇ ਕੇਂਦਰੀ ਗ੍ਰਹਿ ਅਤੇ ਸਹਿਕਾਰਤਾ ਮੰਤਰੀ ਅਮਿਤ ਸ਼ਾਹ ਨਾਲ ਸ਼ਿਸ਼ਟਾਚਾਰ ਮੁਲਾਕਾਤ ਕੀਤੀ

**ਚੰਡੀਗੜ੍ਹ, 22 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਅੱਜ ਬਿਹਾਰ ਦੇ ਪਟਨਾ ਵਿੱਚ ਕੇਂਦਰੀ ਗ੍ਰਹਿ ਅਤੇ ਸਹਿਕਾਰਤਾ ਮੰਤਰੀ ਸ੍ਰੀ ਅਮਿਤ ਸ਼ਾਹ ਨਾਲ ਸ਼ਿਸ਼ਟਾਚਾਰ ਮੁਲਾਕਾਤ ਕੀਤੀ।

ਇਸ ਦੌਰਾਨ ਉਨ੍ਹਾਂ ਨੇ ਸ੍ਰੀ ਸ਼ਾਹ ਨਾਲ ਬਿਹਾਰ ਚੋਣ ਸਮੇਤ ਵੱਖ ਵੱਖ ਮਹੱਤਵਪੂਰਨ ਵਿਸ਼ਿਆਂ 'ਤੇ ਗੱਲਬਾਤ ਕੀਤੀ ਅਤੇ ਉਨ੍ਹਾਂ ਨੂੰ ਧਨਤੇਰਸ ਅਤੇ ਦੀਵਾਲੀ ਦੀ ਸ਼ੁਭਕਾਮਨਾਵਾਂ ਵੀ ਦਿੱਤੀ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕੇਂਦਰੀ ਗ੍ਰਹਿ ਅਤੇ ਸਹਿਕਾਰਤਾ ਮੰਤਰੀ ਸ੍ਰੀ ਅਮਿਤ ਸ਼ਾਹ ਸਾਹਮਣੇ ਪੂਰੇ ਹਰਿਆਣਾ ਵਿੱਚ ਲਗਾਤਾਰ ਤਿੱਜੀ ਵਾਰ ਬਣੀ ਬੀਜੇਪੀ ਸਰਕਾਰ ਦੇ ਇੱਕ ਸਾਲ ਦੀ ਉਪਲਬਧਿਆਂ ਦਾ ਬਿਯੌਰਾ ਵੀ ਦਿੱਤਾ।

# ਸੈਂਟਰਲ ਜੇਲ੍ਹ ਤੇ ਔਰਤਾਂ ਵਾਲੀ ਜੇਲ੍ਹ ਵਿੱਚ ਕਾਨੂੰਨੀ ਜਾਗਰੂਕਤਾ ਸੈਮੀਨਾਰ ਕਰਵਾਇਆ

**ਬਠਿੰਡਾ, 22 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੈਂਟਰਲ ਜੇਲ੍ਹ ਅਤੇ ਔਰਤਾਂ ਵਾਲੀ ਜੇਲ੍ਹ ਬਠਿੰਡਾ ਵਿੱਚ ਸ੍ਰੀ ਕਰੁਨੇਸ਼ ਕੁਮਾਰ, ਜਿਲ੍ਹਾ ਅਤੇ ਸੈ ?ਸਨ ਜੱਜ- ਚੇਅਰਮੈਨ, ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੀਆਂ ਹਦਾਇਤਾ ਅਨੁਸਾਰ ਸ੍ਰੀਮਤੀ ਬਲਜਿੰਦਰ ਕੌਰ ਮਾਨ, ਸੀ.ਜੇ.ਐਮ-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋ ਕਾਨੂੰਨੀ ਜਾਗਰੂਕਤਾ ਸੈਮੀਨਾਰ ਕੀਤਾ ਗਿਆ।

ਇਸ ਮੌਕੇ ਉਹਨਾਂ ਨੇ ਜੇਲ੍ਹ ਦੇ ਸਾਰੇ ਵਾਰਡਾਂ ਦਾ ਦੌਰਾ ਕਰਕੇ ਜਿੱਥੇ ਔਰਤਾਂ ਅਤੇ ਮਰਦ ਕੈਦੀਆਂ ਨਾਲ ਮੁਲਾਕਾਤ ਕੀਤੀ ਉੱਥੇ ਹੀ ਉਹਨਾਂ ਦੀਆਂ ਸਮੱਸਿਆਵਾਂ ਸੁਣੀਆਂ। ਉਹਨਾਂ ਕੈਦੀਆਂ ਨੂੰ ਕਾਨੂੰਨੀ ਅਧਿਕਾਰਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਪ੍ਰਦਾਨ ਕੀਤੀ।



ਇਸ ਮੌਕੇ ਦੀਵਾਲੀ ਦੇ ਸ਼ੁਭ ਮੌਕੇ 'ਤੇ, ਜੇਲ੍ਹ ਦੇ ਕੈਦੀਆਂ ਵੱਲੋਂ ਰੰਗਾ-ਰੰਗ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ, ਜਿਸ ਨਾਲ ਸਮਾਗਮ ਦਾ ਮਾਹੌਲ ਖੁਸ਼ਗਵਾਰ ਹੋ ਗਿਆ। ਇਸ ਮੌਕੇ ਸਾਰੇ ਕੈਦੀਆਂ ਨੂੰ ਮਿਠਾਈ ਵੰਡ ਕੇ ਦੀਵਾਲੀ ਦੀਆਂ ਵਧਾਈਆਂ ਵੀ ਦਿੱਤੀਆਂ ਗਈਆਂ।

ਇਸ ਸਮਾਗਮ ਵਿੱਚ ਜੇਲ੍ਹ ਸੁਪਰਡੈਂਟ ਸ੍ਰੀ ਹੇਮੰਤ ਸ਼ਰਮਾਂ ਅਤੇ ਜੇਲ੍ਹ ਸਟਾਫ ਵੀ ਹਾਜ਼ਰ ਸਨ, ਜਿਹਨਾ ਇਸ ਪ੍ਰੋਗਰਾਮ ਦੀ ਸਰਾਹਨਾ ਕੀਤੀ ਅਤੇ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋ ਕੀਤੇ ਜਾ ਰਹੇ ਮਨੁੱਖਤਾ ਭਰੇ ਯਤਨਾਂ ਦੀ ਪ੍ਰਸੰਸਾ ਕੀਤੀ।

# ਵਿਧਾਇਕ ਦੇਵ ਮਾਨ ਨੇ ਆਪ ਸੁਪਰੀਮੋ ਅਰਵਿੰਦ ਕੇਜਰੀਵਾਲ ਨਾਲ ਕੀਤੀ ਮੁਲਾਕਾਤ

**ਨਾਭਾ, 22 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿੱਚ ਆਉਣ ਵਾਲੇ ਦਿਨਾਂ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਵੱਡੇ ਪੱਧਰ ਤੇ ਵਿਕਾਸ ਕਾਰਜ ਸ਼ੁਰੂ ਕਰਵਾਏ ਜਾ ਰਹੇ ਹਨ ਅਤੇ ਪਿੰਡਾਂ ਵਿੱਚ ਖੇਡ ਗਰਾਊਂਡ ਬਣਾਏ ਜਾ ਰਹੇ ਹਨ ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਗੁਰਦੇਵ ਸਿੰਘ ਦੇਵ ਮਾਨ ਐਮ ਐਲ ਏ ਨਾਭਾ ਨੇ ਆਪ ਸੁਪਰੀਮੋ ਅਰਵਿੰਦ ਕੇਜਰੀਵਾਲ ਨੂੰ ਉਹਨਾਂ ਦੇ ਦਿੱਲੀ ਨਿਵਾਸ ਸਥਾਨ ਤੇ ਮੁਲਾਕਾਤ ਕਰਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੀਤਾ ਇਸ ਮੌਕੇ ਉਹਨਾਂ ਵੱਲੋਂ ਅਰਵਿੰਦ ਕੇਜਰੀਵਾਲ ਨੂੰ ਦਿਵਾਲੀ ਦੀ ਮੁਬਾਰਕਬਾਦ ਵੀ ਦਿੱਤੀ ਗਈ ਵਿਧਾਇਕ ਦੇਵ ਮਾਨ ਨੇ ਕਿਹਾ ਕਿ ਆਪ ਸੁਪਰੀਮੋ ਅਰਵਿੰਦ ਕੇਜਰੀਵਾਲ ਤੇ ਪੰਜਾਬ ਦੇ ਹਰਮਨ ਪਿਆਰੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ ਜੋ ਕਿ ਬਹੁਤ ਸ਼ਲਾਘਾਯੋਗ ਹਨ ਉਹਨਾਂ ਕਿਹਾ ਕਿ ਤਰਨ ਤਾਰਨ ਜਿਮਨੀ ਚੋਣ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਹਰਮੀਤ ਸਿੰਘ ਸੰਧੂ ਵੱਡੀ ਜਿੱਤ ਪ੍ਰਾਪਤ ਕਰਨਗੇ ਇਸ ਮੌਕੇ ਉਹਨਾਂ ਦੇ ਨਾਲ ਹੋਰ ਅਹੁਦੇਦਾਰ ਵੀ ਮੌਜੂਦ ਸਨ।



# ਬਾਬਾ ਰੋਡਾ ਸ੍ਰੀ ਵਿਸ਼ਵਕਰਮਾ ਸਭਾ (ਰਜਿ.) ਜਮਾਲਪੁਰਾ ਵੱਲੋਂ ਸ੍ਰੀ ਵਿਸ਼ਵਕਰਮਾ ਪੂਜਾ ਦਿਵਸ ਦਾ ਕੈਲੰਡਰ ਰਿਲੀਜ਼



**ਮਲੇਰਕੋਟਲਾ, 22 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਗਵਾਨ ਸ੍ਰੀ ਵਿਸ਼ਵਕਰਮਾ ਮੰਦਰ ਜਮਾਲਪੁਰਾ (ਮਾਲੇਰਕੋਟਲਾ) ਵਿਖੇ 22 ਅਕਤੂਬਰ 2025 ਦਿਨ ਬੁੱਧਵਾਰ ਨੂੰ ਮਨਾਏ ਜਾ ਰਹੇ ਸ੍ਰੀ ਵਿਸ਼ਵਕਰਮਾ ਪੂਜਾ ਦਿਵਸ ਦੇ ਮੌਕੇ ਬਾਬਾ ਰੋਡਾ ਸ੍ਰੀ ਵਿਸ਼ਵਕਰਮਾ ਸਭਾ (ਰਜਿ.) ਜਮਾਲਪੁਰਾ ਵਿਖੇ ਕੈਲੰਡਰ 2026 ਤੇ ਸੱਦਾ ਪੱਤਰ ਜਾਰੀ ਕੀਤਾ ਗਿਆ, ਪ੍ਰਧਾਨ ਵੈਦ ਮੋਹਨ ਲਾਲ ਧੀਮਾਨ ਨੇ ਦੱਸਿਆ ਕਿ ਚੌਥੇ ਸਾਲ ਦੇ ਮਹੀਨਾਵਾਰ ਸ੍ਰੀ ਵਿਸ਼ਵਕਰਮਾ ਪੁਰਾਣ ਪਾਠ ਦੀ ਆਰਤੀ ਸਵੇਰੇ 8 ਵਜੇ ਹੋਵੇਗੀ, 9 ਵਜੇ ਸ. ਕਰਮ ਸਿੰਘ ਮੁੰਡੇ ਐਮ.ਡੀ. ਕੇ.ਐਸ. ਪਾਵਰਟੇਕ ਪ੍ਰਾਇਵੇਟ ਲਿਮਟਿਡ ਰਾਏਕੋਟ ਰੋਡ, ਮਾਲੇਰਕੋਟਲਾ ਝੰਡੇ ਦੀ ਰਸਮ ਆਪਣੇ ਕਰ ਕਮਲਾ ਨਾਲ ਕਰਨਗੇ। ਹਵਨ 10 ਵਜੇ ਸ੍ਰੀ ਰਾਮ ਪਾਲ ਮੁੰਡੇ, ਅਸ਼ਵਨੀ ਸਟੀਲ ਅਲਮਾਰੀ ਸਾਹਮਣੇ ਗੁਲਜ਼ਾਰ ਹਸਪਤਾਲ, ਲੁਧਿਆਣਾ ਰੋਡ, ਮਾਲੇਰਕੋਟਲਾ ਪਰਿਵਾਰ ਸਮੇਤ ਕਰਵਾਉਣਗੇ। ਸ. ਅਮਰਜੀਤ ਸਿੰਘ ਹੁੰਜਣ ਉਪ ਪ੍ਰਧਾਨ ਨੇ ਦੱਸਿਆ ਕਿ ਸ੍ਰੀ ਵਿਸ਼ਵਕਰਮਾ ਜੀ ਮਹਾਰਾਜ ਦਾ ਗੁਣਗਾਣ ਭਜਨ ਕੀਰਤਨ ਵੱਖ-ਵੱਖ ਕਵੀਸ਼ਰੀ ਜੱਥੇ ਕਰਨਗੇ। ਪੁਜਾਰੀ ਪੰਡਿਤ ਭੋਲਾ ਸ਼ਰਮਾ ਜੀ ਪਾਠ ਤੇ ਹਵਨ ਕਰਵਾਉਣਗੇ। ਉਨ ਾਂ ਦੱਸਿਆ ਕਿ ਸ. ਇੰਦਰਜੀਤ ਸਿੰਘ ਮੁੰਡੇ ਫਾਉਂਡਰ ਪ੍ਰਧਾਨ ਵਿਸ਼ਵਕਰਮਾ ਵੈਲਫੇਅਰ ਸੁਸਾਇਟੀ ਰਜਿ. ਮਾਲੇਰਕੋਟਲਾ, ਚੇਅਰਮੈਨ ਕੇ.ਐਸ. ਗਰੁੱਪ ਨੇ ਅੱਜ ਸਮਾਗਮ ਦਾ ਸੱਦਾ ਪੱਤਰ ਤੇ ਕੈਲੰਡਰ ਜਾਰੀ ਕੀਤਾ। ਇਸ ਮੌਕੇ ਕੈਸ਼ੀਅਰ ਜਸਵਿੰਦਰ ਸਿੰਘ ਹੁੰਜਣ, ਪ੍ਰਚਾਰ ਸਕੱਤਰ ਚਰਨਦਾਸ ਸੌਂਦ, ਕੁਲਦੀਪ ਸਿੰਘ ਧੀਮਾਨ, ਪਿਆਰਾ ਸਿੰਘ ਮੁੰਡੇ (ਕੇ.ਐਸ. ਗਰੁੱਪ), ਗੋਪਾਲ ਚੰਦ ਬਾਂਸਲ ਆਦਿ ਹਾਜ਼ਰ ਸਨ।

# ਜਨਵਰੀ 2025 ਤੋਂ ਹੁਣ ਤੱਕ 2408 ਵਿਦਿਆਰਥੀਆਂ ਨੇ ਪੰਜਾਬ ਵਿਧਾਨ ਸਭਾ ਦਾ ਕੀਤਾ ਦੌਰਾ: ਕੁਲਤਾਰ ਸਿੰਘ ਸੰਧਵਾਂ

**ਚੰਡੀਗੜ੍ਹ, 22 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਦੇ ਵਿਦਿਆਰਥੀਆਂ ਨੂੰ ਵਿਧਾਨ ਸਭਾ ਦੇ ਕੰਮਕਾਜ ਨਾਲ ਸਬੰਧਤ ਵਿਵਹਾਰਕ ਜਾਣਕਾਰੀ ਪ੍ਰਦਾਨ ਕਰਨ ਦੇ ਉਦੇਸ਼ ਨਾਲ, ਪੰਜਾਬ ਵਿਧਾਨ ਸਭਾ ਦੇ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਨੇ ਪੰਜਾਬ ਦੇ ਵਿਦਿਆਰਥੀਆਂ ਨੂੰ ਪੰਜਾਬ ਵਿਧਾਨ ਸਭਾ ਦੀ ਕਾਰਵਾਈ ਦੇਖਣ ਲਈ ਦੌਰਾ ਕਰਨ ਦਾ ਸੱਦਾ ਦਿੱਤਾ।

ਸ. ਸੰਧਵਾਂ ਨੇ ਦੱਸਿਆ ਕਿ 1 ਜਨਵਰੀ 2025 ਤੋਂ ਹੁਣ ਤੱਕ ਵਿਧਾਨ ਸਭਾ ਦੀ ਅਸਲ ਕਾਰਵਾਈ ਦੇਖਣ ਲਈ ਸੈਸ਼ਨ ਦੌਰਾਨ 1237 ਵਿਦਿਆਰਥੀਆਂ ਨੇ ਅਤੇ ਗੈਰ-ਸੈਸ਼ਨ ਦਿਨਾਂ ਦੌਰਾਨ 1171 ਵਿਦਿਆਰਥੀਆਂ ਨੇ ਦੌਰਾ ਕੀਤਾ। ਸਪੀਕਰ ਨੇ ਵਿਦਿਆਰਥੀਆਂ ਨਾਲ ਨਿੱਜੀ ਤੌਰ 'ਤੇ ਮੁਲਾਕਾਤ ਕੀਤੀ ਅਤੇ ਕਿਹਾ ਕਿ ਉਨ੍ਹਾਂ ਲਈ ਪੰਜਾਬ ਵਿਧਾਨ ਸਭਾ ਸਕੱਤਰੇਤ ਵਿਖੇ ਵਿਦਿਆਰਥੀਆਂ ਨਾਲ ਗੱਲਬਾਤ ਕਰਨਾ ਬੇਹੱਦ ਖੁਸ਼ੀ ਦੀ ਗੱਲ ਹੈ।

ਸ. ਸੰਧਵਾਂ ਨੇ ਕਿਹਾ ਕਿ ਪੰਜਾਬ ਵਿਧਾਨ ਸਭਾ ਦੀ ਸੰਵਿਧਾਨਕ ਕਾਰਵਾਈ ਨੂੰ ਦੇਖ ਕੇ ਵਿਦਿਆਰਥੀਆਂ ਅੰਦਰ ਸਿਆਸੀ ਦੇ ਖੇਤਰ ਵਿੱਚ ਦਿਲਚਸਪੀ ਪੈਦਾ ਹੋਈ ਹੈ ਜੋ ਦੇਸ਼ ਦੇ ਲੋਕਤੰਤਰ ਨੂੰ ਮਜ਼ਬੂਤ ਕਰਨ ਲਈ ਬੇਹੱਦ ਮਹੱਤਵਪੂਰਨ ਹੈ। ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਫੇਰੀ ਉਨ੍ਹਾਂ ਦੇ ਭਵਿੱਖ ਦੇ ਜੀਵਨ ਵਿੱਚ ਬਹੁਤ ਲਾਭਦਾਇਕ ਸਾਬਤ ਹੋਵੇਗੀ। ਵਿਦਿਆਰਥੀਆਂ ਨੇ ਪੰਜਾਬ ਵਿਧਾਨ ਸਭਾ ਦੀ ਇਮਾਰਤ ਦੇ ਸ਼ਾਨਦਾਰ ਡਿਜ਼ਾਈਨ ਅਤੇ ਆਰਕੀਟੈਕਚਰ ਨੂੰ ਦੇਖ ਕੇ ਹੈਰਾਨੀ ਅਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ।

# ਸਰਕਾਰੀ ਕਾਲਜ ਮਾਲੇਰ ਕੋਟਲਾ ਦੇ ਬੈਡਮਿੰਟਨ ਖਿਡਾਰੀਆਂ ਨੇ ਚਮਕਾਇਆ ਸਰਕਾਰੀ ਕਾਲਜ ਮਾਲੇਰਕੋਟਲਾ ਦਾ ਨਾਂ

**ਮਲੇਰਕੋਟਲਾ, 22 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਰਕਾਰੀ ਕਾਲਜ ਮਾਲੇਰਕੋਟਲਾ ਦੇ ਬੈਡਮਿੰਟਨ ਖਿਡਾਰੀਆਂ ਮੁੰਡੇ ਅਤੇ ਕੁੜੀਆਂ ਨੇ ਯੂਨੀਵਰਸਿਟੀ ਵੱਲੋਂ ਕਰਵਾਏ ਗਏ ਅੰਤਰ ਕਾਲਜ ਮੁਕਾਬਲਿਆਂ ਵਿੱਚ ਹਿੱਸਾ ਲਿਆ, ਜਿਸ ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਅਧੀਨ ਆਉਂਦੇ ਪੰਜਾਬ ਦੇ ਵੱਖ-ਵੱਖ ਕਾਲਜਾਂ ਦੀਆਂ ਟੀਮਾਂ ਮੁਕਾਬਲੇ ਲਈ ਪਹੁੰਚੀਆਂ ਅਤੇ ਹਰ ਇੱਕ ਕਾਲਜ ਦੀ ਟੀਮ ਨੇ ਆਪਣੇ ਆਪ ਨੂੰ ਅੱਗੇ ਲਿਆਉਣ ਲਈ ਅੱਡੀ ਚੋਟੀ ਦਾ ਜ਼ੋਰ ਲਗਾਉਂਦੇ ਹੋਏ ਚੰਗੀ ਖੇਡ ਦਾ ਮੁਜ਼ਾਹਿਰਾ ਕੀਤਾ ਪਰੰਤੂ ਸਰਕਾਰੀ ਕਾਲਜ ਮਾਲੇਰਕੋਟਲੇ ਦੇ ਖਿਡਾਰੀ ਆਪਣਾ ਅਤੇ ਆਪਣੇ ਕਾਲਜ ਦਾ ਨਾਮ ਚਮਕਾਉਣ ਵਿੱਚ ਸਫਲ ਹੋਏ ਅਤੇ ਆਪਣੀ ਚੰਗੀ ਖੇਡ ਦਾ ਮੁਜ਼ਾਹਿਰਾ ਕਰਦੇ ਹੋਏ ਇਹਨਾਂ ਅੰਤਰ ਕਾਲਜ ਮੁਕਾਬਲਿਆਂ ਵਿੱਚ ਦੂਜਾ ਸਥਾਨ ਪ੍ਰਾਪਤ ਕਰਕੇ ਨਾਮਣਾ ਖੱਟਿਆ।



ਇਸ ਦੇ ਨਾਲ ਹੀ ਲੜਕਿਆਂ ਨੇ ਵੀ ਆਪਣੇ ਖੇਡਾਂ ਦੇ ਜੌਹਰ ਦਿਖਾਉਂਦੇ ਹੋਏ ਵੱਖ ਵੱਖ ਕਾਲਜਾਂ ਦੀਆਂ ਟੀਮਾਂ ਨੂੰ ਹਰਾ ਕੇ ਅੰਤਰ ਕਾਲਜ ਖੇਡ ਮੁਕਾਬਲਿਆਂ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ ਗੌਰ ਤਲਬ ਹੈ ਕਿ ਸਰਕਾਰੀ ਕਾਲਜ ਮਾਲੇਰਕੋਟਲਾ ਦੀਆਂ ਖਿਡਾਰਨਾਂ ਅਤੇ ਖਿਡਾਰੀਆਂ ਵਿੱਚੋਂ ਦੋ ਲੜਕੀਆਂ ਅਤੇ ਇੱਕ ਲੜਕੇ ਦਾ ਨਾਮ ਅੰਤਰ ਯੂਨੀਵਰਸਿਟੀ ਮੁਕਾਬਲਿਆਂ ਦੇ ਲਈ ਲਗਾਏ ਜਾ ਰਹੇ ਕੈਂਪ ਲਈ ਚੁਣਿਆ ਗਿਆ। ਉਕਤ ਅੰਤਰ ਕਾਲਜ ਮੁਕਾਬਲੇ ਪੰਜਾਬੀ ਯੂਨੀਵਰਸਿਟੀ ਵੱਲੋਂ ਅਦਿੱਤਿਆ ਬੈਡਮਿੰਟਨ ਚੈਂਪੀਅਨਸ਼ਿਪ ਕਲੱਬ ਪਟਿਆਲਾ ਵਿਖੇ ਕਰਵਾਏ ਗਏ। ਟੀਮ ਦੇ ਇੰਚਾਰਜ ਸਾਹਿਬਾਨ ਡਾ.ਮੁਹੰਮਦ ਸ਼ਫੀਕ ਥਿੰਦ ਅਤੇ ਡਾ.ਸੁਖਦੀਪ ਕੌਰ ਨੇ ਉਕਤ ਖਿਡਾਰੀ ਦੀ ਰਹਿਨੁਮਾਈ ਕੀਤੀ ਅਤੇ ਇਸ ਜਿੱਤ ਦੇ ਲਈ ਪ੍ਰਿੰਸੀਪਲ ਸਰਕਾਰੀ ਕਾਲਜ ਮਾਲੇਰਕੋਟਲਾ ਡਾ.ਮੀਨੂ, ਕਾਰਜਕਾਰੀ ਪ੍ਰਿੰਸੀਪਲ ਪ੍ਰੋਫੈਸਰ ਅਰਵਿੰਦ ਕੌਰ ਮੰਡ ਅਤੇ ਪ੍ਰੋਫੈਸਰ ਹਰਗੁਰ ਪ੍ਰਤਾਪ ਸਿੰਘ, ਸਰੀਰਕ ਸਿੱਖਿਆ ਵਿਭਾਗ ਦੇ ਮੁਖੀ ਡਾ.ਇਕਰਾਮ-ਉਰ-ਰਹਿਮਾਨ, ਡਾ. ਪਰਮਜੀਤ ਸਿੰਘ, ਡਾ.ਮੁਹੰਮਦ ਸ਼ਾਹਿਦ ਹੋਰਾਂ ਅਤੇ ਖਿਡਾਰੀਆਂ ਨੂੰ ਦਿਲੀ ਮੁਬਾਰਕਬਾਦ ਦਿੱਤੀ।

ਡਾ. ਮੀਨੂੰ ਪ੍ਰਿੰਸੀਪਲ ਸਰਕਾਰੀ ਕਾਲਜ ਮਾਲੇਰਕੋਟਲਾ ਪ੍ਰੋ: ਅਰਵਿੰਦ ਕੌਰ ਮੰਡ ਅਤੇ ਪ੍ਰੋ: ਹਰਗੁਰ ਪ੍ਰਤਾਪ ਨੇ ਵੀ ਖਿਡਾਰੀਆਂ ਨੂੰ ਮੁਬਾਰਕਬਾਦ ਦਿੰਦੇ ਹੋਏ ਉਹਨਾਂ ਦੀ ਪੂਰਨ ਹੌਸਲਾ ਅਫ਼ਜ਼ਾਈ ਕੀਤੀ। ਡਾ. ਇਕਰਾਮ-ਉਰ-ਰਹਿਮਾਨ ਨੇ ਕਿਹਾ ਕਿ ਸਰਕਾਰੀ ਕਾਲਜ ਮਾਲੇਰਕੋਟਲਾ ਦੇ ਬੱਚੇ ਜਿੱਥੇ ਪੜ੍ਹਾਈ ਦੇ ਖੇਤਰ ਵਿੱਚ ਆਪਣਾ ਨਾਮ ਰੋਸ਼ਨ ਕਰਦੇ ਆ ਰਹੇ ਹਨ ਉਥੇ ਹੀ ਖੇਡਾਂ ਦੇ ਮੈਦਾਨ ਵਿੱਚ ਵੀ ਉਹ ਕਿਸੇ ਤੋਂ ਕਦੇ ਪਿੱਛੇ ਨਹੀਂ ਰਹੇ ਅਤੇ ਕਾਲਜ ਦਾ ਨਾਮ ਰੌਸ਼ਨ ਕਰਦੇ ਆ ਰਹੇ ਹਨ। ਮੈਂ ਉਹਨਾਂ ਨੂੰ ਮੁਬਾਰਕਬਾਦ ਪੇਸ਼ ਕਰਦਾ ਹਾਂ ਅਤੇ ਸ਼ੁਭਕਾਮਨਾਵਾਂ ਦਿੰਦਾ ਹਾਂ ਅਤੇ ਦੁਆ-ਗੋ ਹਾਂ ਕਿ ਉਹ ਭਵਿੱਖ ਵਿੱਚ ਵੀ ਇੰਝ ਹੀ ਕਾਮਯਾਬੀ ਦੀਆਂ ਰਾਹਾਂ ਉੱਤੇ ਚਲਦੇ ਹੋਏ ਅੱਗੇ ਵਧਦੇ ਰਹਿਣ। ਕਾਲਜ ਵੱਲੋਂ ਬੈਡਮਿੰਟਨ ਕੋਚ ਅਬਦੁੱਲਾ ਜਮੀਲ ਦੀ ਬਤੌਰ ਕੋਚ ਡਿਊਟੀ ਲਗਾਈ ਗਈ ਅਤੇ ਜਿੱਤਣ ਦੀ ਮੁਬਾਰਕਬਾਦ ਦਿੱਤੀ ਅਤੇ ਚੰਗੀ ਕੋਚਿੰਗ ਲਈ ਉਹਨਾਂ ਦਾ ਧੰਨਵਾਦ ਵੀ ਕੀਤਾ। ਇਸ ਜਿੱਤ ਦੇ ਲਈ ਵਿਦਿਆਰਥੀਆਂ ਦੇ ਨਾਲ ਨਾਲ ਪ੍ਰੋਫੈਸਰ ਸਾਹਿਬਾਨ ਡਾ. ਪਰਮਜੀਤ ਸਿੰਘ ਢਿੱਲੋਂ, ਡਾ. ਪ੍ਰਿਤਪਾਲ ਕੌਸ਼ਿਕ, ਡਾ. ਬਲਜਿੰਦਰ ਕੌਰ, ਡਾ. ਮੁਹੰਮਦ ਅਨਵਰ, ਡਾ. ਰੇਨੂ ਸ਼ਰਮਾ, ਡਾ. ਵਲੀ ਮੁਹੰਮਦ, ਡਾ. ਮੁਹੰਮਦ ਆਸ਼ਰਫ, ਪ੍ਰੋਫੈਸਰ ਮਾਸੂਮ ਸਾਹਿਬ ਵੱਲੋਂ ਵੀ ਮੁਬਾਰਕਬਾਦ ਦਿੱਤੀ ਗਈ।

# ਦਾ ਸੁਪੀਰੀਅਰ ਵਰਲਡ ਸਕੂਲ ਦੇ ਦੀਵਾਲੀ ਕਾਰਨੀਵਲ 'ਚ ਛਾਇਆ ਉਤਸਵ ਦਾ ਰੰਗ, ਸਕੂਲ ਦੇ ਸਿਤਾਰੇ ਚਮਕੇ



**ਮਾਛੀਵਾੜਾ ਸਾਹਿਬ, 22 ਅਕਤੂਬਰ**
**-ਸਤੀਸ਼ ਕੁਮਾਰ-**
**-ਕੌਮੀ ਪੱਤ੍ਰਿਕਾ ਬਿਊਰੋ-**

ਦਾ ਸੁਪੀਰੀਅਰ ਵਰਲਡ ਸਕੂਲ ਵਿੱਚ ਦੀਵਾਲੀ ਕਾਰਨੀਵਲ ਵੱਡੇ ਉਤਸ਼ਾਹ ਅਤੇ ਖੁਸ਼ੀ ਨਾਲ ਮਨਾਇਆ ਗਿਆ। ਪੂਰੇ ਸਕੂਲ ਦਾ ਮਾਹੌਲ ਰੰਗਾਂ, ਰੌਸ਼ਨੀ ਅਤੇ ਖੁਸ਼ੀਆਂ ਨਾਲ ਚਮਕ ਉਠਿਆ। ਵਿਦਿਆਰਥੀਆਂ ਨੇ ਭੰਗੜਾ, ਗਿੱਧਾ, ਕਥਕ ਅਤੇ ਡਾਂਸ ਦੀਆਂ ਸ਼ਾਨਦਾਰ ਪ੍ਰਸਤੁਤੀਆਂ ਨਾਲ ਸਭ ਦਾ ਦਿਲ ਜਿੱਤ ਲਿਆ। ਪ੍ਰੋਗਰਾਮ ਦੌਰਾਨ ਬੱਚਿਆਂ ਦੀ ਪ੍ਰਤਿਭਾ ਅਤੇ ਆਤਮ ਵਿਸ਼ਵਾਸ ਦੀ ਸਭ ਨੇ ਪ੍ਰਸ਼ੰਸਾ ਕੀਤੀ। ਮੰਚ 'ਤੇ ਬੱਚਿਆਂ ਦੇ ਜੋਸ਼ ਅਤੇ ਉਤਸ਼ਾਹ ਨੇ ਮਾਹੌਲ ਨੂੰ ਹੋਰ ਵੀ ਰੌਣਕਮਈ ਬਣਾ ਦਿੱਤਾ। ਪ੍ਰਿੰਸੀਪਲ ਰਸ਼ਮੀ ਸ਼ਰਮਾ ਜੀ ਅਤੇ ਮੈਨੇਜਰ ਜਤਿੰਦਰ ਸ਼ਰਮਾ ਜੀ ਨੇ ਵਿਦਿਆਰਥੀਆਂ ਦੀ ਮਿਹਨਤ ਅਤੇ ਸ਼ਾਨਦਾਰ ਪ੍ਰਦਰਸ਼ਨ ਦੀ ਖੂਬ ਤਾਰੀਫ਼ ਕੀਤੀ ਅਤੇ ਅਧਿਆਪਕਾਂ ਦਾ ਉਨ੍ਹਾਂ ਦੀ ਰਹਿਨੁਮਾਈ ਲਈ ਧੰਨਵਾਦ ਕੀਤਾ। ਉਨ੍ਹਾਂ ਨੇ ਕਿਹਾ ਕਿ ਇਸ ਤਰ੍ਹਾਂ ਦੇ ਪ੍ਰੋਗਰਾਮ ਬੱਚਿਆਂ ਵਿਚ ਆਤਮ ਵਿਸ਼ਵਾਸ ਪੈਦਾ ਕਰਦੇ ਹਨ ਅਤੇ ਉਨ੍ਹਾਂ ਦੀ ਲੁਕਾਈ ਪ੍ਰਤਿਭਾ ਨੂੰ ਸਾਹਮਣੇ ਲਿਆਉਂਦੇ ਹਨ। ਅਧਿਆਪਕਾਂ ਨੇ ਵਿਦਿਆਰਥੀਆਂ ਨੂੰ ਇਸ ਪ੍ਰੋਗਰਾਮ ਲਈ ਪੂਰੇ ਮਨੋਂ ਤੇ ਸ੍ਰਿਜਨਾਤਮਕਤਾ ਨਾਲ ਤਿਆਰ ਕੀਤਾ। ਪੂਰੇ ਸਕੂਲ ਪਰਿਵਾਰ ਨੇ ਇਸ ਦਿਨ ਨੂੰ ਦੀਵਾਲੀ ਦੀਆਂ ਖੁਸ਼ੀਆਂ ਨਾਲ ਮਨਾਇਆ। ਦੀਵਾਲੀ ਕਾਰਨੀਵਲ ਨੇ ਸਭ ਦੇ ਚਿਹਰਿਆਂ 'ਤੇ ਮੁਸਕਾਨ ਅਤੇ ਦਿਲਾਂ ਵਿੱਚ ਖੁਸ਼ੀਆਂ ਦੀ ਰੌਸ਼ਨੀ ਭਰ ਦਿੱਤੀ। ਇਹ ਆਯੋਜਨ ਵਿਦਿਆਰਥੀਆਂ ਵਿਚ ਟੀਮਵਰਕ, ਆਤਮ-ਅਭਿਵਿਅਕਤੀ ਅਤੇ ਸੱਭਿਆਚਾਰਕ ਮੁੱਲਾਂ ਪ੍ਰਤੀ ਸਤਿਕਾਰ ਦੀ ਭਾਵਨਾ ਜਗਾਉਣ ਵਾਲਾ ਰਿਹਾ।

# ਪੀ ਆਰ ਟੀ ਸੀ ਨੇ ਮਨਾਇਆ ਸਥਾਪਨਾ ਦਿਵਸ



**ਪਟਿਆਲਾ, 22 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਪੀ ਆਰ ਟੀ ਸੀ ਦੇ ਕਾਮਿਆਂ ਨੇ ਪੀ ਆਰ ਟੀ ਸੀ ਦਾ ਸਥਾਪਨਾ ਦਿਵਸ ਬੜੇ ਚਾਵਾਂ ਨਾਲ ਮਨਾਇਆ । ਪੀ ਆਰ ਟੀ ਸੀ 16 ਅਕਤੂਬਰ 1956 ਨੂੰ ਹੋਂਦ ਵਿੱਚ ਆਈ ਸੀ। ਕੁਝ ਵਰਿਆਂ ਤੋਂ ਪੀਆਰਟੀਸੀ ਦਾ ਸਥਾਪਨਾ ਦਿਵਸ ਇਕ ਤਿਉਹਾਰ ਦੇ ਤੌਰ 'ਤੇ ਪਟਿਆਲਾ ਡਿਪੂ ਦੇ ਕਰਮਚਾਰੀਆਂ ਵੱਲੋਂ ਕੇਕ ਕੱਟ ਕੇ ਮਨਾਇਆ ਜਾ ਰਿਹਾ ਹੈ ।ਇਸ ਅਦਾਰੇ ਨੂੰ ਇਕ ਧਾਰਮਿਕ ਸਥਾਨ ਦੇ ਬਰਾਬਰ ਸਮਝਣ ਵਾਲੇ, 10 ਸਾਲਾਂ ਤੋਂ ਠੇਕੇ ਦੇ ਅਧਾਰ 'ਤੇ ਨੌਕਰੀ ਕਰਦੇ ਆ ਰਹੇ ਕੰਡਕਟਰ ਮਿਲਖਾ ਸਿੰਘ ਦਾ ਕਹਿਣਾ ਹੈ ਕਿ ਮੈਨੂੰ ਪੀ ਆਰ ਟੀ ਸੀ ਇੱਕ ਦੇਵੀ ਵਾਂਗ ਲੱਗਦੀ ਹੈ ,ਮੈਂ ਜੋ ਵੀ ਮੰਗਿਆ ਉਹੀ ਪਾਇਆ, ਮੈਂ ਇਸਨੂੰ ਦੇਵੀ ਸਮਾਨ ਸਮਝ ਕੇ ਇਸ ਦੀ ਪੂਜਾ ਕਰਦਾ ਹਾਂ ।ਮਿਲਖਾ ਸਿੰਘ ਨੇ ਆਪਣੀ ਜੇਬ ਚੋਂ 6000 ਰੁਪਏ ਖਰਚ ਕੇ ਪਹਿਲਾਂ ਪੀ ਆਰ ਟੀ ਸੀ ਪਟਿਆਲਾ ਡਿਪੂ ਵਿੱਚ ਕੇ ਕੱਟ ਕੇ ਡਿਪੂ ਦੇ ਸਾਰੇ ਹਾਜ਼ਰ ਸਟਾਫ ਨੂੰ ਮਠਿਆਈ ਵੰਡ ਕੇ ਇਹ ਉਸਤਵ ਡਿਪੂ ਵਿੱਚ ਮਨਾਇਆ ਫਿਰ ਆਪਣੇ ਘਰ ਆ ਕੇ ਮਿਲਖਾ ਸਿੰਘ ਨੇ ਆਪਣੇ ਪਰਿਵਾਰ ਵਿੱਚ ਕੇਕ ਕੱਟ ਕੇ ਇਹ ਉਤਸਵ ਬੜੇ ਚਾਵਾਂ ਨਾਲ ਮਨਾਇਆ। ਮਿਲਖਾ ਸਿੰਘ ਦਾ ਕਹਿਣਾ ਹੈ ਕਿ ਲੋਕ ਭਾਵੇਂ ਇਸ ਨੂੰ ਇੱਕ ਅਦਾਰਾ ਸਮਝਦੇ ਨੇ ਪਰ ਮੈਂ ਇਸਨੂੰ ਪੂਜਣ ਯੋਗ ਸਥਾਨ ਮੰਨਦਾ ਹਾਂ ,ਜੋ ਮੈਂ ਚਾਹੁੰਦਾ ਹਾਂ ਉਹੀ ਮੈਨੂੰ ਇਥੋਂ ਪ੍ਰਾਪਤ ਹੁੰਦਾ ਹੈ। ਪਟਿਆਲਾ ਦਿੱਲੀ ਜਾਂ ਅੰਬਾਲਾ ਦਿੱਲੀ ਰੂਟ 'ਤੇ ਡੀਲਕਸ ਬੱਸ 'ਤੇ ਡਿਊਟੀ ਕਰਦਾ ਇਹ ਕੰਡਕਟਰ ਇਮਾਨਦਾਰੀ ਪੱਖੋਂ ,ਡਿਊਟੀ ਤੇ ਮਿਹਨਤ ਪੱਖੋਂ ਇਕ ਨੰਬਰ 'ਤੇ ਹੈ। ਆਪਣੇ ਸਾਥੀਆਂ ਵਿੱਚ ਬਹੁਤ ਹਰ - ਮਨ ਪਿਆਰਾ ਹੈ।

ਉਸਦਾ ਕਹਿਣਾ ਹੈ ਕਿ ਜੇਕਰ ਆਪਾਂ ਅਦਾਰੇ ਨੂੰ ਇਕ ਧਾਰਮਿਕ ਸਥਾਨ ਵਾਂਗ ਪਿਆਰ ਕਰੀਏ ਤੇ ਇਮਾਨਦਾਰੀ ਨਾਲ ਡਿਊਟੀ ਕਰੀਏ ਤਾਂ ਸਾਨੂੰ ਕਿਸੇ ਕਿਸਮ ਦੀ ਘਾਟ ਨਹੀਂ ਆ ਸਕਦੀ ਅਤੇ ਅਦਾਰਾ ਵੀ ਦਿਨ ਦੁਗਣੀ ਤੇ ਰਾਤ ਚੌਗੁਣੀ ਤਰੱਕੀ ਕਰ ਸਕਦਾ ਹੈ। ਉਮੀਦ ਹੈ ਮਿਲਖਾ ਸਿੰਘ ਦੇ ਹੋਰ ਸਾਥੀ ਵੀ ਇਸ ਤੋਂ ਸੇਧ ਲੈ ਕੇ ਚੱਲਣਗੇ ਅਤੇ ਅਦਾਰੇ ਨੂੰ ਪ੍ਰਫੁੱਲਤ ਕਰਨ ਵਿੱਚ ਭਰਪੂਰ ਯੋਗਦਾਨ ਪਾਉਣਗੇ।

# ਅਗਰਵਾਲ ਚੇਤਨਾ ਸਭਾ ਵੱਲੋਂ ਗਰੀਨ ਦੀਵਾਲੀ ਮਨਾਈ ਗਈ



**ਪਟਿਆਲਾ, 22 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਦੀਵਾਲੀ ਦਾ ਤਿਉਹਾਰ ਖੁਸ਼ੀਆ ਭਰਿਆ ਹੈ। ਸਾਰੇ ਲੋਕ ਇਸ ਨੂੰ ਬੜੇ ਚਾਅ ਨਾਲ ਮਨਾਉਂਦੇ ਹਨ। ਰਾਜਾ ਰਾਮ ਜੀ ਨੇ ਰਾਜ ਤਿਲਕ ਲਗਾਇਆ ਗਿਆ ਅਤੇ ਜਦੋਂ ਅਯੋਧਿਆ ਪਰਤੇ ਸਨ ਅਤੇ ਦੀਪਕ ਜਗਾ ਕੇ ਰੋਸ਼ਨੀ ਕੀਤੀ ਗਈ। ਸਾਨੂੰ ਗਰੀਨ ਦਿਵਾਲੀ ਮਨਾਉਣੀ ਚਾਹੀਦੀ ਹੈ ਅਤੇ ਬੁਰਾਈਆਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਅਗਰਵਾਲ ਚੇਤਨਾ ਸਭਾ ਵੱਲੋਂ ਸਮਾਜ ਦੀਆਂ ਬੁਰਾਈਆਂ ਨੂੰ ਦੂਰ ਕਰਨ ਲਈ ਉਪਰਾਲੇ ਕਰੇਗੀ। ਮਹਾਰਾਜਾ ਅਗਰਸੈਨ ਦੇ ਉਪਰ ਲਛਮੀ ਮਾਤਾ ਜੀ ਦੀ ਵਿਸ਼ੇਸ਼ ਕ੍ਰਿਪਾ ਸੀ। ਇਹ ਸਮਾਜ ਹਮੇਸ਼ਾ ਦਾਨ ਦੇਣ ਵਿੱਚ ਵਿਸ਼ਵਾਸ਼ ਕਰਦਾ ਹੈ। ਅੱਜ ਗਰੀਨ ਦੀਵਾਲੀ ਮਨਾਈ ਗਈ ਅਤੇ ਮੋਮਬੱਤੀਆਂ ਜਗਾਂ ਕੇ ਅਤੇ ਫੁਲਝੜੀਆਂ ਚਲਾ ਕੇ ਦੀਵਾਲੀ ਮਨਾਈ ਗਈ ਅਤੇ ਸਭ ਨੂੰ ਪ੍ਰੇਰਨਾ ਦਿੱਤੀ ਗਈ ਕਿ ਇਸ ਮੌਕੇ ਡਾ. ਪ੍ਰਸ਼ੋਤਮ ਗੋਇਲ ਪ੍ਰਧਾਨ, ਵਿਜੇ ਕੁਮਾਰ ਗੋਇਲ ਅਤੇ ਦੇਵੀ ਦਿਆਲ ਗੋਇਲ ਪੈਟਰਨ, ਰਾਜੇਸ਼ ਸਿੰਗਲਾ, ਹਰਬੰਸ ਬਾਂਸਲ, ਮੋਹਨ ਗੋਇਲ, ਅਨਿਲ ਕੁਮਾਰ ਗਰਗ, ਸੁਰਿੰਦਰ ਕੁਮਾਰ ਗੁਪਤਾ, ਵਿਨੋਦ ਕੁਮਾਰ ਅਤੇ ਮੈਂਬਰਜ਼ ਹਾਜਰ ਸਨ। ਇਸ ਮੌਕੇ ਸਾਰੇ ਪਟਿਆਲਾ ਅਤੇ ਪੰਜਾਬ ਵਾਸੀਆਂ ਨੂੰ ਵਧਾਈ ਦਿੱਤੀ ਗਈ।

# ਕਾਲਜ ਵਿਦਿਆਰਥਣਾਂ ਵੱਲੋਂ ਮਨਾਈ ਗਈ ਗਰੀਨ ਦਿਵਾਲੀ

**ਮਾਛੀਵਾੜਾ ਸਾਹਿਬ, 22 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਸਰਪ੍ਰਸਤੀ ਹੇਠ ਚੱਲ ਰਹੀ ਇਲਾਕੇ ਦੀ ਸਿਰਮੌਰ ਸੰਸਥਾ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫਾਰ ਵਿਮੈਨ ਝਾੜ ਸਾਹਿਬ ਵਿਖੇ ਕਾਲਜ ਪ੍ਰਿੰਸੀਪਲ ਡਾ. ਰਜਿੰਦਰ ਕੌਰ ਦੇ ਦਿਸ਼ਾ ਨਿਰਦੇਸ਼ਾਂ ਤੇ ਡਾ. ਸੁਨੀਤਾ ਕੌਸ਼ਲ ਇੰਚਾਰਜ/ਸੈਲਫ ਹੈਲਪ ਗਰੁੱਪ, ਡਾ ਰਣਜੀਤ ਕੌਰ ਮੁੱਖੀ ਹੋਮ ਸਾਇੰਸ ਵਿਭਾਗ, ਡਾ. ਮਹੀਪਿੰਦਰ ਕੌਰ ਮੁੱਖੀ ਪੰਜਾਬੀ ਵਿਭਾਗ ਅਤੇ ਇੰਚਾਰਜ ਪੰਜਾਬੀ ਸਾਹਿਤ ਸਭਾ, ਸ੍ਰੀਮਤੀ ਜਸਵੀਰ ਕੌਰ ਇੰਚਾਰਜ ਐਂਨ.ਐਸ.ਐਸ ਯੂਨਿਟ, ਮਿਸ ਆਰਤੀ ਮੁੱਖੀ ਕਾਮਰਸ ਵਿਭਾਗ ਦੀ ਯੋਗ ਅਗਵਾਈ ਹੇਠ ਕਾਲਜ ਵਿਦਿਆਰਥਣਾਂ ਵੱਲੋਂ ਪਲਾਸਟਿਕ ਫਰੀ ਗ੍ਰੀਨ ਦੀਵਾਲੀ ਮਾਨਈ ਗਈ। ਵਿਦਿਆਰਥਣਾਂ ਨੇ ਗ੍ਰੀਨ ਦੀਵਾਲੀ ਮਨਾਉਣ ਦੇ ਸੰਕਲਪ ਨੂੰ ਲਾਗੂ ਕਰਕੇ ਵਾਤਾਵਰਨ ਨੂੰ ਦੂਸ਼ਿਤ ਹੋਣ ਤੋਂ ਬਚਾਉਣ ਦਾ ਪ੍ਰਣ ਲਿਆ। ਪੰਜਾਬੀ ਵਿਭਾਗ ਦੀਆਂ ਵਿਦਿਆਰਥਣਾਂ ਵੱਲੋਂ ਫੁੱਲਾਂ ਦੇ ਮੌਸਮੀ ਪੌਦੇ ਲਗਾਏ ਗਏ। ਐਂਨ,ਐਸ,ਐਸ ਤੇ ਸੈਲਫ ਹੈਲਪ ਗਰੁੱਪ ਦੀਆਂ ਵਿਦਿਆਰਥਣਾਂ ਵੱਲੋਂ ਮਿੱਟੀ ਦੇ ਦੀਵੇ, ਵਸਤਰ, ਤੇਲ,ਬੱਤੀਆਂ ਆਦਿ ਸਮਾਨ ਲੋੜਵੰਦਾਂ ਨੂੰ ਵੰਡਿਆ ਗਿਆ।



ਹੋਮ ਸਾਇੰਸ ਵਿਭਾਗ ਵੱਲੋਂ ਹੱਥੀ ਬਣਾਈਆਂ ਮਿਠਾਈਆਂ, ਕੇਕ, ਪੱਖੀਆਂ, ਰੰਗ-ਬਰੰਗੇ ਦੀਵੇ ਅਤੇ ਕਾਮਰਸ ਵਿਭਾਗ ਨੇ ਪਲਾਸਟਿਕ ਫਰੀ ਸਜਾਵਟੀ ਸਮਾਨ ਦੀ ਪ੍ਰਦਰਸ਼ਨੀ ਲਗਾਈ ਗਈ।

ਪ੍ਰਿੰਸੀਪਲ ਡਾ ਰਜਿੰਦਰ ਕੌਰ ਅਤੇ ਕਾਲਜ ਦੀ ਲੋਕਲ ਮੈਨੇਜਮੈਂਟ ਕਮੇਟੀ ਨੇ ਸਮੂਹ ਸਟਾਫ ਅਤੇ ਵਿਦਿਆਰਥਣਾਂ ਨੂੰ ਦੀਵਾਲੀ ਮੌਕੇ ਇਸ ਉਸਾਰੂ ਉਪਰਾਲੇ ਦੀ ਵਧਾਈ ਦਿੱਤੀ । ਕਾਲਜ ਪ੍ਰਿੰਸੀਪਲ ਡਾ ਰਜਿੰਦਰ ਕੌਰ ਨੇ ਕਿਹਾ ਕਿ ਦੀਵਾਲੀ ਦਾ ਤਿਉਹਾਰ ਬੰਦੀ ਛੋੜ ਦਿਵਸ ਦੇ ਰੂਪ ਵਿੱਚ ਵੀ ਮਨਾਇਆ ਜਾਂਦਾ ਹੈ। ਗੁਰਮਤਿ ਦੀ ਜੀਵਨ ਜੁਗਤ ਵਿੱਚ ਮਨੁੱਖ ਨੂੰ ਸਮੁੱਚੇ ਰੂਪ ਵਿੱਚ ਇਹ ਸੇਧ ਦਿੱਤੀ ਗਈ ਹੈ ਕਿ ਸਾਨੂੰ ਕੋਈ ਵੀ ਉਤਸਵ ਇਸ ਤਰਾਂ ਨਹੀ ਮਨਾਉਣਾ ਚਾਹੀਦਾ ਜਿਸ ਨਾਲ ਮਨੁਖੀ ਜੀਵਨ ਪ੍ਰਭਾਵਿਤ ਹੋਵੇ। ਉਹਨਾਂ ਕਿਹਾ ਕਿ ਅੱਜ ਦੇ ਯੁੱਗ ਵਿੱਚ ਵਾਤਾਵਰਨ ਨੂੰ ਸ਼ੁੱਧ ਰੱਖਣਾ ਸਾਡੀ ਪਹਿਲੀ ਲੋੜ ਹੈ॥ ਇਸ ਲਈ ਵਾਤਾਵਰਨ ਵਿੱਚਲੇ ਪ੍ਰਦੂਸ਼ਣ ਨੂੰ ਦੂਰ ਕਰਨ ਲਈ ਕਾਲਜ ਵਿਦਿਆਰਥਣਾਂ ਵੱਲੋਂ ਪਲਾਸਟਿਕ ਫ੍ਰੀ ਗ੍ਰੀਨ ਦੀਵਾਲੀ ਮਨਾ ਕੇ ਆਪਣਾ ਯੋਗਦਾਨ ਪਾਇਆ ਗਿਆ ਹੈ। ਇਸ ਮੌਕੇ ਮਿਸ ਸਿਮਰਨਪ੍ਰੀਤ ਕੌਰ ਅਤੇ ਹੋਰ ਕਾਲਜ ਸਟਾਫ ਮੈਂਬਰ ਹਾਜ਼ਰ ਸਨ।

# ਬੰਦ ਹੋਏ ਗੰਗੋਤਰੀ ਧਾਮ, ਕੇਦਾਰਨਾਥ ਤੇ ਯਮੁਨੋਤਰੀ ਦੇ ਕਿਵਾੜ

**ਕੌਮੀ ਪਤ੍ਰਿਕਾ**

ਨੈਸ਼ਨਲ ਡੈਸਕ 22 ਅਕਤੂਬਰ। ਉੱਤਰਾਖੰਡ ਵਿੱਚ ਪਵਿੱਤਰ ਚਾਰ ਧਾਮ ਯਾਤਰਾ ਅੱਜ ਤੋਂ ਸਮਾਪਤ ਹੋ ਗਈ ਹੈ। ਇਸ ਸਾਲ ਦੀ ਯਾਤਰਾ ਨੇ ਸ਼ਰਧਾਲੂਆਂ ਦੀ ਗਿਣਤੀ ਦਾ ਇੱਕ ਨਵਾਂ ਰਿਕਾਰਡ ਬਣਾ ਦਿੱਤਾ ਹੈ। ਕੁਦਰਤੀ ਆਫ਼ਤਾਂ ਦੇ ਬਾਵਜੂਦ, 50 ਲੱਖ ਤੋਂ ਵੱਧ ਸ਼ਰਧਾਲੂ ਯਾਤਰਾ ਲਈ ਉਤਰਾਖੰਡ ਪਹੁੰਚੇ। ਇਸ ਤੋਂ ਇਲਾਵਾ ਉਤਰਾਖੰਡ ਸਰਕਾਰ ਦੁਆਰਾ ਕੀਤੇ ਗਏ ਵਿਸ਼ੇਸ਼ ਪ੍ਰਬੰਧਾਂ ਦਾ ਅਸਰ ਵੀ ਯਾਤਰਾ ਦੀ ਸਫਲਤਾ ਦਾ ਇੱਕ ਮੁੱਖ ਕਾਰਕ ਰਿਹਾ। ਜਾਣਕਾਰੀ ਮੁਤਾਬਕ ਉਤਰਾਖੰਡ ਦੇ ਉੱਚ ਗੜ੍ਹਵਾਲ ਹਿਮਾਲਿਆਈ ਖੇਤਰ ਵਿੱਚ ਸਥਿਤ ਚਾਰ ਧਾਮ ਮੰਦਰਾਂ ਵਿੱਚੋਂ ਇੱਕ ਗੰਗੋਤਰੀ ਧਾਮ ਦੇ ਕਿਵਾੜ ਬੁੱਧਵਾਰ ਨੂੰ ਅੰਨਕੂਟ ਦੇ ਤਿਉਹਾਰ ਮੌਕੇ ਸ਼ਰਧਾਲੂਆਂ ਲਈ ਬੰਦ ਕਰ ਦਿੱਤੇ ਗਏ। ਸਰਦੀਆਂ ਦੇ ਛੇ ਮਹੀਨਿਆਂ ਦੇ ਮੰਦਰ ਬੰਦ ਹੋਣ ਦੌਰਾਨ ਸ਼ਰਧਾਲੂ ਮਾਂ ਗੰਗਾ ਦੀ ਮੁਖਬਾ ਪਿੰਡ ਵਿੱਚ ਉਨ੍ਹਾਂ ਦੇ ਸਰਦੀਆਂ ਦੇ ਨਿਵਾਸ ਸਥਾਨ 'ਤੇ ਪੂਜਾ ਕਰ ਸਕਣਗੇ। ਗੰਗੋਤਰੀ ਮੰਦਰ ਕਮੇਟੀ ਦੇ ਸਕੱਤਰ ਸੁਰੇਸ਼ ਸੇਮਵਾਲ ਨੇ ਦੱਸਿਆ ਕਿ ਵੈਦਿਕ ਮੰਤਰਾਂ ਨਾਲ ਮਾਤਾ ਗੰਗਾ ਦੀ ਰਸਮੀ ਪੂਜਾ ਤੋਂ ਬਾਅਦ ਮੰਦਰਾਂ ਦੇ ਕਿਵਾੜ ਸਰਦੀਆਂ ਦੇ ਮੌਸਮ ਲਈ ਸਵੇਰੇ 11:36 ਵਜੇ ਬੰਦ ਕਰ ਦਿੱਤੇ ਗਏ। ਇਸ ਮੌਕੇ ਗੰਗੋਤਰੀ ਦੇ ਵਿਧਾਇਕ ਸੁਰੇਸ਼ ਚੌਹਾਨ, ਮੰਦਰ ਦੇ ਧਾਰਮਿਕ ਮੁਖੀ ਅਤੇ ਸੈਂਕੜੇ ਸ਼ਰਧਾਲੂ ਮੌਜੂਦ ਸਨ। ਇਸ ਦੌਰਾਨ ਤੀਰਥ



ਪੁਜਾਰੀਆਂ ਨੇ ਲਗਾਤਾਰ ਗੰਗਾ ਲਹਿਰੀ ਦਾ ਪਾਠ ਕੀਤਾ। ਕਿਵਾੜ ਬੰਦ ਹੋਣ ਤੋਂ ਬਾਅਦ ਪਾਲਕੀ ਵਿਚ ਸਵਾਰ ਹੋ ਕੇ ਗੰਗਾ ਦੀ ਮੂਰਤੀ ਮੰਦਰ ਕੰਪਲੈਕਸ ਤੋਂ ਜਿਵੇਂ ਬਾਹਰ ਲਿਆਂਦੀ ਗਈ, ਸਾਰਾ ਮਾਹੌਲ ਸ਼ਰਧਾ-ਭਾਵਨਾ ਨਾਲ ਭਰ ਗਿਆ। ਫੌਜ ਦੇ ਬੈਂਡ ਦੀਆਂ ਧੁਨਾਂ ਅਤੇ ਰਵਾਇਤੀ ਢੋਲ ਦਮੌ ਸਾਜ਼ ਦੀਆਂ ਤਾਲਾਂ ਨਾਲ ਤੀਰਥ ਪੁਜਾਰੀ ਗੰਗਾ ਡੋਲੀ ਨੂੰ ਪੈਦਲ ਹੀ ਉਸਦੇ ਸਰਦੀਆਂ ਦੇ ਨਿਵਾਸ ਮੁਖਬਾ ਪਿੰਡ ਲੈ ਕੇ ਰਵਾਨਾ ਹੋਏ। ਰਾਤ ਵਿਸ਼ਰਾਮ ਲਈ ਗੰਗਾ ਦੀ ਡੋਲੀ ਮਾਰਕੰਡੇਯ ਦੇ ਦੇਵੀ ਮੰਦਰ ਪਹੁੰਚੇਗੀ, ਜਿੱਥੋਂ ਇਸਨੂੰ ਵੀਰਵਾਰ ਨੂੰ ਮੁਖਬਾ ਦੇ ਗੰਗਾ ਮੰਦਰ ਲਿਜਾਇਆ ਜਾਵੇਗਾ। ਵੀਰਵਾਰ ਨੂੰ ਭਈਆ ਦੂਜ ਦੇ ਮੌਕੇ 'ਤੇ ਕੇਦਾਰਨਾਥ ਅਤੇ ਯਮੁਨੋਤਰੀ ਦੇ ਕਿਵਾੜ ਵੀ ਸਰਦੀਆਂ ਦੇ ਮੌਸਮ ਲਈ ਬੰਦ ਕਰ ਦਿੱਤੇ ਜਾਣਗੇ, ਜਦੋਂ ਕਿ ਬਦਰੀਨਾਥ ਦੇ ਕਿਵਾੜ 25 ਨਵੰਬਰ ਨੂੰ ਬੰਦ ਹੋਣਗੇ। ਸਰਦੀਆਂ ਵਿੱਚ ਬਰਫ਼ਬਾਰੀ ਅਤੇ ਕੜਾਕੇ ਦੀ ਠੰਢ ਕਾਰਨ ਹਰ ਸਾਲ ਅਕਤੂਬਰ-ਨਵੰਬਰ ਵਿੱਚ ਚਾਰਧਾਮ ਦੇ ਕਿਵਾੜ ਸ਼ਰਧਾਲੂਆਂ ਲਈ ਬੰਦ ਕਰ ਦਿੱਤੇ ਜਾਂਦੇ ਹਨ, ਜੋ ਅਗਲੇ ਸਾਲ ਅਪ੍ਰੈਲ-ਮਈ ਵਿੱਚ ਦੁਬਾਰਾ ਖੋਲ੍ਹ ਦਿੱਤੇ ਜਾਂਦੇ ਹਨ। ਹਰ ਸਾਲ ਲੱਖਾਂ ਦੀ ਗਿਣਤੀ ਵਿਚ ਸ਼ਰਧਾਲੂ ਚਾਰਧਾਮ ਯਾਤਰਾ 'ਤੇ ਜਾਂਦੇ ਹਨ, ਜਿਸਨੂੰ ਗੜ੍ਹਵਾਲ ਖੇਤਰ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਮੰਨਿਆ ਜਾਂਦਾ ਹੈ। ਸਰਕਾਰੀ ਅੰਕੜਿਆਂ ਅਨੁਸਾਰ, ਇਸ ਸਾਲ 21 ਅਕਤੂਬਰ ਤੱਕ ਲਗਭਗ 49.5 ਲੱਖ ਸ਼ਰਧਾਲੂ ਚਾਰਧਾਮ ਦਰਸ਼ਨ ਲਈ ਆਏ ਹਨ, ਜਿਨ੍ਹਾਂ ਵਿੱਚੋਂ ਗੰਗੋਤਰੀ ਆਉਣ ਵਾਲੇ ਸ਼ਰਧਾਲੂਆਂ ਦੀ ਗਿਣਤੀ 7,57,762 ਸੀ।

## ਨੇਤਰਹੀਣਾਂ ਤੇ ਦਿਵਿਆਂਗਾਂ ਦੇ ਮੁਫ਼ਤ ਸਫ਼ਰ ਲਈ 84.26 ਲੱਖ ਜਾਰੀ

ਚੰਡੀਗੜ੍ਹ 22 ਅਕਤੂਬਰ। ਪੰਜਾਬ ਸਰਕਾਰ ਵੱਲੋਂ ਨੇਤਰਹੀਣ ਤੇ ਦਿਵਿਆਂਗ ਵਿਅਕਤੀਆਂ ਦੀ ਸਹਾਇਤਾ ਲਈ 84.26 ਲੱਖ ਦੀ ਰਕਮ ਜਾਰੀ ਕੀਤੀ ਗਈ ਹੈ। ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਇਹ ਰਕਮ ਦਿਵਿਆਂਗ ਨਾਗਰਿਕਾਂ ਨੂੰ ਆਵਾਜਾਈ ਸਹੂਲਤਾਂ ਮੁਹੱਈਆ ਕਰਨ ਲਈ ਨਿਰਧਾਰਿਤ ਬਜਟ ਦਾ ਹਿੱਸਾ ਹੈ। ਉਨ੍ਹਾਂ ਦੱਸਿਆ ਕਿ ਨੇਤਰਹੀਣਾਂ ਨੂੰ ਸਰਕਾਰੀ ਬੱਸਾਂ 'ਚ 100 ਫ਼ੀਸਦੀ ਕਿਰਾਏ ਦੀ ਛੋਟ ਦਿੱਤੀ ਗਈ ਹੈ, ਜਦੋਂ ਕਿ ਹੋਰ ਦਿਵਿਆਂਗ



ਸ਼੍ਰੇਣੀਆਂ ਦੇ ਵਿਅਕਤੀਆਂ ਨੂੰ 50 ਫ਼ੀਸਦੀ ਅਰਥਾਤ ਅੱਧੇ ਕਿਰਾਏ ਦੀ ਛੋਟ ਹਾਸਲ ਹੈ। ਇਹ ਸਹੂਲਤ 40 ਫ਼ੀਸਦੀ ਜਾਂ ਇਸ ਤੋਂ ਵੱਧ ਦਿਵਿਆਂਗਤਾ ਵਾਲੇ ਵਿਅਕਤੀਆਂ ਲਈ ਉਪਲੱਬਧ ਹੈ। ਉਨ੍ਹਾਂ ਦੱਸਿਆ ਕਿ ਸਾਲ 2025-26 ਲਈ ਇਸ ਯੋਜਨਾ ਹੇਠ 3 ਕਰੋੜ 50 ਲੱਖ ਦਾ ਬਜਟ ਪ੍ਰਬੰਧ ਕੀਤਾ ਗਿਆ ਹੈ, ਜਿਸ 'ਚੋਂ 2 ਕਰੋੜ 61 ਲੱਖ ਦੀ ਰਕਮ ਪਹਿਲਾਂ ਹੀ ਖ਼ਰਚ ਕੀਤੀ ਜਾ ਚੁੱਕੀ ਹੈ। ਹੁਣ ਸਰਕਾਰ ਵੱਲੋਂ 84.26 ਲੱਖ ਦੀ ਹੋਰ ਰਕਮ ਜਾਰੀ ਕੀਤੀ ਗਈ ਹੈ ਤਾਂ ਜੋ ਯੋਗ ਲਾਭਪਾਤਰੀਆਂ ਨੂੰ ਇਹ ਸਹੂਲਤ ਨਿਰੰਤਰ ਮਿਲਦੀ ਰਹੇ। ਉਨ੍ਹਾਂ ਕਿਹਾ ਕਿ ਆਵਾਜਾਈ ਸਹੂਲਤਾਂ ਤੋਂ ਇਲਾਵਾ ਦਿਵਿਆਂਗ ਵਿਅਕਤੀਆਂ ਦੀ ਸਿੱਖਿਆ, ਰੁਜ਼ਗਾਰ ਤੇ ਸਮਾਜਿਕ ਸਸ਼ਕਤੀਕਰਨ ਲਈ ਵੀ ਵਿਭਾਗ ਵੱਲੋਂ ਨਿਰੰਤਰ ਉਪਰਾਲੇ ਕੀਤੇ ਜਾ ਰਹੇ ਹਨ ਤਾਂ ਜੋ ਉਹ ਆਤਮ-ਵਿਸ਼ਵਾਸ ਨਾਲ ਮੁੱਖ ਧਾਰਾ ਨਾਲ ਜੁੜ ਸਕਣ।

## ਹਾਈ ਕੋਰਟ 'ਚ 76 ਵਕੀਲਾਂ ਨੂੰ ਮਿਲਿਆ ਸੀਨੀਅਰ ਐਡਵੋਕੇਟ ਦਾ ਦਰਜਾ

ਚੰਡੀਗੜ੍ਹ 22 ਅਕਤੂਬਰ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਕੁੱਲ 76 ਵਕੀਲਾਂ ਨੂੰ ਸੀਨੀਅਰ ਐਡਵੋਕੇਟ ਵਜੋਂ ਨਾਮਜ਼ਦ ਕੀਤਾ ਹੈ। ਇਹ ਚੋਣ ਪ੍ਰਕਿਰਿਆ ਐਡਵੋਕੇਟਸ ਐਕਟ, 1961 ਦੀ ਧਾਰਾ 16(2) ਦੇ ਤਹਿਤ ਸਖ਼ਤ ਨਿਯਮਾਂ ਦੀ ਪਾਲਣਾ ਕਰਦਿਆਂ ਪੂਰੀ ਕੀਤੀ ਗਈ ਹੈ। ਸਾਲ 2024 ਵਿਚ, ਸੀਨੀਅਰ ਐਡਵੋਕੇਟ ਦੇ ਦਰਜੇ ਲਈ ਕੁੱਲ 210 ਅਰਜ਼ੀਆਂ ਪ੍ਰਾਪਤ ਹੋਈਆਂ ਸਨ। ਸੀਨੀਅਰ ਐਡਵੋਕੇਟ ਦੇ ਅਹੁਦੇ 'ਤੇ ਸੁਪਰੀਮ ਕੋਰਟ ਵਿਚ ਲੰਬਿਤ ਮੁਕੱਦਮੇ ਕਾਰਨ ਇਹ ਪ੍ਰਕਿਰਿਆ ਦੇਰੀ ਨਾਲ ਹੋਈ ਸੀ। ਹਾਲਾਂਕਿ, ਬਾਅਦ ਵਿਚ ਇਕ ਕਮੇਟੀ ਨੇ ਗੱਲਬਾਤ ਕਰਨ ਤੋਂ ਬਾਅਦ 64 ਉਮੀਦਵਾਰਾਂ ਨੂੰ ਮਨਜ਼ੂਰੀ ਦਿੱਤੀ, ਅਤੇ ਫੁੱਲ ਕੋਰਟ ਨੇ ਵਾਧੂ 12 ਉਮੀਦਵਾਰਾਂ ਨੂੰ ਮਨਜ਼ੂਰੀ ਦੇ ਕੇ ਕੁੱਲ 76 ਵਕੀਲਾਂ ਨੂੰ ਸੀਨੀਅਰ ਐਡਵੋਕੇਟ ਨਾਮਜ਼ਦ ਕੀਤਾ ਹੈ। ਇਸ ਕਦਮ ਨਾਲ ਹਾਈਕੋਰਟ ਵਿਚ ਸੀਨੀਅਰ ਐਡਵੋਕੇਟਾਂ ਦੀ ਕੁੱਲ ਗਿਣਤੀ 300 ਤੋਂ ਵੱਧ ਹੋ ਗਈ ਹੈ। ਨਾਮਜ਼ਦਗੀਆਂ ਦੇ ਨਾਲ ਮੁੱਖ ਜੱਜ ਅਤੇ ਜੱਜਾਂ ਵੱਲੋਂ ਇਕ ਮਹੱਤਵਪੂਰਨ ਸ਼ਰਤ ਜੋੜੀ ਗਈ ਹੈ। ਹਰੇਕ ਸੀਨੀਅਰ ਐਡਵੋਕੇਟ ਨੂੰ ਪ੍ਰਤੀ ਸਾਲ ਘੱਟੋ-ਘੱਟ ਦਸ ਮੁਫ਼ਤ ਕਾਨੂੰਨੀ ਸਹਾਇਤਾ ਮਾਮਲਿਆਂ ਦਾ ਸੰਚਾਲਨ ਬਿਨਾਂ ਫੀਸ ਦੇ ਕਰਨਾ ਹੋਵੇਗਾ। ਨਵੇਂ ਨਾਮਜ਼ਦ ਸੀਨੀਅਰ ਐਡਵੋਕੇਟਾਂ ਵਿਚ ਨਵਦੀਪ ਸਿੰਘ, ਸਰਤੇਜ ਸਿੰਘ ਨਰੂਲਾ, ਅਨਿਲ ਮਲਹੋਤਰਾ, ਵਿਕਾਸ ਚਤਰਥ, ਲੋਕੇਸ਼ ਸਿੰਘਲ, ਦਿਵਿਆ ਸ਼ਰਮਾ, ਪੁਨੀਤ ਕੌਰ ਸੇਖੋਂ, ਮੋਨਿਕਾ ਛਿੱਬਰ, ਪੂਜਾ ਸ਼ਰਮਾ, ਦਿਵਿਆ ਸ਼ਰਮਾ, ਪ੍ਰੋਮਿਲਾ ਨੈਨ, ਰਾਜ ਕੁਮਾਰ ਸ਼ਰਮਾ, ਆਸ਼ਿਤ ਮਲਿਕ, ਰੰਜਨ ਕੁਮਾਰ ਹਾਂਡਾ, ਰਵੀ ਸੋਢੀ, ਨਰੇਸ਼ਿੰਦਰ ਸਿੰਘ ਬੋਪਾਰਾਏ, ਜਗਦੀਸ਼ ਮਨਚੰਦਾ, ਅਮਿਤ ਸੇਠੀ, ਅਜਨੀਸ਼ ਰਾਜ ਟੱਕਰ, ਸੁਦੀਪ ਮਹਾਜਨ, ਜਸਦੀਪ ਸਿੰਘ ਤੂਰ, ਮਨੀਸ਼ ਜੈਨ, ਸੁਖਜਿੰਦਰ ਸਿੰਘ ਬਹਿਲ, ਸੁਕਾਂਤ ਗੁਪਤਾ, ਇੰਦਰਪਾਲ ਸਿੰਘ ਦੋਆਬੀਆ, ਵਿਕਾਸ ਸਿੰਘ, ਆਦਰਸ਼ ਕੁਮਾਰ ਜੈਨ, ਗੁਰਪ੍ਰੀਤ ਸਿੰਘ, ਕਮਲ ਸਹਿਗਲ, ਯੋਗੇਸ਼ ਪੁਟਨੀ ਅਤੇ ਹੋਰ ਸ਼ਾਮਲ ਹਨ।

## ਬਠਿੰਡਾ 'ਚ ਜੂਆ ਅਤੇ ਸੱਟੇਬਾਜ਼ੀ 'ਤੇ ਪੂਰੀ ਤਰ੍ਹਾਂ ਰੋਕ, ਮੇਅਰ ਨੇ ਕੀਤੀ ਸਖ਼ਤ ਕਾਰਵਾਈ

**ਕੌਮੀ ਪਤ੍ਰਿਕਾ**

ਬਠਿੰਡਾ 22 ਅਕਤੂਬਰ। । ਬਠਿੰਡਾ 'ਚ ਲੰਬੇ ਸਮੇਂ ਤੋਂ ਚੱਲ ਰਹੇ ਜੂਆ, ਸੱਟੇਬਾਜ਼ੀ ਅਤੇ ਗੈਰ-ਕਾਨੂੰਨੀ ਲਾਟਰੀ ਡੇਰਿਆਂ ਨੂੰ ਹੁਣ ਪੂਰੀ ਤਰ੍ਹਾਂ ਬੰਦ ਕਰ ਦਿੱਤਾ ਗਿਆ ਹੈ। ਇਹ ਬਠਿੰਡਾ ਨਗਰ ਨਿਗਮ ਦੇ ਮੇਅਰ ਪਦਮਜੀਤ ਮਹਿਤਾ ਦੀ ਪਹਿਲ ਕਦਮੀ ਅਤੇ ਦ੍ਰਿੜ ਇਰਾਦੇ ਕਾਰਨ ਸੰਭਵ ਹੋਇਆ ਹੈ। ਸ਼ਹਿਰ ਦੇ ਨੌਜਵਾਨਾਂ, ਮਜ਼ਦੂਰਾਂ ਅਤੇ ਆਮ ਨਾਗਰਿਕਾਂ ਦੇ ਭਵਿੱਖ ਦੀ ਰੱਖਿਆ ਲਈ ਮੇਅਰ ਨੇ ਇਸ ਮੁਹਿੰਮ ਨੂੰ ਆਪਣੀ ਤਰਜ਼ੀਹ ਦਿੱਤੀ ਅਤੇ ਪ੍ਰਸ਼ਾਸਨ ਦੇ ਸਹਿਯੋਗ ਨਾਲ ਇਸ ਗੈਰ-ਕਾਨੂੰਨੀ ਗਤੀਵਿਧੀ 'ਤੇ ਸ਼ਿਕੰਜਾ ਕੱਸਿਆ। ਮੇਅਰ ਮਹਿਤਾ ਨੇ ਕਿਹਾ ਕਿ ਉਨ੍ਹਾਂ ਨੂੰ ਵਾਰ-ਵਾਰ ਸ਼ਿਕਾਇਤਾਂ ਮਿਲ ਰਹੀਆਂ ਸਨ ਕਿ ਬਠਿੰਡਾ 'ਚ ਕਈ ਥਾਵਾਂ 'ਤੇ ਜੂਆ ਅਤੇ ਲਾਟਰੀ ਡੇਰੇ ਖੁੱਲ੍ਹੇਆਮ ਚੱਲ ਰਹੇ ਹਨ, ਜਿੱਥੇ ਨੌਜਵਾਨ ਆਪਣੀ ਮਿਹਨਤ ਦੀ ਕਮਾਈ ਗੁਆ ਰਹੇ ਹਨ। ਉਨ੍ਹਾਂ ਤੁਰੰਤ ਪੁਲਸ ਅਤੇ ਪ੍ਰਸ਼ਾਸਨ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਅਤੇ ਕਾਰਵਾਈ ਦੇ ਨਿਰਦੇਸ਼ ਦਿੱਤੇ। ਨਤੀਜੇ ਵਜੋਂ, ਸ਼ਹਿਰ ਦੇ ਵੱਖ-ਵੱਖ ਖੇਤਰਾਂ 'ਚ ਛਾਪੇਮਾਰੀ ਕੀਤੀ ਗਈ, ਇਨ੍ਹਾਂ ਡੇਰਿਆਂ ਨੂੰ ਬੰਦ ਕੀਤਾ ਗਿਆ ਅਤੇ ਕਈ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਮੇਅਰ ਪਦਮਜੀਤ ਮਹਿਤਾ ਨੇ ਕਿਹਾ ਕਿ ਸਮਾਜ 'ਚ ਵੱਧ ਰਿਹਾ ਜੂਆ ਨਾ ਸਿਰਫ਼ ਆਰਥਿਕ ਨੁਕਸਾਨ ਦਾ ਕਾਰਨ ਬਣ ਰਿਹਾ ਹੈ, ਸਗੋਂ ਪਰਿਵਾਰਾਂ ਦੀ ਖ਼ੁਸ਼ੀ ਅਤੇ ਸਮਾਜਿਕ ਸੰਤੁਲਨ ਨੂੰ ਵੀ ਭੰਗ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਸਾਡਾ ਟੀਚਾ ਸਿਰਫ਼ ਜੂਏ ਦੇ ਅੱਡੇ ਬੰਦ ਕਰਨਾ ਹੀ ਨਹੀਂ ਸੀ, ਸਗੋਂ ਇੱਕ ਸਾਫ਼ ਅਤੇ ਸੁਰੱਖਿਅਤ ਵਾਤਾਵਰਣ ਬਣਾਉਣਾ ਵੀ ਸੀ ਤਾਂ ਜੋ ਨੌਜਵਾਨ ਆਪਣੀ ਊਰਜਾ ਨੂੰ ਰਚਨਾਤਮਕ ਕੰਮਾਂ ਵਿੱਚ ਲਗਾ ਸਕਣ। ਬਠਿੰਡਾ ਪੁਲਸ ਦੇ ਅੰਕੜਿਆਂ ਅਨੁਸਾਰ ਇਨ੍ਹਾਂ ਕਾਰਵਾਈਆਂ ਤੋਂ ਬਾਅਦ ਸ਼ਹਿਰ 'ਚ ਜੂਏ ਅਤੇ ਸੱਟੇਬਾਜ਼ੀ ਨਾਲ ਸਬੰਧਿਤ ਅਪਰਾਧਿਕ ਘਟਨਾਵਾਂ ਵਿੱਚ ਕਾਫ਼ੀ ਕਮੀ ਆਈ ਹੈ। ਜਦੋਂ ਕਿ



ਪਹਿਲਾਂ ਇਨ੍ਹਾਂ ਡੇਰਿਆਂ 'ਤੇ ਲੜਾਈਆਂ, ਚੋਰੀਆਂ ਅਤੇ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਆਮ ਸੀ, ਹੁਣ ਸਥਿਤੀ ਵਿੱਚ ਕਾਫ਼ੀ ਸੁਧਾਰ ਹੋਇਆ ਹੈ। ਮੇਅਰ ਨੇ ਨਾ ਸਿਰਫ਼ ਗੈਰ-ਕਾਨੂੰਨੀ ਗਤੀਵਿਧੀਆਂ ਨੂੰ ਰੋਕਣ 'ਤੇ ਧਿਆਨ ਕੇਂਦਰਿਤ ਕੀਤਾ ਹੈ, ਸਗੋਂ ਸ਼ਹਿਰ 'ਚ ਵਿਕਾਸ ਕਾਰਜਾਂ 'ਤੇ ਵੀ ਧਿਆਨ ਕੇਂਦਰਿਤ ਕੀਤਾ ਹੈ। ਉਨ੍ਹਾਂ ਕਿਹਾ ਕਿ ਬਠਿੰਡਾ 'ਚ ਸਫਾਈ ਪ੍ਰਣਾਲੀ ਵਿੱਚ ਸੁਧਾਰ ਕੀਤਾ ਗਿਆ ਹੈ, ਸੜਕਾਂ ਵਿੱਚ ਸੁਧਾਰ ਕੀਤਾ ਜਾ ਰਿਹਾ ਹੈ ਅਤੇ ਨਾਗਰਿਕ ਸਹੂਲਤਾਂ ਦੇ ਵਿਸਥਾਰ ਵੱਲ ਧਿਆਨ ਦਿੱਤਾ ਜਾ ਰਿਹਾ ਹੈ। ਸ਼ਹਿਰ ਵਾਸੀਆਂ ਨੇ ਮੇਅਰ ਪਦਮਜੀਤ ਮਹਿਤਾ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਬਹੁਤ ਸਮਾਂ ਹੋ ਗਿਆ ਹੈ, ਜਦੋਂ ਕਿਸੇ ਜਨਤਕ ਪ੍ਰਤੀਨਿਧੀ ਨੇ ਆਮ ਆਦਮੀ ਦੀਆਂ ਚਿੰਤਾਵਾਂ ਨੂੰ ਗੰਭੀਰਤਾ ਨਾਲ ਨਹੀਂ ਲਿਆ ਹੈ। ਇੱਕ ਸਥਾਨਕ ਨਿਵਾਸੀ ਨੇ ਕਿਹਾ ਕਿ ਪਹਿਲਾਂ ਆਂਢ-ਗੁਆਂਢ 'ਚ ਜੂਏ ਦੇ ਅੱਡੇ ਖੁੱਲ੍ਹੇ ਹੁੰਦੇ ਸਨ ਪਰ ਹੁਣ ਮਾਹੌਲ ਸ਼ਾਂਤ ਹੈ। ਬੱਚੇ ਵੀ ਸੁਰੱਖਿਅਤ ਮਹਿਸੂਸ ਕਰਦੇ ਹਨ।

## ਸੋਨਾ ਹੋ ਗਿਆ ਹੋਰ ਮਹਿੰਗਾ, ਚਾਂਦੀ ਨੇ ਅਚਾਨਕ ਮਾਰੀ 5000 ਦੀ ਛਾਲ

ਬਿਜ਼ਨੈੱਸ ਡੈਸਕ 22 ਅਕਤੂਬਰ। । ਅੱਜ ਸੋਨੇ ਅਤੇ ਚਾਂਦੀ ਦੀਆਂ ਕੀਮਤਾਂ ਵਿੱਚ ਤੇਜ਼ੀ ਨਾਲ ਵਾਧਾ ਦਰਜ ਕੀਤਾ ਗਿਆ। ਸਵੇਰੇ 9:14 ਵਜੇ ਦੇ ਅੰਕੜਿਆਂ ਅਨੁਸਾਰ, ਸੋਨੇ ਦੀਆਂ ਕੀਮਤਾਂ 1,23,328 ਪ੍ਰਤੀ 10 ਗ੍ਰਾਮ 'ਤੇ ਪਹੁੰਚ ਗਈਆਂ, ਜੋ ਕਿ ਪਿਛਲੇ ਬੰਦ ਨਾਲੋਂ 1,986 ਰੁਪਏ ਜਾਂ 1.64% ਦਾ ਵਾਧਾ ਦਰਸਾਉਂਦੀਆਂ ਹਨ। ਚਾਂਦੀ ਦੀਆਂ ਕੀਮਤਾਂ ਵੀ ਰਿਕਾਰਡ ਪੱਧਰ 'ਤੇ ਪਹੁੰਚ ਗਈਆਂ। ਸਵੇਰੇ 9:16 ਵਜੇ, ਚਾਂਦੀ ਦੀਆਂ ਕੀਮਤਾਂ 1,51,846 ਰੁਪਏ ਪ੍ਰਤੀ ਕਿਲੋਗ੍ਰਾਮ ਸਨ, ਜੋ ਕਿ 3.71% ਵਾਧਾ ਸੀ, ਅਤੇ 5,439 ਰੁਪਏ ਪ੍ਰਤੀ ਕਿਲੋਗ੍ਰਾਮ ਦਰਜ ਕੀਤੀਆਂ ਗਈਆਂ। ਮਾਹਿਰਾਂ ਦਾ ਮੰਨਣਾ ਹੈ ਕਿ ਵਿਸ਼ਵ ਬਾਜ਼ਾਰਾਂ ਵਿੱਚ ਵਧਦੀ ਆਰਥਿਕ ਅਨਿਸ਼ਚਿਤਤਾ, ਡਾਲਰ ਦਾ ਕਮਜ਼ੋਰ ਹੋਣਾ, ਅਤੇ ਨਿਵੇਸ਼ਕਾਂ ਦਾ ਸੁਰੱਖਿਅਤ-ਸੁਰੱਖਿਅਤ ਸੰਪਤੀਆਂ ਵੱਲ ਜਾਣ ਨੇ ਸੋਨੇ ਅਤੇ ਚਾਂਦੀ ਦੀ ਮੰਗ ਨੂੰ ਵਧਾ ਦਿੱਤਾ ਹੈ। ਇਸ ਤੋਂ ਇਲਾਵਾ, ਵਧਦੀ ਮੁਦਰਾਸਫੀਤੀ ਦੀਆਂ ਚਿੰਤਾਵਾਂ ਨੇ ਵੀ ਇਨ੍ਹਾਂ ਕੀਮਤੀ ਧਾਤਾਂ ਦੀਆਂ ਕੀਮਤਾਂ ਨੂੰ ਸਮਰਥਨ ਦਿੱਤਾ ਹੈ।

## ਯੁੱਧ ਨਸ਼ਿਆਂ ਵਿਰੁੱਧ: 4 ਕਿੱਲੋ ਅ.ਫੀਮ ਸਣੇ ਮੁਲਜ਼ਮ ਗ੍ਰਿ.ਫਤਾਰ

ਲੁਧਿਆਣਾ 22 ਅਕਤੂਬਰ। ਪੰਜਾਬ ਸਰਕਾਰ ਵੱਲੋਂ ਚਲਾਈ ਗਈ ਵਿਸ਼ੇਸ਼ ਮੁਹਿੰਮ 'ਯੁੱਧ ਨਸ਼ਿਆ ਵਿਰੁੱਧ' ਤਹਿਤ ਇੰਸਪੈਕਟਰ ਨਵਦੀਪ ਸਿੰਘ, ਇੰਚਾਰਜ ਸਪੈਸ਼ਲ ਸੈੱਲ ਲੁਧਿਆਣਾ ਦੀ ਅਗਵਾਈ ਅਧੀਨ ਪੁਲਸ ਪਾਰਟੀ ਨੇ ਇਕ ਮਹੱਤਵਪੂਰਨ ਕਾਰਵਾਈ ਕਰਦਿਆਂ 4 ਕਿੱਲੋ ਅਫ਼ੀਮ ਸਣੇ ਮੁਲਜ਼ਮ ਨੂੰ ਗ੍ਰਿਫ਼ਤਾਰ ਕੀਤਾ ਹੈ। ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਦੀ ਪਛਾਣ ਰੁਪਿੰਦਰਜੀਤ ਸਿੰਘ ਉਰਫ ਬਿੱਟਾ ਪੁੱਤਰ ਬਲਦੇਵ ਸਿੰਘ ਵਾਸੀ ਪਿੰਡ ਸ਼ੰਕਰ, ਥਾਣਾ ਡੇਹਲੋਂ ਜ਼ਿਲ੍ਹਾ ਲੁਧਿਆਣਾ ਵਜੋਂ ਹੋਈ ਹੈ। ਜਾਣਕਾਰੀ ਮੁਤਾਬਕ ਰੁਪਿੰਦਰਜੀਤ ਸਿੰਘ ਉਰਫ ਬਿੱਟਾ ਨੂੰ ਮੁਖਬਰ ਵੱਲੋਂ ਦੱਸੇ ਮੁਤਾਬਿਕ ਵਿਸ਼ਕਰਮਾ ਪਾਰਕ ਨੇੜੇ ਸੰਧੂ ਚਿਕਨ ਵਿਖੇ ਰੇਡ ਕਰਕੇ ਟਰੱਕ ਸਮੇਤ ਗ੍ਰਿਫ਼ਤਾਰ ਕੀਤਾ ਗਿਆ ਹੈ। ਉਸ ਦੇ ਕਬਜ਼ੇ ਵਿਚੋਂ 4 ਕਿਲੋਗ੍ਰਾਮ ਅਫ਼ੀਮ ਬਰਾਮਦ ਕੀਤੀ ਗਈ ਹੈ। ਥਾਣਾ ਡਵੀਜ਼ਨ ਨੰਬਰ 6 ਦੀ ਪੁਲਸ ਨੇ ਮੁਲਜ਼ਮ ਖ਼?ਲਾਫ਼ ਮਾਮਲਾ ਦਰਜ ਕਰ ਕੇ ਗ੍ਰਿਫ਼ਤਾਰ ਕਰ ਕੇ ਅਦਾਲਤ ਵਿਚ ਪੇਸ਼ ਕਰਕੇ ਪੁਲਸ ਰਿਮਾਂਡ ਹਾਸਲ ਕੀਤਾ ਗਿਆ ਹੈ। ਦੋਸ਼ੀ ਦੀ ਗਹਿਰੀ ਪੁੱਛਗਿੱਛ ਜਾਰੀ ਹੈ, ਜਿਸ ਵਿਚ ਇਹ ਪਤਾ ਲਗਾਇਆ ਜਾ ਰਿਹਾ ਹੈ ਕਿ ਅਫ਼ੀਮ ਕਿੱਥੋਂ ਲਿਆਉਂਦਾ ਸੀ ਅਤੇ ਕਿਹਨਾਂ ਵਿਅਕਤੀਆਂ ਤੱਕ ਸਪਲਾਈ ਕਰਦਾ ਸੀ। ਇਸ ਦੇ ਨਾਲ ਹੀ ਪੁਲਸ ਇਸ ਗੱਲ ਦੀ ਵੀ ਜਾਂਚ ਕਰ ਰਹੀ ਹੈ ਕਿ ਨਸ਼ਿਆਂ ਦੀ ਕਮਾਈ ਲਈ ਉਸ ਨੇ ਅਤੇ ਉਸ ਦੇ ਪਰਿਵਾਰ ਨੇ ਕਿਹੜੀਆਂ ਪ੍ਰਾਪਰਟੀਆਂ, ਵਾਹਨ ਜਾਂ ਹੋਰ ਕੀਮਤੀ ਸਾਮਾਨ ਖਰੀਦਿਆ ਹੈ। ਜਾਂਚ ਦੇ ਨਤੀਜਿਆਂ ਅਨੁਸਾਰ, ਭਵਿੱਖ ਵਿਚ ਇਨ੍ਹਾਂ ਸਾਰੀਆਂ ਪ੍ਰਾਪਰਟੀਆਂ ਨੂੰ ਇਸ ਮੁਕੱਦਮੇ ਵਿਚ ਅਟੈਚ ਕਰਕੇ ਨਸ਼ਿਆਂ ਦੀ ਆਰਥਿਕ ਗਤੀਵਿਧੀਆਂ 'ਤੇ ਰੋਕ ਲਗਾਈ ਜਾਵੇਗੀ

## ਸਾਡਾ ਗਰੁੱਪ ਅੱਜ ਵੀ ਜਗਦੀਸ਼ ਸਿੰਘ ਝੀਂਡਾ ਨੂੰ ਨਹੀਂ ਮੰਨਦਾ ਪ੍ਰਧਾਨ : ਜਥੇਦਾਰ ਤਲਾਕੌਰ

ਚੰਡੀਗੜ੍ਹ 22 ਅਕਤੂਬਰ। । ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਦੇ ਖਿਲਾਫ ਚੱਲ ਰਿਹਾ ਲੀਡਰਸ਼ਿਪ ਵਿਵਾਦ ਅਜੇ ਵੀ ਜਾਰੀ ਹੈ। ਕਮੇਟੀ ਦੇ 17 ਮੈਂਬਰ ਸਾਹਿਬਾਨਾਂ ਵੱਲੋਂ ਪ੍ਰਧਾਨ ਝੀਂਡਾ ਨੂੰ ਜਰਨਲ ਹਾਊਸ ਬੁਲਾ ਕੇ ਆਪਣਾ ਬਹੁਮਤ ਸਾਬਤ ਕਰਨ ਲਈ ਦਿੱਤਾ ਗਿਆ ਨੋਟਿਸ ਅੱਜ ਵੀ ਬਰਕਰਾਰ ਹੈ। ਉੱਘੇ ਕਿਸਾਨ ਆਗੂ ਅਤੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੀਤ ਪ੍ਰਧਾਨ ਜਥੇਦਾਰ ਗੁਰਬੀਰ ਸਿੰਘ ਤਲਾਕੌਰ ਨੇ ਲਿਖਤੀ ਪ੍ਰੈਸ ਨੋਟ ਜਾਰੀ ਕਰਦਿਆਂ ਸਪੱਸ਼ਟ ਕੀਤਾ ਕਿ ਕੱਲ੍ਹ ਦੇ ਅਖਬਾਰਾਂ ਵਿੱਚ ਝੀਂਡਾ ਦੇ ਪ੍ਰਧਾਨ ਬਣੇ ਰਹਿਣ ਬਾਰੇ ਛਪੀ ਬਿਆਨਬਾਜ਼ੀ ਗੁੰਮਰਾਹਕੁੰਨ ਹੈ। ਇਨ੍ਹਾਂ ਖਬਰਾਂ ਵਿੱਚ ਕਿਹਾ ਗਿਆ ਸੀ ਕਿ ਪਿਛਲੇ ਦਿਨਾਂ ਤੋਂ ਦੋਹਾਂ ਧਿਰਾਂ ਵਿਚਕਾਰ ਚੱਲ ਰਿਹਾ ਮੱਤਭੇਦ ਖਤਮ ਹੋ ਕੇ ਸਮਝੌਤਾ ਹੋ ਗਿਆ ਹੈ। ਜਥੇਦਾਰ ਤਲਾਕੌਰ ਨੇ ਦੱਸਿਆ ਕਿ ਅਸਲ ਵਿੱਚ ਸਮਝੌਤਾ ਸਿਰਫ਼ ਪਹਿਲਾਂ ਤੋਂ ਨਾਰਾਜ਼ ਚੱਲ ਰਹੀ ਤੀਜੀ ਧਿਰ ਅਕਾਲੀ ਦਲ ਬਾਦਲ ਗਰੁੱਪ ਅਤੇ ਕੁਝ ਆਜ਼ਾਦ ਮੈਂਬਰਾਂ ਦੇ ਗਰੁੱਪ ਨਾਲ ਹੋਇਆ ਹੈ। ਇਹ ਉਹ ਮੈਂਬਰ ਸਨ ਜੋ ਝੀਂਡਾ ਦੇ ਪ੍ਰਧਾਨ ਬਣਨ ਵੇਲੇ ਜਰਨਲ ਹਾਊਸ ਦਾ ਬਾਈਕਾਟ ਕਰਕੇ ਬਾਹਰ ਚਲੇ ਗਏ ਸਨ ਅਤੇ ਉਨ੍ਹਾਂ ਨੇ ਚੋਣ ਕਮਿਸ਼ਨਰ ਕੋਲ ਝੀਂਡਾ ਦੀ ਪ੍ਰਧਾਨਗੀ ਰੱਦ ਕਰਨ ਵਾਸਤੇ ਕੇਸ ਵੀ ਦਾਇਰ ਕੀਤਾ ਹੋਇਆ ਹੈ। ਮੀਤ ਪ੍ਰਧਾਨ ਤਲਾਕੌਰ ਨੇ ਜਗਦੀਸ਼ ਸਿੰਘ ਝੀਂਡਾ ਅਤੇ ਅਕਾਲੀ ਦਲ ਬਾਦਲ ਗਰੁੱਪ ਦੇ ਨਵੇਂ ਗੱਠਜੋੜ 'ਤੇ ਮੁਬਾਰਕਬਾਦ ਦਿੱਤੀ ਪਰ ਨਾਲ ਹੀ ਸਖ਼ਤ ਰੁਖ ਅਪਣਾਉਂਦੇ ਹੋਏ ਕਿਹਾ ਕਿ ਉਨ੍ਹਾਂ ਦੇ ਗਰੁੱਪ ਵੱਲੋਂ ਦਿੱਤਾ ਗਿਆ ਨੋਟਿਸ ਅੱਜ ਵੀ ਬਰਕਰਾਰ ਹੈ। ਉਨ੍ਹਾਂ ਦਾਅਵਾ ਕੀਤਾ ਕਿ 49 ਮੈਂਬਰਾਂ ਦੇ ਹਾਊਸ ਵਿੱਚੋਂ, ਜਦੋਂ ਝੀਂਡਾ ਨੂੰ ਪ੍ਰਧਾਨਗੀ ਦਿੱਤੀ ਗਈ ਸੀ ਤਾਂ ਉਨ੍ਹਾਂ ਦੇ ਨਾਲ 29 ਮੈਂਬਰ ਸਨ ਪਰ ਹੁਣ ਉਨ੍ਹਾਂ ਦੇ ਨਾਲ ਸਿਰਫ਼ 10 ਮੈਂਬਰ ਹਨ। ਬਾਕੀ ਮੈਂਬਰਾਂ ਨੇ ਝੀਂਡਾ ਤੋਂ ਆਪਣਾ ਸਮਰਥਨ ਵਾਪਸ ਲੈ ਲਿਆ ਹੈ। ਤਲਾਕੌਰ ਨੇ ਦੋਸ਼ ਲਾਇਆ ਕਿ ਜਗਦੀਸ਼ ਸਿੰਘ ਝੀਂਡਾ ਗੁਰਦੁਆਰਾ ਐਕਟ 2014 ਦੇ ਖਿਲਾਫ ਜਾ ਕੇ 'ਆਪਹੁਦਰੀਆਂ' ਕਰ ਰਹੇ ਹਨ, ਜਿਸ ਕਾਰਨ ਉਨ੍ਹਾਂ ਦਾ ਗਰੁੱਪ ਝੀਂਡਾ ਨੂੰ ਅੱਜ ਵੀ ਪ੍ਰਧਾਨ ਨਹੀਂ ਮੰਨਦਾ। ਜਥੇਦਾਰ ਤਲਾਕੌਰ ਨੇ ਮੰਗ ਕੀਤੀ ਹੈ ਕਿ ਜਗਦੀਸ਼ ਸਿੰਘ ਝੀਂਡਾ ਨੂੰ ਚਾਹੀਦਾ ਹੈ ਕਿ ਉਹ ਪਹਿਲਾਂ ਪ੍ਰਧਾਨਗੀ ਤੋਂ ਅਸਤੀਫਾ ਦੇਣ, ਇਸ ਤੋਂ ਬਾਅਦ ਉਹ ਨਵੇਂ ਗਠਜੋੜ (ਅਕਾਲੀ ਦਲ ਬਾਦਲ ਗਰੁੱਪ ਨਾਲ) ਦੁਆਰਾ ਜਰਨਲ ਹਾਊਸ ਬੁਲਾ ਕੇ ਬਹੁਮਤ ਹਾਸਿਲ ਕਰਕੇ ਦੁਬਾਰਾ ਪ੍ਰਧਾਨ ਬਣ ਸਕਦੇ ਹਨ, ਜਿਸ 'ਤੇ ਉਨ੍ਹਾਂ ਦੇ ਗਰੁੱਪ ਨੂੰ ਕੋਈ ਇਤਰਾਜ਼ ਨਹੀਂ ਹੋਵੇਗਾ।

## ਵ੍ਰਿੰਦਾਵਨ ਦੇ ਬਾਂਕੇ ਬਿਹਾਰੀ ਮੰਦਰ 'ਚ ਦੁਖਦਾਈ ਘਟਨਾ, ਦਰਸ਼ਨ ਮਗਰੋਂ ਸ਼ਰਧਾਲੂ ਦੀ ਹਾਰਟ ਅਟੈਕ ਨਾਲ ਮੌਤ

**ਕੌਮੀ ਪਤ੍ਰਿਕਾ**

ਵੈੱਬ ਡੈਸਕ 22 ਅਕਤੂਬਰ। । ਵਿਸ਼ਵ ਪ੍ਰਸਿੱਧ ਸ਼੍ਰੀ ਬਾਂਕੇ ਬਿਹਾਰੀ ਮੰਦਰ 'ਚ ਬੁੱਧਵਾਰ ਸ਼ਾਮ ਨੂੰ ਦਰਸ਼ਨ ਦੌਰਾਨ ਇੱਕ ਸ਼ਰਧਾਲੂ ਦੀ ਦਿਲ ਦਾ ਦੌਰਾ ਪੈਣ ਨਾਲ ਮੌਤ ਹੋ ਗਈ। ਇਸ ਦੁਖਦਾਈ ਘਟਨਾ ਤੋਂ ਬਾਅਦ, ਮੰਦਰ ਪ੍ਰਸ਼ਾਸਨ, ਪੁਲਸ ਤੇ ਸਥਾਨਕ ਅਧਿਕਾਰੀਆਂ ਨੇ ਤੁਰੰਤ ਕਾਰਵਾਈ ਕੀਤੀ ਤੇ ਮ੍ਰਿਤਕ ਦੇ ਪਰਿਵਾਰ ਨੂੰ ਪੂਰਾ ਸਮਰਥਨ ਦਿੱਤਾ। ਮ੍ਰਿਤਕ ਦੀ ਪਛਾਣ ਕ੍ਰਿਪਾਲ ਸਿੰਘ (56 ਸਾਲ) ਮੇਰਠ, ਉੱਤਰ ਪ੍ਰਦੇਸ਼ ਦੇ ਨਿਵਾਸੀ ਵਜੋਂ ਹੋਈ ਹੈ। ਮੰਦਰ ਪ੍ਰਸ਼ਾਸਨ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ, ਕ੍ਰਿਪਾਲ ਸਿੰਘ ਮੰਗਲਵਾਰ ਨੂੰ ਆਪਣੇ ਪਰਿਵਾਰ ਅਤੇ ਲਗਭਗ 50 ਰਿਸ਼ਤੇਦਾਰਾਂ ਅਤੇ ਦੋਸਤਾਂ ਨਾਲ ਬਾਂਕੇ ਬਿਹਾਰੀ ਦੇ ਦਰਸ਼ਨ ਕਰਨ ਲਈ ਬੱਸ ਰਾਹੀਂ ਆਇਆ ਸੀ। ਬੁੱਧਵਾਰ ਸ਼ਾਮ 6 ਵਜੇ ਦੇ ਕਰੀਬ ਦਰਸ਼ਨ ਤੋਂ ਬਾਅਦ, ਮੰਦਰ ਪਰਿਸਰ ਦੇ ਗੇਟ ਨੰਬਰ 4 ਤੋਂ ਬਾਹਰ ਨਿਕਲਦੇ ਸਮੇਂ, ਕ੍ਰਿਪਾਲ ਸਿੰਘ ਆਪਣੇ ਭਤੀਜੇ ਨੂੰ ਮੋਢੇ 'ਤੇ ਚੁੱਕ ਰਿਹਾ ਸੀ। ਅਚਾਨਕ, ਕ੍ਰਿਪਾਲ ਸਿੰਘ ਨੂੰ ਚੱਕਰ ਆਉਣ ਲੱਗੇ ਅਤੇ ਉਹ ਜ਼ਮੀਨ 'ਤੇ ਡਿੱਗ ਪਿਆ। ਮੰਦਰ ਵਿੱਚ ਤਾਇਨਾਤ ਸੁਰੱਖਿਆ ਕਰਮਚਾਰੀਆਂ ਨੇ ਤੁਰੰਤ ਕਾਰਵਾਈ ਕੀਤੀ ਅਤੇ ਉਸਨੂੰ ਨੇੜਲੇ ਮਾਇਆਵਤੀ ਹਸਪਤਾਲ ਪਹੁੰਚਾਇਆ, ਜਿੱਥੇ ਡਾਕਟਰਾਂ ਨੇ



ਉਸਨੂੰ ਮ੍ਰਿਤਕ ਐਲਾਨ ਦਿੱਤਾ। ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਕ੍ਰਿਪਾਲ ਸਿੰਘ ਕੁਝ ਸਮੇਂ ਤੋਂ ਸਾਹ ਦੀ ਬਿਮਾਰੀ ਤੋਂ ਪੀੜਤ ਸਨ ਤੇ ਹਾਲ ਹੀ ਦੇ ਦਿਨਾਂ 'ਚ ਉਨ੍ਹਾਂ ਦੀ ਹਾਲਤ ਵਿਗੜ ਗਈ ਸੀ। ਪਰਿਵਾਰਕ ਮੈਂਬਰਾਂ ਨੇ ਸਪੱਸ਼ਟ ਕੀਤਾ ਕਿ ਜਦੋਂ ਉਹ ਬਿਮਾਰ ਮਹਿਸੂਸ ਕਰ ਰਹੇ ਸਨ ਤਾਂ ਉਹ ਪੂਰੀ ਸ਼ਰਧਾ ਨਾਲ ਪ੍ਰਾਰਥਨਾ ਕਰਨ ਤੋਂ ਬਾਅਦ ਮੰਦਰ ਤੋਂ ਬਾਹਰ ਜਾ ਰਹੇ ਸਨ। ਡਾਕਟਰੀ ਜਾਂਚ ਵਿੱਚ ਇਹ ਵੀ ਸਾਹਮਣੇ ਆਇਆ ਕਿ ਮੌਤ ਦਾ ਕਾਰਨ ਦਿਲ ਦਾ ਦੌਰਾ ਪੈਣਾ ਸੀ ਅਤੇ ਇਹ ਪੂਰੀ ਤਰ੍ਹਾਂ ਕੁਦਰਤੀ ਮੌਤ ਸੀ। ਘਟਨਾ ਦੀ ਜਾਣਕਾਰੀ ਮਿਲਣ 'ਤੇ, ਸਥਾਨਕ ਪ੍ਰਸ਼ਾਸਨ ਅਤੇ ਮੰਦਰ ਕਮੇਟੀ ਦੇ ਪ੍ਰਤੀਨਿਧੀਆਂ ਨੇ ਮ੍ਰਿਤਕ ਦੇ ਪਰਿਵਾਰ ਨੂੰ ਪੂਰਾ ਸਮਰਥਨ ਦਿੱਤਾ। ਪਰਿਵਾਰ ਦੀ ਬੇਨਤੀ 'ਤੇ, ਜ਼ਰੂਰੀ ਰਸਮਾਂ ਪੂਰੀਆਂ ਕਰਨ ਤੋਂ ਬਾਅਦ ਲਾਸ਼ ਨੂੰ ਉਨ੍ਹਾਂ ਦੇ ਗ੍ਰਹਿ ਜ਼ਿਲ੍ਹੇ ਮੇਰਠ ਭੇਜ ਦਿੱਤਾ ਗਿਆ। ਜ਼ਿਲ੍ਹਾ ਪ੍ਰਸ਼ਾਸਨ ਨੇ ਕਿਹਾ ਕਿ ਕ੍ਰਿਪਾਲ ਸਿੰਘ ਦੀ ਲਾਸ਼ ਉਨ੍ਹਾਂ ਦੇ ਸਾਥੀਆਂ, ਅਵਧਪਾਲ ਵਿਨੋਦ ਕੁਮਾਰ, ਸੰਜੀਵ ਕੁਮਾਰ ਅਤੇ ਹੋਰਾਂ ਦੁਆਰਾ ਉਨ੍ਹਾਂ ਦੇ ਪਰਿਵਾਰ ਨੂੰ ਸੌਂਪ ਦਿੱਤੀ ਗਈ ਹੈ। ਬਾਂਕੇ ਬਿਹਾਰੀ ਮੰਦਰ ਪ੍ਰਸ਼ਾਸਨ ਨੇ ਮ੍ਰਿਤਕ ਸ਼ਰਧਾਲੂ ਪ੍ਰਤੀ ਡੂੰਘੀ ਸੰਵੇਦਨਾ ਪ੍ਰਗਟ ਕੀਤੀ ਹੈ ਅਤੇ ਇਸ ਮੁਸ਼ਕਲ ਸਮੇਂ ਵਿੱਚ ਧੀਰਜ ਅਤੇ ਤਾਕਤ ਲਈ ਪ੍ਰਾਰਥਨਾ ਕੀਤੀ ਹੈ। ਇਸ ਘਟਨਾ ਦੇ ਬਾਵਜੂਦ, ਵ੍ਰਿੰਦਾਵਨ ਬਾਂਕੇ ਬਿਹਾਰੀ ਮੰਦਰ ਵਿੱਚ ਦਰਸ਼ਨ ਪ੍ਰਬੰਧ ਆਮ ਵਾਂਗ ਜਾਰੀ ਰਹੇ।

## ਪ੍ਰੀਖਿਆ ਮੁਲਤਵੀ ਕਰਵਾਉਣ ਲਈ ਵਿਦਿਆਰਥੀ ਨੇ ਫੈਲਾ ਦਿੱਤੀ ਝੂਠੀ ਖ਼ਬਰ, ਕਾਲਜ 'ਚ ਮਚੀ ਦਹਿਸ਼ਤ

ਨੈਸ਼ਨਲ ਡੈਸਕ 22 ਅਕਤੂਬਰ। । ਮੱਧ ਪ੍ਰਦੇਸ਼ ਦੇ ਇੰਦੌਰ ਵਿੱਚ ਹੋਲਕਰ ਸਾਇੰਸ ਕਾਲਜ ਵੀਰਵਾਰ ਨੂੰ ਉਸ ਸਮੇਂ ਹਿੱਲ ਗਿਆ, ਜਦੋਂ ਸੋਸ਼ਲ ਮੀਡੀਆ 'ਤੇ ਇਹ ਖ਼ਬਰ ਫੈਲ ਗਈ ਕਿ ਕਾਲਜ ਦੀ ਪ੍ਰਿੰਸੀਪਲ ਡਾ. ਅਨਾਮਿਕਾ ਜੈਨ ਦੀ ਮੌਤ ਹੋ ਗਈ ਹੈ। ਇਸ ਖ਼ਬਰ ਨਾਲ ਕਾਲਜ ਵਿੱਚ ਦਹਿਸ਼ਤ ਫੈਲ ਗਈ। ਬਹੁਤ ਸਾਰੇ ਵਿਦਿਆਰਥੀ ਕਲਾਸਾਂ ਛੱਡ ਕੇ ਚਲੇ ਗਏ ਅਤੇ ਕੁਝ ਨੇ ਪ੍ਰੀਖਿਆਵਾਂ ਮੁਲਤਵੀ ਕਰਨ ਦੀ ਮੰਗ ਕਰਨੀ ਸ਼ੁਰੂ ਕਰ ਦਿੱਤੀ। ਹਾਲਾਂਕਿ, ਕੁਝ ਘੰਟਿਆਂ ਦੇ ਅੰਦਰ ਇਹ ਖ਼ਬਰ ਸੋਸ਼ਲ ਮੀਡੀਆ ਰਾਹੀਂ ਸਟਾਫ ਅਤੇ ਕਾਲਜ ਪ੍ਰਸ਼ਾਸਨ ਤੱਕ ਪਹੁੰਚ ਗਈ। ਪ੍ਰਿੰਸੀਪਲ ਡਾ. ਅਨਾਮਿਕਾ ਜੈਨ ਖੁਦ ਕਾਲਜ ਪਹੁੰਚੀ ਅਤੇ ਸਟਾਫ ਅਤੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ, ਮੈਂ ਪੂਰੀ ਤਰ੍ਹਾਂ ਤੰਦਰੁਸਤ ਹਾਂ। ਕਿਸੇ ਨੇ ਸ਼ਰਾਰਤ ਜਾਂ ਗੁਪਤ ਇਰਾਦਿਆਂ ਨਾਲ ਇਹ ਝੂਠਾ ਸੁਨੇਹਾ ਫੈਲਾਇਆ ਹੈ। ਕਾਲਜ ਪ੍ਰਸ਼ਾਸਨ ਅਜਿਹੇ ਵਿਦਿਆਰਥੀਆਂ ਵਿਰੁੱਧ ਸਖ਼ਤ ਕਾਰਵਾਈ ਕਰੇਗਾ। ਪ੍ਰਿੰਸੀਪਲ ਨੇ ਭੰਵਰਕੁਆਨ ਪੁਲਸ ਸਟੇਸ਼ਨ ਵਿੱਚ ਸ਼ਿਕਾਇਤ ਦਰਜ ਕਰਵਾਈ ਹੈ। ਪੁਲਸ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ ਅਤੇ ਜਾਅਲੀ ਸੁਨੇਹਾ ਫੈਲਾਉਣ ਵਾਲੇ ਦੋ ਵਿਦਿਆਰਥੀਆਂ ਦੀ ਪਛਾਣ ਕਰ ਲਈ ਹੈ। ਭੰਵਰਕੁਆਨ ਪੁਲਸ ਅਧਿਕਾਰੀਆਂ ਨੇ ਕਿਹਾ ਕਿ ਵਿਦਿਆਰਥੀਆਂ 'ਤੇ ਆਈਟੀ ਐਕਟ ਅਤੇ ਧੋਖਾਧੜੀ ਦੀਆਂ ਧਾਰਾਵਾਂ ਤਹਿਤ ਦੋਸ਼ ਲਗਾਏ ਜਾ ਸਕਦੇ ਹਨ। ਉਨ੍ਹਾਂ ਇਹ ਵੀ ਚੇਤਾਵਨੀ ਦਿੱਤੀ ਕਿ ਅਫਵਾਹਾਂ ਜਾਂ ਗਲਤ ਜਾਣਕਾਰੀ ਫੈਲਾਉਣਾ ਇੱਕ ਅਪਰਾਧ ਹੈ ਅਤੇ ਅਜਿਹਾ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਕਾਲਜ ਪ੍ਰਸ਼ਾਸਨ ਨੇ ਵਿਦਿਆਰਥੀਆਂ ਨੂੰ ਇਹ ਵੀ ਹਦਾਇਤ ਕੀਤੀ ਹੈ ਕਿ ਉਹ ਕਿਸੇ ਵੀ ਜਾਣਕਾਰੀ ਦੀ ਪੁਸ਼ਟੀ ਸਿਰਫ਼ ਕਾਲਜ ਨੋਟਿਸ ਬੋਰਡ ਜਾਂ ਅਧਿਕਾਰਤ ਵਟਸਐਪ ਗਰੁੱਪ ਤੋਂ ਹੀ ਕਰਨ। ਇਸ ਤੋਂ ਇਲਾਵਾ ਕਾਲਜ ਹੁਣ ਭਵਿੱਖ ਵਿੱਚ ਅਜਿਹੀਆਂ ਗਲਤੀਆਂ ਨੂੰ ਦੁਹਰਾਉਣ ਤੋਂ ਰੋਕਣ ਲਈ ਇੱਕ ਸੋਸ਼ਲ ਮੀਡੀਆ ਨਿਗਰਾਨੀ ਪ੍ਰਣਾਲੀ ਲਾਗੂ ਕਰਨ ਦੀ ਤਿਆਰੀ ਕਰ ਰਿਹਾ ਹੈ।

## ਪੰਜਾਬ ਦੇ ਲੱਖਾਂ ਕਿਸਾਨਾਂ ਲਈ ਖ਼ੁਸ਼ਖ਼ਬਰੀ, ਇਹ ਜ਼ਿਲ੍ਹਾ ਰਿਹਾ ਸਭ ਤੋਂ ਮੋਹਰੀ

**ਏਜੰਸੀਆਂ**

ਚੰਡੀਗੜ੍ਹ 22 ਅਕਤੂਬਰ। ਝੋਨੇ ਦੇ ਖ਼ਰੀਦ ਸੀਜ਼ਨ ਨੂੰ ਸੁਚਾਰੂ ਬਣਾਉਣ ਲਈ ਕੋਈ ਕਸਰ ਬਾਕੀ ਨਾ ਛੱਡਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਦੂਰਅੰਦੇਸ਼ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਅਪਣਾਈ ਸਰਗਰਮ ਪਹੁੰਚ ਸਦਕਾ 21 ਅਕਤੂਬਰ ਤੱਕ 4,32,458 ਲੱਖ ਕਿਸਾਨਾਂ ਨੂੰ ਘੱਟੋ-ਘੱਟ ਸਮਰਥਨ ਮੁੱਲ (ਐੱਮ. ਐੱਸ. ਪੀ.) ਦਾ ਲਾਭ ਮਿਲਿਆ ਹੈ। ਖ਼ੁਰਾਕ, ਸਿਵਲ ਸਪਲਾਈ ਅਤੇ ਖ਼ਪਤਕਾਰ ਮਾਮਲਿਆਂ ਬਾਰੇ ਮੰਤਰੀ ਲਾਲ ਚੰਦ ਕਟਾਰੂਚੱਕ ਦੀ ਅਗਵਾਈ ਹੇਠ ਖਰੀਦ, ਲਿਫਟਿੰਗ ਅਤੇ ਭੁਗਤਾਨ ਪੂਰੇ ਜ਼ੋਰਾਂ-ਸ਼ੋਰਾਂ ਨਾਲ ਚੱਲ ਰਹੇ ਹਨ। ਹੁਣ ਤੱਕ 57546 ਕਿਸਾਨਾਂ ਨੂੰ ਐੱਮ. ਐੱਸ. ਪੀ. ਦਾ ਲਾਭ ਮਿਲਣ ਨਾਲ ਪਟਿਆਲਾ ਜ਼ਿਲ੍ਹਾ ਸਭ ਤੋਂ ਅੱਗੇ ਹੈ। ਜਦੋਂ ਕਿ ਹੜ੍ਹਾਂ ਨਾਲ ਪ੍ਰਭਾਵਿਤ ਹੋਇਆ ਤਰਨਤਾਰਨ 38578 ਕਿਸਾਨਾਂ ਨੂੰ ਲਾਭ ਮਿਲਣ ਨਾਲ ਦੂਜੇ ਸਥਾਨ 'ਤੇ ਹੈ ਅਤੇ ਫਿਰੋਜ਼ਪੁਰ



35501 ਕਿਸਾਨਾਂ ਨਾਲ ਤੀਜੇ ਸਥਾਨ 'ਤੇ ਹੈ। ਜ਼ਿਕਰਯੋਗ ਹੈ ਕਿ 21 ਅਕਤੂਬਰ ਸ਼ਾਮ ਤੱਕ ਰਾਜ ਭਰ ਦੀਆਂ ਮੰਡੀਆਂ 'ਚ ਕੁੱਲ 5840618.72 ਮੀਟ੍ਰਿਕ ਟਨ ਝੋਨੇ ਦੀ ਆਮਦ ਹੋਈ ਹੈ। ਇਸ ਵਿੱਚੋਂ 5604976.76 ਮੀਟ੍ਰਿਕ ਟਨ ਝੋਨੇ ਦੀ ਖਰੀਦ ਕੀਤੀ ਗਈ ਹੈ ਅਤੇ ਇਸ ਤਰ੍ਹਾਂ ਇਹ ਅੰਕੜਾ 95 ਫ਼ੀਸਦੀ ਬਣਦਾ ਹੈ। ਦੱਸਣਯੋਗ ਹੈ ਕਿ ਹੁਣ ਤੱਕ 3985173.28 ਮੀਟ੍ਰਿਕ ਟਨ ਝੋਨੇ ਦੀ ਲਿਫਟਿੰਗ ਹੋਈ ਹੈ, ਜੋ ਹੁਣ ਤੱਕ ਖਰੀਦੀ ਗਈ ਕੁੱਲ ਫ਼ਸਲ ਦਾ 71 ਫ਼ੀਸਦੀ ਹੈ।

## ਵੈਟਰਨਰੀ ਡਾਕਟਰਾਂ ਦੇ ਓਪੀਡੀ ਸੇਵਾਵਾਂ ਬੰਦ ਕਰਨ ਦੇ ਦਬਾਅ ਹੇਠ ਪ੍ਰਸ਼ਾਸਨ, ਵੀਸੀ ਦੇ ਭਰੋਸੇ ਮਗਰੋਂ ਸੇਵਾਵਾਂ ਮੁੜ ਸ਼ੁਰੂ

**ਕੌਮੀ ਪਤ੍ਰਿਕਾ**

ਲੁਧਿਆਣਾ 22 ਅਕਤੂਬਰ। । ਗੁਰੂ ਅੰਗਦ ਦੇਵ ਵੈਟਰਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ ਦੇ ਵੈਟਰਨਰੀ ਸਟੂਡੈਂਟਸ ਯੂਨੀਅਨ ਵੱਲੋਂ ਕੀਤੀ ਗਈ ਅਣਮਿੱਥੇ ਸਮੇਂ ਦੀ ਹੜਤਾਲ ਸੋਮਵਾਰ ਨੂੰ 19ਵੇਂ ਦਿਨ ਵਿੱਚ ਦਾਖਲ ਹੋ ਗਈ। ਇੰਟਰਨ ਵਿਦਿਆਰਥੀਆਂ ਨੇ ਯੂਨੀਵਰਸਿਟੀ ਦੇ ਵੈਟਰਨਰੀ ਹਸਪਤਾਲ ਕੈਂਪਸ ਵਿੱਚ ਆਪਣਾ ਸ਼ਾਂਤਮਈ ਵਿਰੋਧ ਪ੍ਰਦਰਸ਼ਨ ਜਾਰੀ ਰੱਖਿਆ। ਯੂਨੀਅਨ ਨੇ ਕਿਹਾ ਕਿ ਪਿਛਲੇ ਹਫ਼ਤੇ ਪ੍ਰਿੰਸੀਪਲ ਸਕੱਤਰ (ਵਿੱਤ) ਨਾਲ ਮੀਟਿੰਗ ਦੇ ਬਾਵਜੂਦ, ਕੋਈ ਠੋਸ ਹੱਲ ਨਹੀਂ ਨਿਕਲਿਆ, ਜਿਸ ਕਾਰਨ ਅੱਜ ਓਪੀਡੀ ਸੇਵਾਵਾਂ ਨੂੰ ਪੂਰੀ ਤਰ੍ਹਾਂ ਮੁਅੱਤਲ ਕਰ ਦਿੱਤਾ ਗਿਆ। ਪੁਲਿਸ ਨੇ ਕੈਂਪਸ ਵਿੱਚ ਸਖ਼ਤ ਸੁਰੱਖਿਆ ਉਪਾਅ ਬਣਾਏ ਰੱਖੇ। ਪ੍ਰਸ਼ਾਸਨ ਨੇ ਵਿਦਿਆਰਥੀਆਂ ਨੂੰ ਚੇਤਾਵਨੀ ਦਿੱਤੀ ਕਿ ਜੇਕਰ ਓਪੀਡੀ ਸੇਵਾਵਾਂ ਬਹਾਲ ਨਹੀਂ ਕੀਤੀਆਂ ਗਈਆਂ ਤਾਂ ਸਖ਼ਤ ਕਾਰਵਾਈ ਕੀਤੀ ਜਾ ਸਕਦੀ ਹੈ। ਅਧਿਕਾਰੀਆਂ ਅਤੇ ਯੂਨੀਅਨ ਦੇ ਪ੍ਰਤੀਨਿਧੀਆਂ ਵਿਚਕਾਰ ਵਿਸਥਾਰਤ ਚਰਚਾ ਦੌਰਾਨ, ਅਧਿਕਾਰੀਆਂ ਨੇ ਕਿਹਾ ਕਿ ਵਿਦਿਆਰਥੀਆਂ ਦੀਆਂ ਮੰਗਾਂ ਸੰਬੰਧੀ ਫਾਈਲ ਵਿੱਤ ਵਿਭਾਗ ਨੂੰ ਭੇਜ ਦਿੱਤੀ ਗਈ ਹੈ ਅਤੇ 25 ਅਕਤੂਬਰ ਤੱਕ ਵਿੱਤ ਮੰਤਰੀ ਨਾਲ ਮੀਟਿੰਗ ਕੀਤੀ ਜਾਵੇਗੀ। ਵਾਈਸ ਚਾਂਸਲਰ ਨੇ ਵਿਦਿਆਰਥੀਆਂ ਨੂੰ ਸੰਬੋਧਨ ਵੀ ਕੀਤਾ, ਉਨ੍ਹਾਂ




ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਦੀਆਂ ਮੰਗਾਂ ''ਤੇ ਗੰਭੀਰਤਾ ਨਾਲ ਵਿਚਾਰ ਕੀਤਾ ਜਾ ਰਿਹਾ ਹੈ ਅਤੇ ਜਲਦੀ ਹੀ ਹੱਲ ਲੱਭਿਆ ਜਾਵੇਗਾ। ਇਸ ਤੋਂ ਬਾਅਦ, ਵਿਦਿਆਰਥੀ ਓਪੀਡੀ ਸੇਵਾਵਾਂ ਮੁੜ ਸ਼ੁਰੂ ਕਰਨ ਲਈ ਸਹਿਮਤ ਹੋਏ। ਵਿਦਿਆਰਥੀਆਂ ਦੀ ਮੁੱਖ ਮੰਗ ਇੰਟਰਨ ਭੱਤਾ ?15,000 ਤੋਂ ਵਧਾ ਕੇ ?24,310 ਕਰਨ ਦੀ ਹੈ। ਉਨ੍ਹਾਂ ਕਿਹਾ ਕਿ ਗੁਆਂਢੀ ਰਾਜਾਂ ਵਿੱਚ ਇੰਟਰਨਾਂ ਨੂੰ ਬਹੁਤ ਜ਼ਿਆਦਾ ਭੱਤਾ ਮਿਲਦਾ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਮੌਜੂਦਾ ਭੱਤਾ ਯੂਨੀਵਰਸਿਟੀ ਅਤੇ ਆਈਸੀਏਆਰ ਦੁਆਰਾ ਦਿੱਤਾ ਜਾਂਦਾ ਹੈ, ਜਿਸ ਵਿੱਚ ਪੰਜਾਬ ਸਰਕਾਰ ਦਾ ਕੋਈ ਯੋਗਦਾਨ ਨਹੀਂ ਹੈ। ਵਿਦਿਆਰਥੀਆਂ ਨੇ ਸਰਜਰੀ, ਮੈਡੀਸਨ, ਗਾਇਨੀਕੋਲੋਜੀ ਅਤੇ ਗੈਰ-ਕਲੀਨਿਕਲ ਵਿਭਾਗਾਂ ਵਿੱਚ ਕੰਮ ਕਰਨ ਵਾਲੇ ਐਮ.ਵੀ.ਐਸ.ਸੀ. (ਪੋਸਟ ਗ੍ਰੈਜੂਏਟ) ਵਿਦਿਆਰਥੀਆਂ ਦੀ ਦੁਰਦਸ਼ਾ ''ਤੇ ਵੀ ਚਿੰਤਾ ਪ੍ਰਗਟ ਕੀਤੀ, ਜਿਨ੍ਹਾਂ ਨੂੰ ਕੋਈ ਵਜ਼ੀਫ਼ਾ ਨਹੀਂ ਮਿਲ ਰਿਹਾ। ਯੂਨੀਅਨ ਨੇ ਇਸਨੂੰ ਉਨ੍ਹਾਂ ਦੀ ਸਖ਼ਤ ਮਿਹਨਤ ਅਤੇ ਵੈਟਰਨਰੀ ਪੇਸ਼ੇ ਲਈ ਸਤਿਕਾਰ ਨਾਲ ਬੇਇਨਸਾਫ਼ੀ ਕਿਹਾ। ਯੂਨੀਅਨ ਨੇ ਸ਼ਾਂਤਮਈ ਰੁਖ਼ ਅਪਣਾਇਆ ਅਤੇ ਉਮੀਦ ਪ੍ਰਗਟ ਕੀਤੀ ਕਿ ਜਲਦੀ ਹੀ ਇੱਕ ਸਕਾਰਾਤਮਕ ਹੱਲ ਲੱਭ ਲਿਆ ਜਾਵੇਗਾ, ਪਰ ਚੇਤਾਵਨੀ ਦਿੱਤੀ ਕਿ ਜੇਕਰ ਮੰਗਾਂ ਨੂੰ ਹੱਲ ਕਰਨ ਲਈ ਠੋਸ ਕਾਰਵਾਈ ਨਹੀਂ ਕੀਤੀ ਗਈ, ਤਾਂ ਆਉਣ ਵਾਲੇ ਦਿਨਾਂ ਵਿੱਚ ਸੰਘਰਸ਼ ਤੇਜ਼ ਕੀਤਾ ਜਾਵੇਗਾ।